@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 26 February 2024

Punjabi National Daily

Qaumi Patrika NO.1

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸੋਮਵਾਰ 26 ਫਰਵਰੀ 2024, 11 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 87, qpatrika@gmail.com ਫੋਨ : 9971359517 www.qaumipatrika.org

## ਚੰਦੇ ਲਈ 'ਵਸੂਲੀਭਾਈ' ਵਾਂਗ ਕੰਮ ਕਰ ਰਹੀ ਹੈ ਸਰਕਾਰ : ਰਾਹੁਲ

ਨਵੀਂ ਦਿੱਲੀ, 25 ਫਰਵਰੀ। ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਨੇ ਮੋਦੀ ਸਰਕਾਰ 'ਤੇ ਚੰਦਾ ਲੈਣ ਲਈ 'ਵਸੂਲੀ ਭਾਈ' ਵਾਂਗ ਕੰਮ ਕਰਨ ਦਾ ਦੋਸ ਲਾਉਂਦੇ ਹੋਏ ਕਿਹਾ ਹੈ ਕਿ ਕੰਪਨੀਆਂ



ਨੂੰ ਏਜੰਸੀਆਂ ਦੀ ਵਰਤੋਂ ਕਰ ਕੇ ਡਰਾਇਆ-ਧਮਕਾਇਆ ਜਾ ਰਿਹਾ ਹੈ ਤੇ ਚੰਦਾ ਇਕੱਠਾ ਕੀਤਾ ਜਾ ਰਿਹਾ ਹੈ। ਗਾਂਧੀ ਨੇ ਸ਼ੁੱਕਰਵਾਰ ਕਿਹਾ ਕਿ ਕੀ ਲੋਕਾਂ ਨੂੰ ਪ੍ਰਧਾਨ ਮੰਤਰੀ ਦੀ ' ਚੰਦਾ ਦਿਓ ਤੇ ਜਮਾਨਤ ਅਤੇ ਕਾਰੋਬਾਰ ਲਓ' ਯੋਜਨਾ ਬਾਰੇ ਪਤਾ ਹੈ? 'ਵਸੂਲੀ ਭਾਈ' ਵਾਂਗ ਦੇਸ 'ਚ ਪ੍ਰਧਾਨ ਮੰਤਰੀ ਈ. ਡੀ. , ਆਈ. ਟੀ. ਅਤੇ ਸੀ. ਬੀ. ਆਈ. ਦੀ ਦੁਰਵਰਤੋਂ ਕਰ ਕੇ ' ਚੰਦੇ ਦਾ ਕਾਰੋਬਾਰ' ਕਰ ਰਹੇ ਹਨ। ਰਿਪੋਰਟਾਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਏਜੰਸੀਆਂ ਦੀ ਜਾਂਚ 'ਚ ਸਾਮਲ 30 ਕੰਪਨੀਆਂ ਨੇ ਜਾਂਚ ਦੌਰਾਨ ਭਾਜਪਾ ਨੂੰ 335 ਕਰੋੜ ਰੁਪਏ ਦਾ ਚੰਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੰਦੇ ਦਾ ਕਾਰੋਬਾਰ ਇੰਨੀ ਬੇਸਰਮੀ ਨਾਲ ਚੱਲ ਰਿਹਾ ਹੈ ਕਿ ਮੱਧ ਪ੍ਰਦੇਸ ਦੀ ਇਕ ਡਿਸਟਿਲਰੀ ਦੇ ਮਾਲਕਾਂ ਨੇ ਜਮਾਨਤ ਮਿਲਦੇ ਹੀ ਭਾਜਪਾ ਨੂੰ ਚੰਦਾ ਦੇ ਦਿੱਤਾ। ਦੋਸਤ ਦੀ ਕੰਪਨੀ ਨੂੰ ਬੇਈਮਾਨ ਨਾਲ ਫਾਇਦਾ ਤੇ ਦੂਜਿਆਂ ਲਈ ਵੱਖਰਾ ਕਾਇਦਾ ਅਤੇ ਮੋਦੀ ਰਾਜ 'ਚ ਭਾਜਪਾ ਨੂੰ ਦਿੱਤਾ ਗਿਆ ਗੈਰ-ਕਾਨੂੰਨੀ ਚੰਦਾ ਕਾਰੋਬਾਰ ਕਰਨ 'ਚ ਸੌਖ ਦੀ ਗਾਰੰਟੀ ਹਨ।

## ਕਿਸਾਨਾਂ 'ਤੇ ਹਰਿਆਣਾ ਪੁਲਸ ਦੀ ਕਾਰਵਾਈ 'ਤੇ ਕੈਪਟਨ ਅਮਰਿੰਦਰ ਦਾ ਵੱਡਾ ਬਿਆਨ

ਪਟਿਆਲਾ 25 ਫਰਵਰੀ। ਕਿਸਾਨਾਂ ਵਲੋਂ ਆਪਣੀਆਂ ਮੰਗਾਂ ਦੇ ਚੱਲਦੇ ਦਿੱਲੀ ਨੂੰ ਪਾਏ ਗਏ ਚਾਲਿਆਂ ਦੌਰਾਨ ਖਨੌਰੀ ਬਾਰਡਰ 'ਤੇ ਹਰਿਆਣਾ ਪੁਲਸ ਵੱਲੋਂ ਕਿਸਾਨਾਂ 'ਤੇ ਕੀਤੀ ਕਾਰਵਾਈ ਦੀ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਨਿੰਦਾ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਸਬੰਧੀ ਟਵੀਟ ਕਰਕੇ ਆਖਿਆ ਹੈ ਕਿ ਹਰਿਆਣਾ ਪੁਲਸ ਵੱਲੋਂ ਸਾਡੇ ਨੌਜਵਾਨ ਕਿਸਾਨ ਪ੍ਰਿਤਪਾਲ ਸਿੰਘ 'ਤੇ ਕੀਤੇ ਤਸ਼ੱਦਦ ਦੀ ਮੈਂ ਸਖਤ ਨਿੰਦਾ ਕਰਦਾ ਹਾਂ। ਕੈਪਟਨ ਨੇ ਆਖਿਆ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਨੂੰ ਬੇਨਤੀ ਹੈ ਕਿ ਕਿਸਾਨਾਂ 'ਤੇ ਤਸ਼ੱਦਦ ਕਰਨ ਵਾਲੇ ਪੁਲਸ ਮੁਲਾਜਮਾਂ ਖ਼ਿਲਾਫ ਸਖਤ ਕਾਰਵਾਈ ਕਰਨ, ਜਿਨ੍ਹਾਂ ਨੇ ਇਕ ਨਿਹੱਥੇ ਨੌਜਵਾਨ ਨੂੰ ਬੁਰੀ ਤਰ੍ਹਾਂ ਕੁੱਟਿਆ ਹੈ। ਇਹ ਨੌਜਵਾਨ ਸਿਰਫ ਲੋਕਾਂ ਨੂੰ ਲੰਗਰ ਵਰਤ ਰਿਹਾ ਸੀ। ਕੈਪਟਨ ਨੇ ਕਿਹਾ ਕਿ ਇਕ ਲੰਗਰ ਵਰਤਾ ਰਹੇ ਨਿਹੱਥੇ ਨੌਜਵਾਨ 'ਤੇ ਹਰਿਆਣਾ ਪੁਲਸ ਨੇ ਭਾਰੀ ਤਸ਼ੱਦਦ ਢਾਹਿਆ ਹੈ। ਲਿਹਾਜਾ ਹਰਿਆਣਾ ਦੇ ਮੁੱਖ ਮੰਤਰੀ ਨੂੰ ਮੁਲਜਮ ਪੁਲਸ ਮੁਲਾਜਮਾਂ ਖ਼ਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਨੂੰ ਸਮਰਪਿਤ ਕੀਤੇ 5 ਏਮਜ

**ਸਿਮੀ ਕੌਰ ਬੱਬਰ**

ਰਾਜਕੋਟ 25 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ 5 ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ (ਏਮਜ) ਸਮਰਪਿਤ ਕਰ ਦਿੱਤੇ ਹਨ। ਇਸ ਵਿਚ ਰਾਜਕੋਟ (ਗੁਜਰਾਤ), ਬਠਿੰਡਾ (ਪੰਜਾਬ), ਰਾਏਬਰੇਲੀ (ਉਤਰ ਪ੍ਰਦੇਸ਼), ਕਲਿਆਣੀ (ਪੱਛਮੀ ਬੰਗਾਲ) ਅਤੇ ਮੰਗਲਾਗਿਰੀ (ਆਂਧਰਾ ਪ੍ਰਦੇਸ਼) ਦਾ ਏਮਜ ਸ਼ਾਮਲ ਹੈ। ਇਸ ਦੌਰਾਨ ਪੀ.ਐੱਮ. ਮੋਦੀ ਨੇ ਕਈ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ। ਪੀ.ਐੱਮ. ਮੋਦੀ ਨੇ ਜਨਤਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਕ ਸਮਾਂ ਸੀ, ਜਦੋਂ ਦੇਸ਼ ਦੇ ਸਾਰੇ ਪ੍ਰਮੁੱਖ ਪ੍ਰੋਗਰਾਮ ਦਿੱਲੀ 'ਚ ਹੀ ਹੋ ਕੇ ਰਹਿ ਜਾਂਦੇ ਸਨ। ਮੈਂ ਭਾਰਤ ਸਰਕਾਰ ਨੂੰ ਦਿੱਤੀ ਤੋਂ ਬਾਹਰ ਕੱਢ ਕੇ ਦੇਸ਼ ਦੇ ਕੋਨੇ-ਕੋਨੇ 'ਚ ਪਹੁੰਚਾ ਦਿੱਤਾ। ਅੱਜ ਦਾ ਇਹ ਪ੍ਰੋਗਰਾਮ ਵੀ ਇਸੇ ਗੱਲ ਦਾ ਗਵਾਹ ਹੈ। ਅੱਜ ਇਸ ਇਕ



ਪ੍ਰੋਗਰਾਮ ਰਾਹੀਂ ਦੇਸ਼ ਦੇ ਅਨੇਕਾਂ ਸ਼ਹਿਰਾਂ 'ਚ ਵਿਕਾਸ ਕੰਮਾਂ ਦਾ ਉਦਘਾਟਨ ਹੋਣਾ ਅਤੇ ਨੀਂਹ ਪੱਥਰ ਰੱਖਿਆ ਜਾਣਾ, ਇਕ ਨਵੀਂ ਪਰੰਪਰਾ ਨੂੰ ਅੱਗੇ ਵਧਾ ਰਿਹਾ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਮੇਰੀ ਜ਼ਿੰਦਗੀ ਦਾ ਕੱਲ੍ਹ ਇਕ ਖਾਸ ਦਿਨ ਸੀ। ਮੇਰੀ ਚੋਣ ਯਾਤਰਾ ਦੀ ਸ਼ੁਰੂਆਤ ਵਿੱਚ ਰਾਜਕੋਟ ਦੀ ਵੱਡੀ ਭੂਮਿਕਾ ਹੈ। 22 ਸਾਲ ਪਹਿਲਾਂ 24 ਫਰਵਰੀ ਨੂੰ ਰਾਜਕੋਟ ਨੇ ਮੈਨੂੰ ਪਹਿਲੀ ਵਾਰ ਆਸੀਰਵਾਦ ਦਿੱਤਾ ਸੀ, ਆਪਣਾ ਵਿਧਾਇਕ ਚੁਣਿਆ ਅਤੇ ਅੱਜ 25 ਫਰਵਰੀ ਦੇ ਦਿਨ ਪਹਿਲੀ ਵਾਰ ਮੈਂ ਗਾਂਧੀਨਗਰ ਵਿਧਾਨ ਸਭਾ ਵਿੱਚ ਰਾਜਕੋਟ ਤੋਂ ਵਿਧਾਇਕ ਵਜੋਂ ਸਹੁੰ ਚੁੱਕੀ ਸੀ। ਇਸ ਤੋਂ ਪਹਿਲਾਂ ਪੀ.ਐੱਮ. ਮੋਦੀ ਨੇ ਗੁਜਰਾਤ ਦੇ ਰਾਜਕੋਟ ਵਿੱਚ ਰੋਡ ਸੋਅ ਕੀਤਾ। ਲੋਕਾਂ ਨੇ ਪ੍ਰਧਾਨ ਮੰਤਰੀ 'ਤੇ ਫੁੱਲਾਂ ਦੀ ਵਰਖਾ ਕੀਤੀ, ਉਨ੍ਹਾਂ ਨੇ ਸਮਾਗਮ ਵਾਲੀ ਥਾਂ 'ਤੇ ਜਾਂਦੇ ਹੋਏ ਹੱਥ ਹਿਲਾ ਕੇ ਸਮਰਥਕਾਂ ਦਾ ਸਵਾਗਤ ਕੀਤਾ। ਵੱਡੀ ਗਿਣਤੀ 'ਚ ਲੋਕ ਸੜਕ ਦੇ ਦੋਵੇਂ ਪਾਸੇ ਖੜ੍ਹੇ ਹੋ ਕੇ 'ਮੋਦੀ, ਮੋਦੀ' ਦੇ ਨਾਅਰੇ ਲਗਾ ਰਹੇ ਸਨ।

## ਹਰਿਆਣਾ ਦੇ ਬਜਟ 'ਚ ਕਿਸਾਨਾਂ ਲਈ ਵੱਡੀ ਸੌਗਾਤ

ਹਰਿਆਣਾ 25 ਫਰਵਰੀ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਵਿੱਤ ਸਾਲ 2024-25 ਲਈ 1.89 ਲੱਖ ਕਰੋੜ ਦਾ ਬਜਟ ਸ਼ੁੱਕਰਵਾਰ ਨੂੰ ਪੇਸ਼ ਕੀਤਾ। ਇਹ ਪਿਛਲੇ ਵਿੱਤ ਸਾਲ ਤੋਂ 11 ਫੀਸਦੀ ਵੱਧ ਹੈ। ਖੱਟੜ ਰਾਜ ਦੇ ਵਿੱਤ ਮੰਤਰੀ ਵੀ ਹਨ। ਉਨ੍ਹਾਂ ਕਿਹਾ,"2024-25 ਲਈ ਮੈਂ 1,89,876.61 ਕਰੋੜ ਰੁਪਏ ਦਾ ਬਜਟ ਪ੍ਰਸਤਾਵਿਤ ਕਰਦਾ ਹਾਂ ਜੋ 2023-24 ਦੇ 1,70,490.84 ਕਰੋੜ ਰੁਪਏ (ਸੋਧ ਅਨੁਮਾਨ) ਤੋਂ 11.37 ਫੀਸਦੀ ਵੱਧ ਹੈ।" ਭਾਰਤੀ ਜਨਤਾ ਪਾਰਟੀ-ਜਨਨਾਇਕ ਜਨਤਾ ਪਾਰਟੀ ਦੀ ਅਗਵਾਈ ਵਾਲੀ ਰਾਜ ਸਰਕਾਰ ਦਾ ਇਹ 5ਵਾਂ ਬਜਟ ਹੈ। ਬਜਟ ਪੇਸ਼ ਕਰਦੇ ਹੋਏ ਖੱਟੜ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕਿਸਾਨਾਂ ਦੇ ਕਲਿਆਣ ਲਈ ਕਈ ਕਦਮ ਚੁੱਕੇ ਹਨ। ਉਨ੍ਹਾਂ ਦੀ ਸਰਕਾਰ 14 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇ ਰਹੀ ਹੈ। ਸੀ.ਐੱਮ. ਖੱਟੜ ਨੇ ਹਰਿਆਣਾ ਦੇ 5 ਲੱਖ 47 ਹਜਾਰ ਕਿਸਾਨਾਂ ਦੇ ਕਰਜ ਦਾ ਵਿਆਜ ਮੁਆਫ ਕਰਨ ਦਾ ਐਲਾਨ ਕੀਤਾ ਹੈ। ਖੱਟੜ ਨੇ ਕਿਹਾ ਕਿ ਮੈਂ ਕਿਸਾਨ ਦਾ ਪੁੱਤ ਹਾਂ, ਦਰਦ ਸਮਝਦਾ ਹਾਂ। ਮੈਂ ਖੁਦ ਹੱਲ ਚਲਾਇਆ ਹੈ ਅਤੇ ਖੇਤੀ ਕੀਤੀ ਹੈ। ਖੱਟੜ ਨੇ ਐਲਾਨ ਕਰਦੇ ਹੋਏ ਕਿਹਾ ਕਿ ਯੁੱਧ 'ਚ ਸ਼ਹੀਦ ਹੋਏ ਫੌਜੀਆਂ ਦੇ ਪਰਿਵਾਰਾਂ ਲਈ ਦਿੱਤੀ ਜਾ ਰਹੀ 50 ਲੱਖ ਰੁਪਏ ਦੀ ਮੁਆਵਜਾ ਰਾਸ਼ੀ ਵਧਾ ਕੇ 1 ਕਰੋੜ ਰੁਪਏ ਕੀਤੀ ਜਾਵੇਗੀ। ਸ਼ਹੀਦ ਫੌਜੀ ਭਾਵੇਂ ਉਹ ਕਿਸੇ ਵੀ ਰੱਖਿਆ ਸੇਵਾ ਜਾਂ ਕੇਂਦਰੀ ਹਥਿਆਰਬੰਦ ਪੁਲਸ ਫੋਰਸ ਦੇ ਹੋਣ। ਮੁੱਖ ਮੰਤਰੀ ਨੇ ਦੱਸਿਆ ਕਿ ਜਨਤਕ ਵੰਡ ਪ੍ਰਣਾਲੀ ਦੇ ਅਧੀਨ ਲਾਭਪਾਤਰੀ ਪਰਿਵਾਰਾਂ ਦੀ ਗਿਣਤੀ ਦਸੰਬਰ 2022 'ਚ 26 ਲੱਖ ਸੀ, ਜੋ ਹੁਣ ਵੱਧ ਕੇ 44 ਲੱਖ ਤੋਂ ਵੱਧ ਹੋਈ ਹੈ। ਨਿਰਮਾਣ ਮਜਦੂਰਾਂ ਦੀਆਂ ਧੀਆਂ ਨੂੰ ਉੱਚ ਸਿੱਖਿਆ ਦਿਵਾਉਣ ਲਈ 50 ਹਜਾਰ ਰੁਪਏ ਵਿੱਤੀ ਮਦਦ ਜਾਂ ਇਲੈਕਟ੍ਰਿਕ ਸਕੂਟਰ ਦੀ ਅਸਲ ਐਕਸ-ਸ਼ੋਅਰੂਮ ਕੀਮਤ, ਜੋ ਵੀ ਘੱਟ ਹੋਵੇ, ਉਸ 'ਤੇ ਇਲੈਕਟ੍ਰਿਕ ਸਕੂਟਰ ਉਪਲੱਬਧ ਕਰਨ ਦੀ ਯੋਜਨਾ ਸ਼ੁਰੂ ਕੀਤੀ ਹੈ।

# ਕਿਸਾਨਾਂ ਦੀ ਮੰਗਾਂ ਨਾਲ ਮਜਬੂਤੀ ਨਾਲ ਖੜ੍ਹੀ ਹੈ ਪੰਜਾਬ ਸਰਕਾਰ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 25 ਫਰਵਰੀ। ਹਰਿਆਣਾ ਸਰਹੱਦ 'ਤੇ ਪ੍ਰਦਰਸਨ ਕਰ ਰਹੇ ਕਿਸਾਨਾਂ ਨੂੰ ਪੰਜਾਬ ਸਰਕਾਰ ਐਮਰਜੈਂਸੀ ਸਹੂਲਤਾਵਾਂ ਦੇ ਰਹੀ ਹੈ। ਸੰਭੂ ਅਤੇ ਖਨੌਰੀ ਬਾਰਡਰ 'ਤੇ ਸਥਿਤੀ 'ਤੇ ਕਾਬੂ ਪਾਉਣ ਅਤੇ ਕਿਸਾਨਾਂ ਨੂੰ ਸਰੀਰਕ ਨੁਕਸਾਨ ਤੋਂ ਬਚਾਉਣ ਲਈ ਸਰਕਾਰ ਵੱਲੋਂ ਵੱਡੀ ਗਿਣਤੀ 'ਚ ਰੋਡ ਸੇਫਟੀ ਫੋਰਸ (ਐੱਸ. ਐੱਸ. ਐੱਫ.) ਦੀਆਂ ਗੱਡੀਆਂ ਅਤੇ ਐਂਬੂਲੈਂਸ ਵੈਨਾਂ ਤਾਇਨਾਤ ਕੀਤੀਆਂ ਗਈਆਂ ਹਨ। ਸਿਹਤ ਵਿਭਾਗ ਨੇ ਹਰਿਆਣਾ ਦੀ ਸਰਹੱਦ ਨਾਲ ਲੱਗਦੇ ਸਾਰੇ ਹਸਪਤਾਲਾਂ ਨੂੰ ਅਲਰਟ 'ਤੇ ਰਹਿਣ ਦੇ ਨਿਰਦੇਸ ਦਿੱਤੇ ਹਨ। ਸਰਕਾਰ ਨੇ ਸਾਰੇ ਹਸਪਤਾਲਾਂ ਦੇ ਡਾਕਟਰਾਂ ਅਤੇ ਹੋਰ ਸਿਹਤ ਕਰਮਚਾਰੀਆਂ ਨੂੰ ਹਾਜਰ ਰਹਿਣ ਲਈ ਕਿਹਾ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਪਾਣੀ ਦੇ ਟੈਂਕਰਾਂ ਅਤੇ ਪਖਾਨਿਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਬੁੱਧਵਾਰ ਨੂੰ ਕਈ ਹਸਪਤਾਲਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜਾ ਲਿਆ। ਸਿਹਤ ਮੰਤਰੀ ਨੇ ਕਿਹਾ ਹੈ ਕਿ ਅਸੀਂ ਹਰਿਆਣਾ ਦੇ ਨਾਲ ਲੱਗਦੇ ਮੋਹਾਲੀ, ਪਟਿਆਲਾ, ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੇ ਸਰਕਾਰੀ ਹਸਪਤਾਲਾਂ 'ਚ ਮੁਕੰਮਲ ਪ੍ਰਬੰਧ ਕੀਤੇ ਹੋਏ ਹਨ। ਕਈ ਐਂਬੂਲੈਂਸਾਂ ਨੂੰ ਵੀ ਵਿਸੇਸ ਡਿਊਟੀ 'ਤੇ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਸ਼੍ਰੀ ਫਤਿਹਗੜ੍ਹ ਸਾਹਿਬ, ਲੁਧਿਆਣਾ ਅਤੇ ਮੋਗਾ ਜ਼ਿਲ੍ਹਿਆਂ ਦੇ ਹਸਪਤਾਲਾਂ ਨੂੰ ਬੈਕਅੱਪ ਸਹਾਇਤਾ ਲਈ ਰੱਖਿਆ ਗਿਆ ਹੈ। ਸਿਹਤ ਮੰਤਰੀ ਨੇ ਹਰਿਆਣਾ ਸਰਕਾਰ ਅਤੇ ਹਰਿਆਣਾ ਪੁਲਸ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦੇ ਖ਼ਿਲਾਫ ਅੱਥਰੂ ਗੈਸ ਦੇ ਗੋਲੇ, ਰਬੜ ਅਤੇ ਪਲਾਸਟਿਕ ਦੀਆਂ ਗੋਲੀਆਂ ਅਤੇ ਹੋਰ ਕਿਸੇ ਵੀ ਚੀਜ ਦੀ ਵਰਤੋਂ ਨਾ ਕਰਨ ਜੋ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੀ ਹੋਵੇ। ਹਰਿਆਣਾ ਸਰਕਾਰ ਨੂੰ ਕਿਸਾਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ 'ਤੇ ਜੁਲਮ ਕਰਨ ਤੋਂ ਬਚਣਾ ਚਾਹੀਦਾ ਹੈ। ਮੰਤਰੀ ਨੇ ਕਿਹਾ ਕਿ ਜਿਸ ਦਿਨ ਇਹ ਅੰਦੋਲਨ ਸ਼ੁਰੂ ਹੋਇਆ, ਉਸ ਦਿਨ ਕਈ ਲੋਕਾਂ ਦੀਆਂ ਅੱਖਾਂ ਦੀ ਰੌਸਨੀ ਚਲੀ ਗਈ ਜਾਂ ਉਨ੍ਹਾਂ ਦੀਆਂ ਅੱਖਾਂ ਬੁਰੀ ਤਰ੍ਹਾਂ ਖਰਾਬ ਹੋ ਗਈਆਂ। ਮੈਨੂੰ ਉਮੀਦ ਹੈ ਕਿ ਅੱਜ ਅਜਿਹੇ ਹਾਲਾਤ ਪੈਦਾ ਨਹੀਂ ਹੋਣਗੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਧਰਨੇ ਦੌਰਾਨ ਸਾਂਤੀ ਬਣਾਈ ਰੱਖਣ ਅਤੇ ਸਰਕਾਰ ਨੂੰ ਜਮਹੂਰੀ ਢੰਗ ਨਾਲ ਆਪਣੀਆਂ ਮੰਗਾਂ ਪੂਰੀਆਂ ਕਰਨ ਲਈ ਮਜਬੂਰ ਕਰਨ।

## ਕਾਸਗੰਜ ਹਾਦਸਾ: 24 ਮ੍ਰਿਤਕਾਂ 'ਚ ਸ਼ਾਮਲ 10 ਇਕੋ ਪਰਿਵਾਰ ਦੇ

ਲਖਨਊ/ਏਟਾ 25 ਫਰਵਰੀ। ਏਟਾ ਜ਼ਿਲ੍ਹੇ ਦੇ ਨਗਲਾ ਕਸਾ ਪਿੰਡ ਤੋਂ ਗੰਗਾ ਇਸਨਾਨ ਲਈ ਟਰੈਕਟਰ ਟਰਾਲੀ ਰਾਹੀਂ ਕਾਸਗੰਜ ਜ਼ਿਲੇ ਦੇ ਪਟਿਆਲੀ ਖੇਤਰ ਵੱਲ ਜਾ ਰਹੇ ਜਿਨ੍ਹਾਂ 24 ਵਿਅਕਤੀਆਂ ਦੀ ਸਨੀਵਾਰ ਡੁੱਬਣ ਨਾਲ ਮੌਤ ਹੋ ਗਈ ਸੀ, ਉਨ੍ਹਾਂ 'ਚੋਂ 10 ਇਕੋ ਪਰਿਵਾਰ ਦੇ ਸਨ। ਐਤਵਾਰ ਮ੍ਰਿਤਕਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਨਗਲਾ ਕਸਾ ਦੇ ਵਾਸੀ ਡੇਢ ਸਾਲਾ ਸਿੱਧੂ ਦੇ ਮੁੰਡਨ ਸੰਸਕਾਰ ਅਤੇ ਗੰਗਾ ਨਦੀ ਵਿਚ ਡੁੱਬਕੀ ਲਾਉਣ ਲਈ ਲੋਕ ਗੰਗਾ ਨਦੀ ਦੇ ਘਾਟ 'ਤੇ ਜਾ ਰਹੇ ਸਨ ਪਰ ਇਸ ਦੌਰਾਨ ਟਰੈਕਟਰ-ਟਰਾਲੀ ਪਲਟ ਕੇ ਤਾਲਾਬ ਵਿਚ ਡਿੱਗ ਗਈ। ਇਸ ਹਾਦਸੇ ਵਿਚ ਸਿੱਧੂ ਦੇ ਪਰਿਵਾਰ ਦੇ 10 ਲੋਕਾਂ ਸਮੇਤ 24 ਲੋਕਾਂ ਦੀ ਜਾਨ ਚੱਲੀ ਗਈ। ਸ਼ਨੀਵਾਰ ਸਵੇਰੇ ਵਾਪਰੇ ਇਸ ਹਾਦਸੇ ਵਿਚ ਜਾਨ ਗੁਆਉਣ ਵਾਲਿਆਂ ਵਿਚ 8 ਬੱਚੇ ਅਤੇ 14 ਔਰਤਾਂ ਵੀ ਸ਼ਾਮਲ ਹਨ। ਉੱਤਰ ਪ੍ਰਦੇਸ ਦੇ ਗੰਨਾ ਮੰਤਰੀ ਲਕਸਮੀ ਨਾਰਾਇਣ ਚੌਧਰੀ ਨੇ ਪਿੰਡ ਨਗਲਾ ਕਸਾ ਦਾ ਦੌਰਾ ਕਰ ਕੇ ਜਾਨੀ ਨੁਕਸਾਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੱਸਿਆ ਕਿ ਇਕ ਬੱਚੇ ਦਾ ਮੁੰਡਨ ਸਮਾਰੋਹ ਸੀ। ਉਸ ਦਾ ਪਰਿਵਾਰ ਹੋਰਨਾਂ ਨਾਲ ਇਕ ਟਰੈਕਟਰ ਟਰਾਲੀ 'ਚ ਕਾਸਗੰਜ ਜਾ ਰਿਹਾ ਸੀ। ਬਦਕਿਸਮਤੀ ਨਾਲ ਜੋ ਕਿ ਹਾਦਸੇ ਦਾ ਸ਼ਿਕਾਰ ਹੋ ਗਈ। ਇਹ ਟਰੈਕਟਰ ਕਿਸੇ ਹੋਰ ਦਾ ਸੀ। ਜਿਵੇਂ ਹੀ ਟਰੈਕਟਰ ਕਾਸਗੰਜ ਵੱਲ ਵਧਿਆ ਹੋਰ ਲੋਕ ਵੀ ਟਰੈਕਟਰ ਵਿਚ ਸਵਾਰ ਹੋਣ ਲੱਗੇ।

## ਉੱਤਰ ਪ੍ਰਦੇਸ਼ ਪੁਲਸ ਕਾਂਸਟੇਬਲ ਭਰਤੀ ਪ੍ਰੀਖਿਆ ਕੀਤੀ ਰੱਦ

ਲਖਨਊ 25 ਫਰਵਰੀ। ਉੱਤਰ ਪ੍ਰਦੇਸ਼ ਸਰਕਾਰ ਨੇ ਸ਼ਨੀਵਾਰ ਨੂੰ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ 'ਚ 17 ਅਤੇ 18 ਫਰਵਰੀ ਨੂੰ ਹੋਈ ਪੁਲਸ ਭਰਤੀ ਪ੍ਰੀਖਿਆ ਨੂੰ ਰੱਦ ਕਰ ਦਿੱਤਾ ਹੈ ਅਤੇ 6 ਮਹੀਨਿਆਂ ਅੰਦਰ ਮੁੜ ਪ੍ਰੀਖਿਆ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸ਼ਨੀਵਾਰ ਨੂੰ ਇਹ ਫੈਸਲਾ ਕੀਤਾ। ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਉੱਤਰ ਪ੍ਰਦੇਸ਼ ਪੁਲਸ ਕਾਂਸਟੇਬਲ (ਸਿਪਾਹੀ) ਦੇ ਅਹੁਦਿਆਂ 'ਤੇ ਚੋਣ ਲਈ ਆਯੋਜਿਤ ਭਰਤੀ ਪ੍ਰੀਖਿਆ-2023 ਨੂੰ ਰੱਦ ਕਰਨ ਅਤੇ ਆਉਣ ਵਾਲੇ 6 ਮਹੀਨਿਆਂ ਦੇ ਅੰਦਰ ਹੀ ਮੁੜ ਪ੍ਰੀਖਿਆ ਕਰਵਾਉਣ ਦੇ ਆਦੇਸ਼ ਦਿੱਤੇ ਗਏ ਹਨ।" ਇਸੇ ਸੰਦੇਸ਼ 'ਚ ਉਨ੍ਹਾਂ ਕਿਹਾ ਕਿ ਪ੍ਰੀਖਿਆ ਦੀ ਪਵਿੱਤਰਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਨੌਜਵਾਨਾਂ ਦੀ ਮਿਹਨਤ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਕੀਮਤ 'ਤੇ ਬਖਸ਼ੇ ਨਹੀਂ ਜਾਣਗੇ। ਅਜਿਹੇ ਅਨਸਰਾਂ ਖ਼ਿਲਾਫ ਸਖਤ ਕਾਰਵਾਈ ਹੋਣੀ ਤੈਅ ਹੈ।" ਇਸ ਵਿਚ ਮੁੱਖ ਮੰਤਰੀ ਦੇ ਇਕ ਸਹਿਯੋਗੀ ਨੇ ਦੱਸਿਆ ਕਿ ਪ੍ਰੀਖਿਆ ਦੀ ਪ੍ਰਾਇਵੇਸੀ ਭੰਗ ਕਰਨ ਵਾਲੇ ਉੱਤਰ ਪ੍ਰਦੇਸ਼ ਪੁਲਸ ਦੀ ਵਿਸ਼ੇਸ਼ ਕਾਰਜ ਫੋਰਸ (ਐੱਸ.ਟੀ.ਐੱਫ.) ਦੇ 'ਰਡਾਰ' 'ਤੇ ਹਨ ਅਤੇ ਹੁਣ ਤੱਕ ਕਈ ਦੋਸ਼ੀਆਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ। ਪੁਲਸ ਭਰਤੀ



ਪ੍ਰੀਖਿਆ ਦਾ ਪ੍ਰਸ਼ਨ ਪੱਤਰ ਕਥਿਤ ਤੌਰ 'ਤੇ ਲੀਕ ਹੋਣ ਦੇ ਵਿਰੋਧ 'ਚ ਪ੍ਰਤੀਯੋਗੀ ਵਿਦਿਆਰਥੀਆਂ ਦਾ ਅੰਦੋਲਨ ਪ੍ਰਯਾਗਰਾਜ ਸਥਿਤ ਉੱਤਰ ਪ੍ਰਦੇਸ਼ ਲੋਕ ਸੇਵਾ ਕਮਿਸ਼ਨ ਦੇ ਪ੍ਰਵੇਸ਼ ਦੁਆਰ ਦੇ ਸਾਹਮਣੇ ਤੋਂ ਲੈ ਕੇ ਪ੍ਰਦੇਸ਼ ਦੇ ਵੱਖ-ਵੱਖ ਸਥਾਨਾਂ 'ਤੇ ਸ਼ੁੱਕਰਵਾਰ ਨੂੰ ਜਾਰੀ ਰਿਹਾ।

## ਪਬਲਿਕ ਟਰਾਂਸਪੋਰਟ 'ਤੇ ਸਫਰ ਕਰਨਾ ਹੁਣ ਹੋਵੇਗਾ ਹੋਰ ਵੀ ਆਸਾਨ

ਨਵੀਂ ਦਿੱਲੀ 25 ਫਰਵਰੀ। ਪਬਲਿਕ ਟਰਾਂਸਪੋਰਟ ਜਰੀਏ ਸਫਰ ਕਰਨ ਵਾਲੇ ਯਾਤਰੀਆਂ ਲਈ ਖੁਸਖਬਰੀ ਹੈ। ਹੁਣ ਉਹ ਆਸਾਨੀ ਨਾਲ ਰੇਲ, ਮੈਟਰੋ, ਬੱਸ, ਟੋਲ, ਪਾਰਕਿੰਗ ਆਦਿ ਦਾ ਭੁਗਤਾਨ ਕਰ ਸਕਣਗੇ। ਦਰਅਸਲ, ਭਾਰਤੀ ਰਿਜਰਵ ਬੈਂਕ ਨੇ ਬੈਂਕਾਂ ਅਤੇ ਨੂੰ ਵੱਖ-ਵੱਖ ਜਨਤਕ ਆਵਾਜਾਈ ਪ੍ਰਣਾਲੀਆਂ ਲਈ ਭੁਗਤਾਨ ਲਈ ਪ੍ਰੀਪੇਡ ਭੁਗਤਾਨ ਯੰਤਰ () ਜਾਰੀ ਕਰਨ ਦੀ ਇਜਾਜਤ ਦਿੱਤੀ ਹੈ। ਅਧੀਨ ਭੁਗਤਾਨ ਪਹਿਲਾਂ ਹੀ ਕਰ ਦਿੱਤਾ ਜਾਂਦਾ ਹੈ। ਇਸ ਵਿਵਸਥਾ ਦੇ ਆਉਣ ਨਾਲ ਯਾਤਰੀਆਂ ਕੋਲ ਨਕਦ ਭੁਗਤਾਨ ਤੋਂ ਇਲਾਵਾ ਕਿਰਾਏ ਦਾ ਭੁਗਤਾਨ ਕਰਨ ਦੇ ਹੋਰ ਵਿਕਲਪ ਹੋਣਗੇ। ਆਰਬੀਆਈ ਨੇ ਇੱਕ ਨੋਟੀਫਿਕੇਸਨ ਵਿੱਚ ਕਿਹਾ ਕਿ ਇਹ ਮਾਧਿਅਮ ਯਾਤਰੀਆਂ ਨੂੰ ਆਵਾਜਾਈ ਸੇਵਾਵਾਂ ਲਈ ਸੁਰੱਖਿਅਤ, ਸੁਵਿਧਾਜਨਕ ਅਤੇ ਤੇਜ ਡਿਜੀਟਲ ਭੁਗਤਾਨ ਕਰਨ ਵਿੱਚ ਸਹੂਲਤ ਦੇਵੇਗਾ। ਨੋਟੀਫਿਕੇਸਨ ਵਿੱਚ ਕਿਹਾ ਗਿਆ ਹੈ ਕਿ ਦੇਸ ਭਰ ਵਿੱਚ ਜਨਤਕ ਆਵਾਜਾਈ ਪ੍ਰਣਾਲੀ ਹਰ ਰੋਜ ਵੱਡੀ ਗਿਣਤੀ ਵਿੱਚ ਯਾਤਰੀਆਂ ਨੂੰ ਸੇਵਾ ਦਿੰਦੀਆਂ ਹਨ।

# ਚੀਨ-ਭਾਰਤ ਸਬੰਧਾਂ 'ਚ ਸੰਤੁਲਨ ਕਾਇਮ ਰੱਖਣਾ ਵੱਡੀ ਚੁਣੌਤੀ : ਜੈਸੰਕਰ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 25 ਫਰਵਰੀ। ਵਿਦੇਸ ਮੰਤਰੀ ਐੱਸ. ਜੈਸੰਕਰ ਨੇ ਕਿਹਾ ਹੈ ਕਿ ਭਾਰਤ-ਚੀਨ ਸਬੰਧਾਂ ਲਈ ਸੰਤੁਲਨ ਦੀ ਸਥਿਤੀ 'ਤੇ ਪਹੁੰਚਣਾ ਅਤੇ ਇਸ ਨੂੰ ਬਣਾਈ ਰੱਖਣਾ ਵੱਡੀ ਚੁਣੌਤੀ ਹੈ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਤੁਰੰਤ ਮੁੱਦਾ ਬੀਜਿੰਗ ਵਲੋਂ ਨਿਰਧਾਰਤ ਨਿਯਮਾਂ ਦੀ ਪਾਲਣਾ ਨਾ ਕਰਨਾ ਹੈ ਜਿਸ ਕਾਰਨ ਪੂਰਬੀ ਲੱਦਾਖ 'ਚ ਸਰਹੱਦੀ ਵਿਵਾਦ ਪੈਦਾ ਹੋਇਆ। 'ਰਾਇਸੀਨਾ ਡਾਇਲਾਗ' ਦੇ ਇੱਕ ਚਰਚਾ ਸੈਸਨ 'ਚ ਜੈਸੰਕਰ ਨੇ ਸੁੱਕਰਵਾਰ ਦੁਵੱਲੇ ਢਾਂਚੇ ਅਧੀਨ ਮੁੱਦਿਆਂ ਨੂੰ ਰੋਕਣ ਲਈ ਚੀਨ ਦੀਆਂ ਚਾਲਾਂ ਵਿਰੁੱਧ ਚੌਕਸ ਕੀਤਾ ਅਤੇ ਕਿਹਾ ਕਿ ਭਾਰਤ ਨੂੰ ਸੰਤੁਲਨ ਸਥਿਤੀ 'ਤੇ ਬਿਹਤਰ ਸਰਤਾਂ ਹਾਸਲ ਕਰਨ ਲਈ ਹੋਰ ਕਾਰਕਾਂ ਦੀ ਵਰਤੋਂ ਕਰਨ ਦੇ ਆਪਣੇ ਅਧਿਕਾਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਆਰਥਿਕ ਮੋਰਚੇ 'ਤੇ ਵਿਦੇਸ ਮੰਤਰੀ ਨੇ ਕਿਹਾ ਕਿ ਇਕ ਸਮਾਂ ਆਏਗਾ ਜਦੋਂ



ਚੀਨ ਦੀ ਅਰਥਵਿਵਸਥਾ ਨਹੀਂ ਵਧੇਗੀ ਤੇ ਭਾਰਤ ਦੀ ਅਰਥਵਿਵਸਥਾ ਵਧੇਗੀ। ਉਨ੍ਹਾਂ ਗਲੋਬਲ ਰੇਟਿੰਗ ਏਜੰਸੀ ਗੋਲਡਮੈਨ ਸਾਕਸ ਦੇ ਅਨੁਮਾਨਾਂ ਦਾ ਹਵਾਲਾ ਦਿੱਤਾ, ਜਿਸ ਅਨੁਸਾਰ ਦੋਵੇਂ ਦੇਸ 2075 ਤੱਕ 50 ਟ੍ਰਿਲੀਅਨ ਡਾਲਰ ਤੋਂ ਵੱਧ ਦੀ ਅਰਥਵਿਵਸਥਾ ਬਣ ਜਾਣਗੇ। ਜੈਸੰਕਰ ਨੇ ਕਿਹਾ ਕਿ ਭਾਰਤ ਨੂੰ ਸਰਵੋਤਮ ਸੰਭਾਵਿਤ ਨਤੀਜੇ ਹਾਸਲ ਕਰਨ ਲਈ ਅੰਤਰਰਾਸਟਰੀ ਪ੍ਰਣਾਲੀ ਦੀ ਵਰਤੋਂ ਕਰਨ ਲਈ ਕਾਫੀ ਆਤਮਵਿਸਵਾਸ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਚੀਨ ਅਤੇ ਭਾਰਤ ਵਿਚਾਲੇ ਕੋਈ ਹੱਲ ਹੈ ਅਤੇ ਕੀ ਦੋਵੇਂ ਦੇਸ ਆਖਰਕਾਰ ਆਪਣੇ ਖੜੋਤ ਵਾਲੇ ਸਬੰਧਾਂ ਵਿੱਚ ਸੰਤੁਲਨ ਦੀ ਸਥਿਤੀ ਲਿਆ ਸਕਣਗੇ? ਉਨ੍ਹਾਂ ਕਿਹਾ ਕਿ 'ਇੱਥੇ ਇੱਕ ਤੁਰੰਤ ਮੁੱਦਾ ਹੈ। 1980 ਦੇ ਦਹਾਕੇ ਦੇ ਅਖੀਰ ਤੋਂ ਸਾਡੇ ਦਰਮਿਆਨ ਸਰਹੱਦੀ ਮੁੱਦੇ 'ਤੇ ਖਾਸ ਤੌਰ 'ਤੇ ਇੱਕ ਤਾਲਮੇਲ ਸੀ ਕਿਉਂਕਿ ਇਹ ਸਾਡੇ ਦੋਵਾਂ ਲਈ ਢੁਕਵਾਂ ਸੀ। ਹੁਣ ਕਰੀਬ 30 ਸਾਲਾਂ ਬਾਅਦ ਇਸ ਤੋਂ ਭਟਕਣ ਵਾਲਾ ਦੌਰ ਸ਼ੁਰੂ ਹੋ ਗਿਆ ਹੈ।




# ਮਾਲੇਰਕੋਟਲਾ ’ਚ ਪੁਲਸ ਦੀ ਵੱਡੀ ਕਾਰਵਾਈ, 41 ਮੁਲਜ਼ਮ ਕੀਤੇ ਗ੍ਰਿਫ਼ਤਾਰ

ਮਲੇਰਕੋਟਲਾ 25 ਫਰਵਰੀ। ਮਾਲੇਰਕੋਟਲਾ ਪੁਲਸ ਨੇ ਅੱਜ ਵੱਡੀ ਕਾਰਵਾਈ ਕਰਦੇ ਹੋਏ ਲੋੜੀਂਦੇ ਅਪਰਾਧੀਆਂ ਨੂੰ ਫੜਨ ਲਈ ਸਵੇਰੇ-ਸਵੇਰੇ ਵੱਡੇ ਪੱਧਰ ’ਤੇ ਛਾਪੇ ਮਾਰੀ ਮੁਹਿੰਮ ਚਲਾਈ। ਇਸ ਦੌਰਾਨ ਪੁਲਸ ਵਲੋਂ 100 ਤੋਂ ਵੱਧ ਥਾਵਾਂ ’ਤੇ ਛਾਪੇਮਾਰੀ ਕਰਕੇ 41 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜੋ ਗ੍ਰਿਫ਼ਤਾਰੀ ਤੋਂ ਬਚ ਰਹੇ ਸਨ। ਜ਼ਿਲ੍ਹੇ ਦੀਆਂ ਸਾਰੀਆਂ ਪੁਲਸ ਸਬ-ਡਵੀਜ਼ਨਾਂ ਵਿਚ ਡੀ. ਐੱਸ. ਪੀਜ਼ ਅਤੇ ਐੱਸ.ਐੱਚ. ਓਜ਼. ਦੀ ਅਗਵਾਈ ਵਿਚ ਟੀਮਾਂ ਵੱਲੋਂ ਸਵੇਰੇ ਤੜਕੇ ਤੋਂ ਹੀ ਵਿਆਪਕ ਛਾਪੇਮਾਰੀ ਕੀਤੀ ਗਈ। ਇਸ ਕਾਰਵਾਈ ਦੀ ਜਾਣਕਾਰੀ ਦਿੰਦੇ ਹੋਏ ਸੀਨੀਅਰ ਕਪਤਾਨ ਪੁਲਸ ਮਾਲੇਰਕੋਟਲਾ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਮਾਲੇਰਕੋਟਲਾ ਨੂੰ ਅਪਰਾਧ ਮੁਕਤ ਜ਼ਿਲ੍ਹਾ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਅੱਜ ਅਸੀਂ 41 ਲੋੜੀਂਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿ 56 ਵੱਖ-ਵੱਖ ਮਾਮਲਿਆਂ ਵਿਚ ਨਾਮਜ਼ਦ ਸਨ। ਗ੍ਰਿਫਤਾਰ ਕੀਤੇ ਗਏ 41 ਵਿਅਕਤੀਆਂ ਵਿਚੋਂ 15 ਪਹਿਲਾਂ ਹੀ ਲੰਬਿਤ ਵਾਰੰਟਾਂ ਨਾਲ ਪੁਲਸ ਨੂੰ ਲੋੜੀਂਦੇ ਸਨ, 9 ਇਸ ਸਮੇਂ ਜੇਲ੍ਹ ਵਿਚ ਸਜ਼ਾ ਕੱਟ ਰਹੇ ਸਨ, 1 ਮੁਲਜ਼ਮ ਦੀ ਪਹਿਲਾਂ ਮੌਤ ਹੋ ਗਈ ਸੀ ਅਤੇ 16 ਵਿਅਕਤੀਆਂ ਦੀਆਂ ਐੱਫ. ਆਈ. ਆਰ. ਰੱਦ ਹੋ ਗਈਆਂ ਸਨ ਅਤੇ ਉਹ ਹੁਣ ਜਾਂਚ ਵਿਚ ਸ਼ਾਮਲ ਕੀਤੇ ਗਏ ਹਨ। ਐੱਸ. ਐੱਸ. ਪੀ. ਖੱਖ ਨੇ ਅੱਗੇ ਕਿਹਾ ਕਿ ਸਾਡੀਆਂ ਟੀਮਾਂ ਨੇ ਤੜਕੇ 4 ਵਜੇ ਤੋਂ 100 ਤੋਂ ਵੱਧ ਥਾਵਾਂ ’ਤੇ ਛਾਪੇਮਾਰੀ ਕੀਤੀ। ਅੱਜ



ਗ੍ਰਿਫਤਾਰ ਕੀਤੇ ਗਏ ਮੁਲਜ਼ਮ ਚੋਰੀ, ਡਕੈਤੀ, ਹਮਲਾ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਧੋਖਾਧੜੀ ਅਤੇ ਇੱਥੋਂ ਤੱਕ ਕਿ ਕਤਲ ਵਰਗੇ ਅਪਰਾਧਾਂ ਲਈ ਲੋੜੀਂਦੇ ਸਨ। ਫੜੇ ਗਏ ਮੁਲਜ਼ਮਾਂ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕਰਕੇ ਉਨ੍ਹਾਂ ਦਾ ਰਿਮਾਂਡ ਲੈ ਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ। ਤੜਕੇ ਛਾਪੇਮਾਰੀ ਮਾਲੇਰਕੋਟਲਾ ਪੁਲਸ ਵੱਲੋਂ ਲੋੜੀਂਦੇ ਅਪਰਾਧੀਆਂ ਨੂੰ ਉਨ੍ਹਾਂ ਦੇ ਛੁਪਣਗਾਹਾਂ ਤੋਂ ਬਾਹਰ ਫੜਨ ਲਈ ਲਾਗੂ ਕੀਤੀ ਗਈ ਇਕ ਪ੍ਰਭਾਵਸ਼ਾਲੀ ਰਣਨੀਤੀ ਹੈ। ਮਾਲੇਰਕੋਟਲਾ ਪੁਲਸ ਨੇ ਖੇਤਰ ਵਿਚ ਅਪਰਾਧ ਦਰ ਨੂੰ ਕਾਬੂ ਕਰਨ ਦੇ ਆਪਣੇ ਯਤਨਾਂ ਦੇ ਹਿੱਸੇ ਵਜੋਂ ਭਵਿੱਖ ਵਿਚ ਵੀ ਅਜਿਹੇ ਛਾਪੇਮਾਰੀ ਜਾਰੀ ਰੱਖਣ ਦਾ ਦਾਵਾ ਕੀਤਾ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਹਾਸੀਮ ਪੁੱਤਰ ਬੱਬੂ ਤੇਲੀ ਵਾਸੀ ਕੱਚਾ ਕੋਟ ਮਲੇਰਕੋਟਲਾ, ਸਿੰਦਰ ਸਿੰਘ ਵਾਸੀ ਚੰਦਰ ਦੀ ਬਸਤੀ ਨੇੜੇ ਕਮਲ ਸਿਨੇਮਾ ਮਾਲੇਰਕੋਟਲਾ, ਸੂਫ਼ੀਆਨ ਉਰਫ਼ ਕਾਕਾ ਪੁੱਤਰ ਲਿਆਕਤ ਅਲੀ ਉਰਫ਼ ਲੱਖੇਵਾਲਾ ਵਾਸੀ ਕੋਟਲਾ ਚਾਦਰਾ ਬਸਤੀ ਕਮਾਲ, ਜਸਪ੍ਰੀਤ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਰਾਏਕੋਟ ਰੋਡ ਮਾਲੇਰਕੋਟਲਾ, ਆਮਿਰ ਪੁੱਤਰ ਮੁਹੰਮਦ ਮੁਨੀਰ ਵਾਸੀ ਗੇਟ ਬਾਗ ਵਾਲਾ ਨੇੜੇ ਸੱਟਾ ਚੌਕ ਮਲੇਰਕੋਟਲਾ, ਮੁਹੰਮਦ ਸਹਿਜਾਦ ਪੁੱਤਰ ਨਜਮਦੀਨ ਵਾਸੀ ਧੋਬਘਾਟ ਬੇਰੀਆ ਮਾਲੇਰਕੋਟਲਾ, ਮੁਹੰਮਦ ਉਸਮਾਨ ਉਰਫ਼ ਲੱਲਾ ਪੁੱਤਰ ਮੁਹੰਮਦ ਹਾਮਿਦ ਉਰਫ਼ ਗਾਲੂ ਵਾਸੀ ਡੂਮ ਵਾਲੀ ਗਲੀ ਸੁਨਾਮੀ ਗੇਟ, ਹਾਸੀਮ ਪੁੱਤਰ ਕਾਲਾ ਵਾਸੀਆਨ ਗਰੀਬ ਨਗਰ ਮਾਲੇਰਕੋਟਲਾ, ਹਾਰੂਨ ਉਰਫ਼ ਬਿੱਟੂ ਪੁੱਤਰ ਮੁਹੰਮਦ ਫਕੀਰੀਆ ਵਾਸੀ ਮੁਹੱਲਾ ਭੂਮਸੀ ਮਲੇਰਕੋਟਲਾ, ਸੁਮਿਤ ਸਹੋਤਾ ਉਰਫ਼ ਕਾਕਾ ਪੁੱਤਰ ਕਿਰਨ ਕੁਮਾਰ ਵਾਸੀ ਲਵਕੁਸ਼ ਨਗਰ ਨੇੜੇ ਕੁਟੀ ਰੋਡ ਮਾਲੇਰਕੋਟਲਾ, ਨਛੱਤਰ ਸਿੰਘ ਪੁੱਤਰ ਗੱਜਣ ਸਿੰਘ ਵਾਸੀ ਮਾਨਖੇੜੀ, ਅਨੂਪ ਸਿੰਘ ਪੁੱਤਰ ਹਰਮੀਤ ਸਿੰਘ ਵਾਸੀ ਸ਼ੇਰਗੜ੍ਹ ਚੀਮਾ ਥਾਣਾ ਸੰਦੌੜ, ਹਰਜੋਤ ਸਿੰਘ ਪੁੱਤਰ ਜਰਨੈਲ ਸਿੰਘ, ਗੁਰਿੰਦਰ ਸਿੰਘ ਪੁੱਤਰ ਕੁਲਵਿੰਦਰ ਸਿੰਘ ਅਤੇ ਤਿਲਕ ਰਾਜ ਵਾਸੀਆਨ ਸ਼ੇਰਵਾਨੀ ਕੋਟ ਦੇ ਰੂਪ ’ਚ ਹੋਈ ਹੈ।

## ਕੇਂਦਰੀ ਜੇਲ੍ਹ ’ਚ ਤਲਾਸ਼ੀ ਦੌਰਾਨ 5 ਮੋਬਾਈਲ ਬਰਾਮਦ

ਫਿਰੋਜ਼ਪੁਰ 25 ਫਰਵਰੀ। ਮੋਬਾਈਲ ਫ਼ੋਨਾਂ ਅਤੇ ਨਸ਼ੇ ਵਾਲੇ ਪਦਾਰਥਾਂ ਦੀ ਬਰਾਮਦਗੀ ਨੂੰ ਲੈ ਕੇ ਕਾਫ਼ੀ ਸਮੇਂ ਤੋਂ ਸੁਰਖੀਆਂ ’ਚ ਚੱਲੀ ਆ ਰਹੀ ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿਚ ਸਹਾਇਕ ਸੁਪਰਡੈਂਟ ਜਸਵੀਰ ਸਿੰਘ ਅਤੇ ਸੁਖਜਿੰਦਰ ਸਿੰਘ ਦੀ ਅਗਵਾਈ ਹੇਠ ਜੇਲ੍ਹ ਪ੍ਰਸ਼ਾਸਨ ਵੱਲੋਂ ਤਲਾਸ਼ੀ ਮੁਹਿੰਮ ਚਲਾਉਂਦੇ ਹੋਏ 5 ਹੋਰ ਮੋਬਾਈਲ ਫ਼ੋਨ ਬਰਾਮਦ ਕੀਤੇ ਗਏ ਹਨ, ਜਿਸ ਨੂੰ ਲੈ ਕੇ ਜੇਲ੍ਹ ਅਧਿਕਾਰੀਆਂ ਵੱਲੋਂ ਭੇਜੀ ਗਈ ਲਿਖਤੀ ਜਾਣਕਾਰੀ ਦੇ ਆਧਾਰ ’ਤੇ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਹਵਾਲਾਤੀ ਮਲਕੀਤ ਸਿੰਘ ਉਰਫ਼ ਕੀਰਤ, ਹਵਾਲਾਤੀ ਸ਼ੁਭਮ, ਕੈਦੀ ਗੁਰਸ਼ੇਰ ਸਿੰਘ ਅਤੇ ਇਕ



ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਗੁਰਮੇਲ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਚਲਾਏ ਗਈ ਤਲਾਸ਼ੀ ਮੁਹਿੰਮ ਦੌਰਾਨ ਬੈਰਕ ਨੰ.11 ’ਚੋਂ ਹਵਾਲਾਤੀ ਮਲਕੀਤ ਸਿੰਘ ਕੋਲੋਂ ਸਿਮ ਕਾਰਡ ਸਮੇਤ ਇਕ ਨੋਕੀਆ ਕੀਪੈਡ ਮੋਬਾਈਲ ਅਤੇ 2 ਬਿਨਾਂ ਸਿਮ ਕਾਰਡ ਦੇ ਲਾਵਾਰਿਸ ਹਾਲਤ ਵਿਚ ਨੋਕੀਆ ਅਤੇ ਹੀਰੋ ਕੀਪੈਡ ਮੋਬਾਈਲ ਬਰਾਮਦ ਹੋਏ ਹਨ। ਉਨ੍ਹਾਂ ਦੱਸਿਆ ਕਿ ਜਦੋਂ ਜੇਲ ਪ੍ਰਸ਼ਾਸਨ ਨੇ ਨਵੀਂ ਬੈਰਕ ਨੰਬਰ 3 ਦੀ ਤਲਾਸ਼ੀ ਲੈਣ ’ਤੇ ਕੈਦੀ ਗੁਰਸ਼ੇਰ ਸਿੰਘ ਪਾਸੋਂ ਬਿਨਾਂ ਸਿਮ ਕਾਰਡ ਤੋਂ ਇਕ ਨੋਕੀਆ ਕੀਪੈਡ ਮੋਬਾਈਲ ਫ਼ੋਨ ਬੀ ਕਲਾਸ ਚੱਕੀਆਂ ਦੀ ਤਲਾਸ਼ੀ ਲੈਣ ’ਤੇ ਹਵਾਲਾਤੀ ਸ਼ੁਭਮ ਤੋਂ ਇਕ ਸਿਮ ਕਾਰਡ ਸਮੇਤ ਨੋਕੀਆ ਕੀਪੈਡ ਮੋਬਾਈਲ ਬਰਾਮਦ ਹੋਇਆ।

## ਟਰਾਂਸਫਾਰਮਰ ਲਗਾਉਣ ਬਦਲੇ 40 ਹਜਾਰ ਰੁਪਏ ਦੀ ਰਿਸਵਤ ਲੈਣ ਵਾਲਾ ਲਾਈਨਮੈਨ ਵਿਜੀਲੈਂਸ ਵੱਲੋਂ ਗ੍ਰਿਫਤਾਰ

ਚੰਡੀਗੜ੍ਹ 25 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪੀ.ਐਸ.ਪੀ.ਸੀ.ਐੱਲ. ਦਫਤਰ, ਉਮਰਪੁਰਾ, ਬਲਾਕ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਲਾਈਨਮੈਨ ਰਾਜੇਸ ਕੁਮਾਰ ਨੂੰ 40,000 ਰੁਪਏ ਦੀ ਰਿਸਵਤ ਲੈਣ ਦੇ ਦੋਸ ਹੇਠ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਓਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜਮ ਨੂੰ ਪਿੰਡ ਸੰਗਤਪੁਰਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕ ਮਨਜਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸਟਾਚਾਰ ਵਿਰੋਧੀ ਐਕਸਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ ‘ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ



ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ ਲਗਾਇਆ ਕਿ ਉਹ ਪਿੰਡ ਸੰਗਤਪੁਰਾ ਵਿੱਚ ਵਾਹੀਯੋਗ ਜਮੀਨ ਦਾ ਮਾਲਕ ਹੈ, ਜਿੱਥੇ ਉਸ ਨੇ ਆਪਣੇ ਟਿਊਬਵੈੱਲ ਦੇ ਨਵੇਂ ਕੁਨੈਕਸਨ ਲਈ ਨਵਾਂ ਟਰਾਂਸਫਾਰਮਰ ਲਗਾਉਣਾ ਸੀ। ਇਸ ਸਬੰਧੀ ਉਪਰੋਕਤ ਰਾਜੇਸ ਕੁਮਾਰ ਲਾਈਨਮੈਨ ਨੇ 40,000 ਰੁਪਏ ਦੀ ਰਿਸਵਤ ਲੈ ਲਈ ਪਰ ਉਸ ਨੇ ਟਰਾਂਸਫਾਰਮਰ ਨਹੀਂ ਲਗਾਇਆ। ਜਦੋਂ ਬਿਜਲੀ ਅਧਿਕਾਰੀ ਰਿਸਵਤ ਦੀ ਮੰਗ ਕਰ ਰਿਹਾ ਸੀ ਤਾਂ ਸ਼ਿਕਾਇਤਕਰਤਾ ਨੇ ਗੱਲਬਾਤ ਰਿਕਾਰਡ ਕਰ ਲਈ ਅਤੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ। ਵਿਜੀਲੈਂਸ ਬਿਊਰੋ ਰੇਂਜ ਅੰਮ੍ਰਿਤਸਰ ਨੇ ਇਸ ਸ਼ਿਕਾਇਤ ਦੀ ਜਾਂਚ ਕੀਤੀ ਜਿਸ ਦੌਰਾਨ ਦੋਸ ਸਹੀ ਅਤੇ ਸੱਚ ਪਾਏ ਗਏ। ਇਸ ਸਬੰਧੀ ਕਥਿਤ ਦੋਸੀ ਰਾਜੇਸ ਕੁਮਾਰ ਲਾਈਨਮੈਨ ਦੇ ਖ਼ਿਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤਹਿਤ ਪਰਚਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਢਿੱਲਵਾਂ ਵਿਖੇ ਹੈਰੋਇਨ, ਪਿਸਤੌਲ ਅਤੇ ਜਿੰਦਾ ਰੌਂਦ ਸਮੇਤ 2 ਵਿਅਕਤੀ ਗ੍ਰਿਫ਼ਤਾਰ

ਢਿੱਲਵਾਂ 25 ਫਰਵਰੀ। ਢਿੱਲਵਾਂ ਪੁਲਸ ਨੇ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ 60 ਗ੍ਰਾਮ ਹੈਰੋਇਨ, ਇਕ ਪਿਸਤੌਲ, 9 ਜ਼ਿੰਦਾ ਰੌਂਦਾਂ ਸਮੇਤ ਕਾਰ ਸਵਾਰ ਤਿੰਨ ਵਿਅਕਤੀਆਂ ’ਤੇ ਕੇਸ ਦਰਜ ਕੀਤਾ ਹੈ, ਜਿਨ੍ਹਾਂ ’ਚੋਂ 2 ਜਣਿਆਂ ਨੂੰ ਕਾਬੂ ਕੀਤਾ ਗਿਆ ਅਤੇ ਇਕ ਮੌਕੇ ’ਤੇ ਫਰਾਰ ਹੋ ਗਿਆ। ਥਾਣਾ ਢਿੱਲਵਾਂ ਦੇ ਮੁਖੀ ਮਲਕੀਤ ਸਿੰਘ, ਮੁੱਖ ਮੁਨਸੀ ਰਵਿੰਦਰ ਸਿੰਘ, ਏ. ਐੱਸ. ਆਈ. ਕੁਲਦੀਪ ਸਿੰਘ ਨੇ ਦੱਸਿਆ ਕਿ ਪੁਲਸ ਭੈੜੇ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ’ਚ ਮੇਨ ਹਾਈਵੇਅ ਹਾਈਟੈੱਕ ਨਾਕਾ ਢਿੱਲਵਾਂ ਪੁੱਜੀ, ਜਿੱਥੇ ਨਾਕਾ ’ਤੇ ਪਹਿਲਾਂ ਹੀ ਏ. ਐੱਸ. ਆਈ. ਦੀਪਕ ਕੁਮਾਰ ਅਤੇ ਕੁਲਵਰਨ ਸਿੰਘ ਮੌਜੂਦ ਸਨ। ਪੁਲਸ ਪਾਰਟੀ ਵੱਲੋਂ ਗੱਡੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਅੰਮ੍ਰਿਤਸਰ ਸਾਈਡ ਵੱਲੋਂ ਇਕ ਕਾਰ ਜਿਸ ’ਚ ਤਿੰਨ ਵਿਅਕਤੀ ਸਵਾਰ ਸਨ , ਨੂੰ ਰੁਟੀਨ ਚੈਕਿੰਗ ਲਈ ਰੋਕਿਆ ਤਾਂ ਗੱਡੀ ਦਾ ਡਰਾਈਵਰ ਗੱਡੀ ਰੋਕ ਕੇ ਭੱਜ ਗਿਆ ਤੇ ਕੰਡਕਟਰ ਸਾਈਡ ’ਤੇ ਬੈਠੇ ਵਿਅਕਤੀ ਨੇ ਵੀ ਤਾਕੀ ਖੋਲ੍ਹ ਕੇ ਕੋਈ ਵਜਨਦਾਰ ਮੋਮੀ ਲਿਫਾਫਾ ਸੁੱਟ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਪੁਲਸ ਵੱਲੋਂ ਸਾਥੀ ਕਰਮਚਾਰੀਆ ਦੀ ਮਦਦ



ਨਾਲ ਕਾਬੂ ਕੀਤਾ ਤੇ ਗੱਡੀ ਦੀ ਪਿਛਲੀ ਸੀਟ ’ਤੇ ਬੈਠੇ ਵਿਅਕਤੀ ਨੂੰ ਵੀ ਬਾਹਰ ਕੱਢਿਆ ਤਾਂ ਫਿਰ ਵਾਰੀ-ਵਾਰੀ ਨਾਂ-ਪਤਾ ਪੁੱਛਿਆ ਅਤੇ ਕੰਡਕਟਰ ਸੀਟ ’ਤੇ ਬੈਠੇ ਵਿਅਕਤੀ ਨੇ ਆਪਣਾ ਨਾਂ ਪੰਜਾਬ ਸਿੰਘ ਉਰਫ ਪੰਜਾਬ ਪੁੱਤਰ ਸਰਬਜੀਤ ਸਿੰਘ ਵਾਸੀ ਗਾਲੀ ਨੰਬਰ-4 ਗੁਰੂ ਤੇਗ ਬਹਾਦਰ ਨਗਰ ਥਾਣਾ ਸਿਟੀ ਤਰਨਤਾਰਨ ਦੱਸਿਆ ਅਤੇ ਪਿਛਲੀ ਸੀਟ ’ਤੇ ਬੈਠੇ ਵਿਅਕਤੀ ਨੇ ਆਪਣਾ ਨਾਂ ਲਵਕਿਰਨ ਸਿੰਘ ਉਰਫ ਮੰਗਲ ਪੁੱਤਰ ਸੁਖਵਿੰਦਰ ਸਿੰਘ ਵਾਸੀ ਗ੍ਰੀਨ ਐਵੇਨਿਊ ਬਾਈਪਾਸ ਤਰਨਤਾਰਨ ਥਾਣਾ ਸਿਟੀ ਤਰਨਤਾਰਨ ਦੱਸਿਆ। ਉਨ੍ਹਾਂ ਭੱਜੇ ਵਿਅਕਤੀ ਦਾ ਨਾਂ ਇੰਦਰਜੀਤ ਸਿੰਘ ਉਰਫ ਇੰਦੀ ਸੁਲਖੀਆ ਜ਼ਿਲਾ ਰੋਪੜ ਦੱਸਿਆ। ਪੰਜਾਬ ਸਿੰਘ ਉਰਫ ਪੰਜਾਬ ਉਕਤ ਦੀ ਤਲਾਸੀ ਕਰਨ ’ਤੇ ਉਸਦੇ ਡੱਬ ਵਿਚੋਂ ਇਕ ਪਿਸਟਲ 32 ਬੋਰ ਬਰਾਮਦ ਹੋਇਆ, ਜਿਸ ਦੇ ਮੈਗਜੀਨ ’ਚ 5 ਰੌਂਦ ਜਿੰਦਾ ਬਰਾਮਦ ਕੀਤੇ ਅਤੇ ਸੱਜੀ ਜੇਬ ’ਚੋਂ ਵੀ 4 ਰੌਂਦ ਜ਼ਿੰਦਾ ਮਿਲੇ। ਉਸ ਨੂੰ ਸੁੱਟੇ ਹੋਏ ਲਿਫਾਫੇ ਬਾਰੇ ਪੁੱਛਿਆ ਤਾਂ ਉਸ ਨੇ ਖੋਲ੍ਹ ਕੇ ਵਿਖਾਇਆ ਤਾਂ 60 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਢਿੱਲਵਾਂ ਦੀ ਪੁਲਸ ਨੇ ਉਕਤ ਵਿਅਕਤੀਆਂ ’ਤੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ ਅਤੇ ਫਰਾਰ ਵਿਅਕਤੀ ਦੀ ਵੀ ਭਾਲ ਕੀਤੀ ਜਾ ਰਹੀ ਹੈ।

## ਨੌਜਵਾਨਾਂ ‘ਚ ਵਧਿਆ ਲਗਜਰੀ ਕਾਰਾਂ ਖਰੀਦਣ ਦਾ ਕ੍ਰੇਜ, ਇਨ੍ਹਾਂ ਵਿਦੇਸ਼ੀ ਬ੍ਰਾਂਡ ਨੂੰ ਦੇ ਰਹੇ ਪਹਿਲ

ਨਵੀਂ ਦਿੱਲੀ 25 ਫਰਵਰੀ। ਦੇਸ ਵਿੱਚ ਮੋਟੀ ਕਮਾਈ ਕਰਨ ਵਾਲੇ ਨੌਜਵਾਨਾਂ ਵਿਚ ਮਹਿੰਗੇ ਅਤੇ ਲਗਜਰੀ ਉਤਪਾਦਾਂ ‘ਤੇ ਪੈਸਾ ਖਰਚ ਕਰਨ ਦਾ ਰੁਝਾਨ ਵਧਿਆ ਹੈ। ਇਹ ਨੌਜਵਾਨ ਪੇਸੇਵਰਾਂ ਦੀ ਇਸ ਸੋਚ ਦੇ ਕਾਰਨ ਹੈ ਕਿ ਭਾਰਤ ਦੀ ਲਗਜਰੀ ਕਾਰ (ਕੀਮਤ 50 ਲੱਖ ਰੁਪਏ ਅਤੇ ਇਸ ਤੋਂ ਵੱਧ) ਬਾਜਾਰ ਵਿੱਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਪਿਛਲੇ ਸਾਲ (2023) ਵਿਚ ਲਗਜਰੀ ਕਾਰਾਂ ਦੀ ਵਿਕਰੀ 36.85% ਵਧ ਕੇ ਕੁੱਲ 38,680 ਯੂਨਿਟ ਹੋ ਗਈ। ਆਟੋਮੋਟਿਵ ਬਿਜਨਸ ਇੰਟੈਲੀਜੈਂਸ ਫਰਮ ਜਾਟੋ ਡਾਇਨਾਮਿਕਸ ਦੇ ਅੰਕੜਿਆਂ ਮੁਤਾਬਕ ਮਹਿੰਗਾਈ, ਉੱਚ ਵਿਆਜ ਦਰਾਂ ਅਤੇ ਵਾਹਨਾਂ ਦੀਆਂ ਵਧਦੀਆਂ ਕੀਮਤਾਂ ਦੇ ਬਾਵਜੂਦ ਪ੍ਰੀਮੀਅਮ ਕਾਰਾਂ ਦੀ ਵਿਕਰੀ ਵਧੀ ਹੈ। ਇਸ ਦੇ ਉਲਟ, ਕੁੱਲ ਘਰੇਲੂ ਯਾਤਰੀ ਵਾਹਨਾਂ ਦੀ ਵਿਕਰੀ 2023 ਵਿੱਚ ਸਿਰਫ 4.4% ਵਧ ਕੇ ਕੁੱਲ 4.1 ਲੱਖ ਯੂਨਿਟ ਹੋ ਗਈ। ਖਰੀਦਦਾਰਾਂ ਦਾ ਇੱਕ ਵੱਡਾ ਹਿੱਸਾ 31-45 ਉਮਰ ਵਰਗ ਵਿੱਚ ਹੈ। 50 ਲੱਖ ਰੁਪਏ ਅਤੇ ਇਸ ਤੋਂ ਉੱਪਰ ਦੇ ਸਪੋਰਟਸ ਯੂਟੀਲਿਟੀ ਵ੍ਹੀਕਲ () ਹਿੱਸੇ ਵਿੱਚ 22,678 ਯੂਨਿਟਾਂ (58.62%) ਦੀ ਸਭ ਤੋਂ ਵੱਧ ਹਿੱਸੇਦਾਰੀ ਸੀ। ਇਸ ਤੋਂ ਬਾਅਦ ਸੇਡਾਨ ਦੀਆਂ 14,494 ਇਕਾਈਆਂ (38.63%) ਅਤੇ ਦੀਆਂ 565 ਇਕਾਈਆਂ (1.46%) ਸਨ। ਹੋਰਾਂ ਵਿਚ ਕੁੱਲ 493 ਯੂਨਿਟਾਂ (1,27%) ਵਿਕੀਆਂ। - 50 ਲੱਖ ਰੁਪਏ। ਕਾਰ ਬਾਜਾਰ ਵਿਚ ਰੁਪਏ ਤੋਂ ਉਪਰ ਦੀ ਕੀਮਤ ਹੈ। ਜਰਮਨ ਲਗਜਰੀ ਕਾਰ ਨਿਰਮਾਤਾ ਮਰਸਡੀਜ-ਬੈਂਜ ਅਤੇ ਦਾ ਦਬਦਬਾ ਹੈ। ਮਰਸੀਡੀਜ-ਬੈਂਜ ਇੰਡੀਆ 13,657 ਯੂਨਿਟਾਂ ਦੇ ਨਾਲ ਪਹਿਲੇ ਸਥਾਨ ‘ਤੇ ਹੈ

# ਬੱਸ ‘ਚ ਚੜ੍ਹਨ ਲੱਗੀ ਔਰਤ ਡਿੱਗੀ ਹੇਠਾਂ, ਟਾਇਰ ਥੱਲੇ ਆਉਣ ਕਾਰਨ ਬੁਰੀ ਤਰ੍ਹਾਂ ਕੁਚਲਿਆ ਪੈਰ

ਜਲੰਧਰ 25 ਫਰਵਰੀ। ਸਥਾਨਕ ਬੱਸ ਸਟੈਂਡ ’ਤੇ ਬੱਸ ’ਚ ਚੜ੍ਹਨ ਲੱਗੀ ਇਕ ਔਰਤ ਅਚਾਨਕ ਬੱਸ ਦੇ ਚੱਲਣ ਕਾਰਨ ਹੇਠਾਂ ਡਿੱਗ ਪਈ ਤਾਂ ਉਸੇ ਬੱਸ ਦੇ ਟਾਇਰ ਹੇਠਾਂ ਆ ਜਾਣ ਕਾਰਨ ਉਸ ਦਾ ਪੈਰ ਬੁਰੀ ਤਰ੍ਹਾਂ ਨਾਲ ਕੁਚਲਿਆ ਗਿਆ। ਇਸ ਹਾਦਸੇ ਦੀ ਸੂਚਨਾ ਮਿਲਦੇ ਹੀ ਬੱਸ ਸਟੈਂਡ ਚੌਕੀ ਦੀ ਪੁਲਸ ਮੌਕੇ ’ਤੇ ਪਹੁੰਚ ਗਈ ਤੇ ਗੰਭੀਰ ਜਖਮੀ ਔਰਤ ਨੂੰ ਹਸਪਤਾਲ ਪਹੁੰਚਾਉਣ ਲਈ ਐਂਬੂਲੈਂਸ ਦਾ ਪ੍ਰਬੰਧ ਕੀਤਾ। ਬੱਸ ਸਟੈਂਡ ਪੁਲਸ ਚੌਕੀ ਦੇ ਇੰਚਾਰਜ ਸੁਸੀਲ ਕੁਮਾਰ ਸਰਮਾ ਨੇ ਦੱਸਿਆ ਕਿ ਔਰਤ ਦਾ ਸਿਵਲ ਹਸਪਤਾਲ ’ਚ ਇਲਾਜ ਚੱਲ ਰਿਹਾ ਹੈ। ਜਾਣਕਾਰੀ ਮੁਤਾਬਕ ਜਖਮੀ ਔਰਤ ਲੋਹੀਆਂ ਤੋਂ ਆਈ ਸੀ ਤੇ ਉਸ ਨੇ ਹੁਸ਼ਿਆਰਪੁਰ ਜਾਣਾ ਸੀ। ਔਰਤ ਦੀ ਪਛਾਣ ਕਮਲਜੀਤ ਕੌਰ ਪਤਨੀ ਹੈਪੀ ਵਾਸੀ ਪਿੰਡ ਬੱਸੀ ਗੁਲਾਮ ਹੁਸੈਨ, ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ। ਪੁਲਸ ਦਾ ਕਹਿਣਾ ਹੈ ਕਿ ਔਰਤ ਦੇ ਠੀਕ ਨਾ ਹੋਣ ਕਾਰਨ ਅਜੇ ਤੱਕ ਉਸ ਦੇ ਬਿਆਨ ਨਹੀਂ ਲਏ ਗਏ ਹਨ। ਪੁਲਸ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਉਸ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਜਿਸ ਬੱਸ ਦੇ ਟਾਇਰ ਥੱਲੇ ਔਰਤ ਦਾ ਪੈਰ ਆਇਆ ਸੀ, ਉਸ ਦਾ ਵੀ ਪਤਾ ਲਾਇਆ ਜਾ ਰਿਹਾ ਹੈ। ਹਾਦਸੇ ਤੋਂ ਬਾਅਦ ਬੱਸ ਉਥੋਂ ਰਵਾਨਾ ਹੋ ਗਈ ਸੀ।

## ਲੋਕਾਂ ਦਾ ਧਿਆਨ ਖਿੱਚਦੀ ਹੈ ਇਹ ਕੋਠੀ, ਕੰਮ ਨਾਲ ਇੰਨਾ ਪਿਆਰ ਕਿ ਘਰ ਦੀ ਛੱਤ ‘ਤੇ ਬਣਾ ਦਿੱਤੀ ਪੀ.ਆਰ.ਟੀ.ਸੀ ਦੀ ਬੱਸ

ਨਕੋਦਰ 25 ਫਰਵਰੀ। ਨਕੋਦਰ ਦੇ ਪਿੰਡ ਕੰਗ ਸਾਹਬੂ ਦੇ ਵਸਨੀਕ ਰੇਸਮ ਸਿੰਘ, ਜੋ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸਨ (ਪੀ.ਆਰ.ਟੀ.ਸੀ.) ਤੋਂ ਹੈੱਡ ਮਕੈਨਿਕ ਵਜੋਂ ਸੇਵਾਮੁਕਤ ਹੋਏ ਹਨ, ਨੂੰ ਆਪਣੇ ਕੰਮ ਨਾਲ ਇੰਨਾ ਪਿਆਰ ਹੈ ਕਿ ਇਸ ਨੂੰ ਆਪਣੀਆਂ ਯਾਦਾਂ ਵਿਚ ਰੱਖਣ ਲਈ ਉਸ ਨੇ ਛੱਤ ‘ਤੇ ਪੀ.ਆਰ.ਟੀ.ਸੀ. ਬੱਸ ਬਣਾ ਦਿੱਤਾ। ਇਹ ਬੱਸ ਨਕੋਦਰ ਜਲੰਧਰ ਹਾਈਵੇਅ ਤੋਂ ਆਉਣ ਵਾਲੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਰੇਸਮ ਸਿੰਘ ਨੇ ਇਸ ਦਾ ਨਾਂ ਕੰਗ ਸਾਹਬੂ ਐਕਸਪ੍ਰੈਸ ਰੱਖਿਆ ਹੈ। ਰੇਸਮ ਸਿੰਘ ਦਾ ਕਹਿਣਾ ਹੈ ਕਿ ਉਸਨੇ ਇਹ ਬੱਸ 2019 ‘ਚ ਬਣਾਉਣੀ ਸੁਰੂ ਕੀਤੀ ਸੀ, ਪਰ ਕੋਰੋਨਾ ਦੇ ਦੌਰ ਵਿੱਚ ਕੰਮ ਬੰਦ ਹੋ ਗਿਆ ਸੀ। ਇਸ ਦਾ ਕੰਮ ਦੋ ਸਾਲਾਂ ਦੇ ਵਕਫੇ ਤੋਂ ਬਾਅਦ ਮੁੜ ਸੁਰੂ ਕੀਤਾ ਗਿਆ। ਕਰੀਬ ਤਿੰਨ ਲੱਖ ਦੀ ਲਾਗਤ ਨਾਲ ਤਿਆਰ ਹੋਈ ਇਹ ਬੱਸ ਸੱਤ ਫੁੱਟ ਚੌੜੀ ਅਤੇ 14 ਫੁੱਟ ਲੰਬੀ ਹੈ। ਇਸ ‘ਚ ਇੱਕ ਦਰਵਾਜਾ ਅਤੇ 17 ਸੀਟਾਂ ਹਨ। ਡਰਾਈਵਰ ਦੀ ਸੀਟ ‘ਤੇ ਸਟੀਅਰਿੰਗ ਅਤੇ ਯਾਤਰੀਆਂ ਲਈ ਇੱਕ ਟੀਵੀ ਵੀ ਲਗਾਇਆ ਗਿਆ ਹੈ। ਬੱਸ ਦੀ ਬਾਡੀ ਅਤੇ ਟਾਇਰ ਕੰਕਰੀਟ ਦੇ ਬਣਾਏ ਗਏ ਹਨ। ਇਸ ‘ਚ ਫਰੰਟ ਹੈੱਡਲਾਈਟਸ ਅਤੇ ਇੰਡੀਕੇਟਰ ਵੀ ਲਗਾਏ ਗਏ ਹਨ। ਜਦੋਂ ਰਾਤ ਨੂੰ ਲਾਈਟਾਂ ਚੱਲਦੀਆਂ ਹਨ, ਤਾਂ ਇਹ ਦੂਰੋਂ ਹੀ ਬੱਸ ਚੱਲਣ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਰੇਸਮ ਸਿੰਘ ਦਾ ਕਹਿਣਾ ਹੈ ਕਿ ਉਹ ਜਲਦੀ ਹੀ ਬੱਸ ਦਾ ਰਸਮੀ ਉਦਘਾਟਨ ਕਰਨਗੇ। ਇਸ ਦੇ ਲਈ ਉਹ ਇੱਕ ਕਾਨਫਰੰਸ ਦਾ ਆਯੋਜਨ ਕਰਨਗੇ ਅਤੇ ਪੀ.ਆਰ.ਟੀ.ਸੀ. ਮੈਨੇਜਮੈਂਟ ਅਤੇ ਆਪਣੀ ਸੰਸਥਾ ਦੇ ਆਗੂਆਂ ਨੂੰ ਸੱਦਾ ਦੇਣਗੇ। ਪੀ.ਆਰ.ਟੀ.ਸੀ. ‘ਚ 40 ਸਾਲ ਕੰਮ ਕਰ ਰਹੇ ਰੇਸਮ ਸਿੰਘ ਦਾ ਕਹਿਣਾ ਹੈ ਕਿ ਉਸ ਨੇ 40 ਸਾਲ ਪੀ.ਆਰ.ਟੀ.ਸੀ. ‘ਚ ਨੌਕਰੀ ਕੀਤੀ ਹੈ। ਉਹ ਸਤੰਬਰ 1973 ‘ਚ ਕਪੂਰਥਲਾ ‘ਚ ਸਹਾਇਕ ਵਜੋਂ ਭਰਤੀ ਹੋਇਆ ਸੀ ਅਤੇ ਫਰਵਰੀ 2013 ਵਿੱਚ ਹੈੱਡ ਮਕੈਨਿਕ ਵਜੋਂ ਸੇਵਾਮੁਕਤ ਹੋਇਆ ਸੀ। ਆਪਣੀ 40 ਸਾਲਾਂ ਦੀ ਸੇਵਾ ਦੌਰਾਨ ਉਨ੍ਹਾਂ ਨੇ ਪੀ.ਆਰ.ਟੀ.ਸੀ. ਦੇ ਕਪੂਰਥਲਾ, ਲੁਧਿਆਣਾ, ਪਟਿਆਲਾ ਅਤੇ ਸੰਗਰੂਰ ਡਿਪੂਆਂ ‘ਚ ਹੈਲਪਰ, ਅਸਿਸਟੈਂਟ ਮਕੈਨਿਕ, ਮਕੈਨਿਕ ਅਤੇ ਹੈੱਡ ਮਕੈਨਿਕ ਵਜੋਂ ਸੇਵਾਵਾਂ ਨਿਭਾਈਆਂ। ਉਹ 2013 ਤੋਂ 2018 ਤੱਕ ਪਿੰਡ ਦੇ ਸਰਪੰਚ ਵੀ ਰਹੇ।



## ਪਾਕਿ ਤੋਂ ਆਈ 42 ਕਰੋੜ ਦੀ ਹੈਰੋਇਨ ਸਮੇਤ 3 ਗ੍ਰਿਫਤਾਰ

ਅੰਮ੍ਰਿਤਸਰ/ਅਜਨਾਲਾ 25 ਫਰਵਰੀ। ਸਰਹੱਦ ’ਤੇ ਪਾਕਿਸਤਾਨ ਤੋਂ ਆਈ 6 ਕਿਲੋ ਹੈਰੋਇਨ ਨੂੰ ਸੀ. ਆਈ. ਏ. ਸਟਾਫ ਦਿਹਾਤੀ ਦੀ ਪੁਲਸ ਨੇ ਬਰਾਮਦ ਕੀਤਾ ਹੈ, ਜਿਸ ਵਿਚ ਪੁਲਸ ਨੇ ਤਿੰਨ ਸਮੱਗਲਰ ਮਨਦੀਪ ਸਿੰਘ ਗੋਰਾ, ਹਰਤੇਜ ਸਿੰਘ ਅਤੇ ਲਖਬੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੇ ਕਬਜੇ ਵਿਚੋਂ ਹੈਰੋਇਨ ਸਮੇਤ 1.7 ਲੱਖ ਰੁਪਏ ਦੀ ਭਾਰਤੀ ਕਰੰਸੀ, ਡਰੱਗ ਮਨੀ ਅਤੇ ਦੋ ਮੋਟਰਸਾਈਕਲ ਵੀ ਬਰਾਮਦ ਕੀਤੇ ਗਏ ਹਨ। ਫ਼ਿਲਹਾਲ ਥਾਣਾ ਅਜਨਾਲਾ ਦੀ ਪੁਲਸ ਨੇ ਮਾਣਯੋਗ ਅਦਾਲਤ ਦੀਆਂ ਹਦਾਇਤਾਂ ’ਤੇ ਉਕਤ ਤਿੰਨਾਂ ਮੁਲਜਮਾਂ ਖ਼ਿਲਾਫ ਮਾਮਲਾ ਦਰਜ ਕਰ ਕੇ ਪੁੱਛਗਿੱਛ ਲਈ ਪੁਲਸ ਰਿਮਾਂਡ ’ਤੇ ਲੈ ਲਿਆ ਹੈ। ਪੁਲਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਤਿੰਨੇ ਮੁਲਜਮ ਪਾਕਿਸਤਾਨ ਤੋਂ ਸਰਹੱਦ ਪਾਰ ਤੋਂ ਹੈਰੋਇਨ ਦੀ ਸਮੱਗਲਿੰਗ ਕਰ ਕੇ ਵੱਖ-ਵੱਖ ਇਲਾਕਿਆਂ ਵਿਚ ਸਪਲਾਈ ਕਰ ਰਹੇ ਹਨ। ਤਿੰਨੋ ਮੋਟਰਸਾਈਕਲ ’ਤੇ ਕਿਸੇ ਵੱਡੀ ਸਪਲਾਈ ਲਈ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਨਾਕਾਬੰਦੀ ਕਰ ਕੇ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਮੁਲਜਮਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕਰ ਰਹੀ ਹੈ।

## ਬੀਮਾਰ ਪੁੱਤਰ ਦਾ ਇਲਾਜ ਕਰਵਾਉਣ ਲਈ ਪਿਤਾ ਨੂੰ ਬਿਹਾਰ ਭੇਜਣਾ ਫੌਜੀ ਨੂੰ ਪਿਆ ਮਹਿੰਗਾ, ਘਰ ‘ਚ ਹੋਈ ਚੋਰੀ

ਘਨੌਲੀ 25 ਫਰਵਰੀ। ਰੂਪਨਗਰ ਜ਼ਿਲ੍ਹੇ ਦੇ ਪਿੰਡ ਦਸਮੇਸ਼ ਨਗਰ ਕਲੌਨੀ ਘਨੌਲੀ ਦੇ ਵਸਨੀਕ ਅਤੇ ਮੱਧ ਪ੍ਰਦੇਸ ਵਿਖੇ ਭਾਰਤੀ ਫੌਜ ’ਚ ਸੇਵਾ ਨਿਭਾਅ ਰਹੇ ਫੌਜੀ ਸੋਨੂੰ ਕੁਮਾਰ ਨੂੰ ਆਪਣੇ ਨਵ ਜੰਮੇ ਪੁੱਤਰ ਦੇ ਇਲਾਜ ਲਈ ਆਪਣੇ ਪਿਤਾ ਨੂੰ ਬਿਹਾਰ ਭੇਜਣਾ ਕਾਫੀ ਮਹਿੰਗਾ ਪੈ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਫੌਜੀ ਸੋਨੂੰ ਕੁਮਾਰ ਦੀ ਪਤਨੀ ਅਤੇ ਪਿਤਾ ਹਰੀਸ ਕੁਮਾਰ ਦਸਮੇਸ ਨਗਰ ਕਾਲੋਨੀ ਘਨੌਲੀ ਵਿਖੇ ਰਹਿੰਦੇ ਹਨ। ਕੁਝ ਸਮਾਂ ਪਹਿਲਾਂ ਫੌਜੀ ਦੀ ਪਤਨੀ ਨੇ ਪੁੱਤਰ ਨੂੰ ਜਨਮ ਦਿੱਤਾ ਹੈ ਅਤੇ ਨਵ ਜੰਮਿਆ ਬੱਚਾ ਇਸ ਸਮੇਂ ਬਿਹਾਰ ਦੇ ਕਿਸੇ ਹਸਪਤਾਲ ’ਚ ਜੇਰੇ ਇਲਾਜ ਹੈ। ਫੌਜੀ ਸੋਨੂੰ ਕੁਮਾਰ ਨੂੰ ਛੁੱਟੀ ਨਾ ਮਿਲਣ ਕਾਰਨ ਉਨ੍ਹਾਂ ਆਪਣੇ ਪੁੱਤਰ ਦੇ ਇਲਾਜ ਲਈ ਆਪਣੇ ਪਿਤਾ ਨੂੰ ਬਿਹਾਰ ਆਪਣੀ ਪਤਨੀ ਕੋਲ ਭੇਜ ਦਿੱਤਾ। ਹਰੀਸ ਕੁਮਾਰ 2 ਫਰਵਰੀ ਨੂੰ ਆਪਣੇ ਪੋਤਰੇ ਦੀ ਦੇਖਭਾਲ ਲਈ ਬਿਹਾਰ ਰਵਾਨਾ ਹੋ ਗਿਆ। ਇਸੇ ਦੌਰਾਨ ਉਨ੍ਹਾਂ ਦੇ ਦਸਮੇਸ਼ ਨਗਰ ਕਲੌਨੀ ਘਨੌਲੀ ਵਿਖੇ ਸਥਿਤ ਘਰ ਵਿੱਚ ਚੋਰਾਂ ਨੇ ਸੰਨ੍ਹ ਲਗਾ ਦਿੱਤੀ, ਜਿਸ ਸਬੰਧੀ ਮੁਹੱਲਾ ਵਾਸੀਆਂ ਨੂੰ ਪਤਾ ਲੱਗਿਆ। ਸ਼ਨੀਵਾਰ ਸਵੇਰੇ ਜਦੋਂ ਗੁਆਂਢੀਆਂ ਨੂੰ ਫੌਜੀ ਦੇ ਘਰ ਦੇ ਅੰਦਰੂਨੀ ਗੇਟ ਨਾਲ ਛੇੜਛਾੜ ਹੋਈ ਹੋਣ ਦਾ ਸੱਕ ਪੈਦਾ ਹੋਇਆ ਤਾਂ ਉਨ੍ਹਾਂ ਪੁਲਸ ਨੂੰ ਸੱਦ ਲਿਆ। ਜਦੋਂ ਪੁਲਸ ਮੁਲਾਜਮ ਗੁਆਂਢੀਆਂ ਨੂੰ ਨਾਲ ਲੈ ਕੇ ਮਕਾਨ ਦੇ ਅੰਦਰ ਵੜ੍ਹ ਕੇ ਵੇਖਿਆ ਤਾਂ ਘਰ ਦਾ ਸਾਰਾ ਸਾਮਾਨ ਖਿਲਰਿਆ ਪਿਆ ਸੀ ਤੇ ਸਾਰੇ ਕਮਰਿਆਂ ਤੇ ਪੇਟੀ ਵਗੈਰਾ ਦੇ ਤਾਲੇ ਟੁੱਟੇ ਹੋਏ ਸਨ। ਇਸ ਸਬੰਧੀ ਸੰਪਰਕ ਕੀਤੇ ਜਾਣ ’ਤੇ ਮੁਣਸੀ ਕੰਵਰ ਰਾਜ ਕੁਮਾਰ ਨੇ ਦੱਸਿਆ ਕਿ ਪੁਲਸ ਵੱਲੋਂ ਘਟਨਾ ਦੀ ਜਾਂਚ ਸੂਰੂ ਕਰ ਦਿੱਤੀ ਗਈ ਹੈ ਅਤੇ ਚੋਰੀ ਦੇ ਨੁਕਸਾਨ ਦਾ ਅੰਦਾਜਾ ਘਰ ਦੇ ਮਾਲਕ ਦੇ ਵਾਪਸ ਪਰਤਣ ਉਪਰੰਤ ਪਤਾ ਲੱਗੇਗਾ। ਉਨ੍ਹਾਂ ਦਾਅਵਾ ਕੀਤਾ ਕਿ ਚੋਰਾਂ ਦਾ ਜਲਦੀ ਹੀ ਸੁਰਾਗ ਲਗਾ ਕੇ ਕਾਬੂ ਕਰ ਲਿਆ ਜਾਵੇਗਾ।




## 7 ਸਾਲਾਂ ਤੋਂ ਭਗੌੜਾ ਵਿਅਕਤੀ ਲੋਹੀਆਂ ਪੁਲਸ ਨੇ ਕੀਤਾ ਗ੍ਰਿਫ਼ਤਾਰ

ਲੋਹੀਆ ਖਾਸ 25 ਫਰਵਰੀ। ਨਰਿੰਦਰ ਸਿੰਘ ਔਜਲਾ ਪੀ. ਪੀ. ਐੱਸ ਉੱਪ ਪੁਲਸ ਕਪਤਾਨ ਸਬੰ ਡਵੀਜਨ ਸਾਹਕੋਟ ਜਲੰਧਰ ਦਿਹਾਤੀ ਦੀਆ ਹਦਾਇਤਾ ਅਨੁਸਾਰ ਅਤੇ ਸਬ ਇੰਸਪੈਕਟਰ ਬਖਸੀਸ ਸਿੰਘ ਮੁੱਖ ਅਫਸਰ ਥਾਣਾ ਲੋਹੀਆ ਦੀ ਪੁਲਸ ਪਾਰਟੀ ਨੇ ਐੱਨ. ਡੀ. ਪੀ. ਐੱਸ. ਐਕਟ ਦੇ ਕਮਰਸੀਅਲ ਮੁਕੱਦਮੇ ਦੇ ਇਕ ਭਗੋੜੇ (ਪੀ.ਓ) ਨੂੰ ਗ੍ਰਿਫ਼ਤਾਰ ਕੀਤਾ ਹੈ। ਬਖਸੀਸ ਸਿੰਘ ਸਬ ਇੰਸਪੈਕਟਰ ਥਾਣਾ ਮੁਖੀ ਨੇ ਦੱਸਿਆ ਕਿ ਏ. ਐੱਸ.



ਆਈ. ਅਵਤਾਰ ਸਿੰਘ ਨੇ ਸਮੇਤ ਪੁਲਸ ਪਾਰਟੀ ਦੇ ਮੁਕੱਦਮਾ ਨੰਬਰ 35 ਮਿਤੀ 10 ਅਪ੍ਰੈਲ 2017 ਨੂੰ ਦਰਜ ਹੋਏ ਮੁਕਦਮੇ ਵਿਚ ਦੋਸੀ ਰਿੰਕੂ ਸਿੰਘ ਪੁੱਤਰ ਲੇਖ ਸਿੰਘ ਵਾਸੀ ਪਿੰਡ ਮੋਹਾਤਮ ਨਗਰ (ਢੋਲਾ ਭੈਣੀ) ਥਾਣਾ ਸਦਰ ਫਾਜ਼ਿਲਕਾ ਨੂੰ ਗ੍ਰਿਫ਼ਤਾਰ ਕੀਤਾ ਹੈ। ਜਿਸ ਨੂੰ ਮਾਨਯੋਗ ਅਦਾਲਤ ਰਜਨੀਸ ਗਰਗ ਜਲੰਧਰ ਨੇ 7 ਜੂਨ 2023 ਨੂੰ ਜੇਰੇ ਧਾਰਾ 299 ਸੀ. ਆਰ. ਪੀ. ਸੀ. ਤਹਿਤ ਪੀ. ਓ. ਐਲਾਨ ਦਿੱਤਾ ਸੀ, ਜਿਸ ਨੂੰ ਅਦਾਲਤ ਪੇਸ ਕਰਕੇ ਕੇਂਦਰੀ ਜੇਲ੍ਹ ਕਪੂਰਥਲਾ ਵਿਖੇ ਭੇਜ ਦਿੱਤਾ ਗਿਆ ਹੈ।

# ਗੁਰਦਾਸਪੁਰ ਦਾ ਬੱਸ ਅੱਡਾ ਬਾਹਰ ਜਾਣ ਦੇ ਬਾਵਜੂਦ ਨਹੀਂ ਹੱਲ ਹੋਈ ਟ੍ਰੈਫਿਕ ਦੀ ਸਮੱਸਿਆ, ਨਾ ਹਟੇ ਨਾਜਾਇਜ ਕਬਜੇ

ਗੁਰਦਾਸਪੁਰ 25 ਫਰਵਰੀ। ਸ਼ਹਿਰ ਅੰਦਰ ਪਿਛਲੇ ਸਮੇਂ ਦੌਰਾਨ ਨਗਰ ਕੌਂਸਲ ਵੱਲੋਂ ਨਾਜਾਇਜ ਕਬਜੇ ਹਟਾਉਣ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਬੇਸ਼ੱਕ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ’ਚੋਂ ਨਾਜਾਇਜ ਉਸਾਰੀਆਂ ਤੋੜੀਆਂ ਗਈਆਂ ਸਨ ਪਰ ਇਸ ਦੇ ਬਾਵਜੂਦ ਸ਼ਹਿਰ ਦੀਆਂ ਤਕਰੀਬਨ ਸਾਰੀਆਂ ਸੜਕਾਂ ’ਤੇ ਨਾਜਾਇਜ ਕਬਜ਼ਿਆਂ ਦੀ ਭਰਮਾਰ ਮੁੜ ਉਸੇ ਤਰ੍ਹਾਂ ਹੈ, ਜਿਸ ਦੇ ਨਤੀਜੇ ਵਜੋਂ ਅਜੇ ਵੀ ਲੋਕ ਆਵਾਜਾਈ ਦੀ ਸਮੱਸਿਆ ਨਾਲ ਜੂਝਦੇ ਹਨ। ਬੇਸ਼ੱਕ ਲੋਕਾਂ ਨੇ ਬੱਸ ਅੱਡਾ ਬਾਹਰ ਜਾਣ ਨਾਲ ਸ਼ਹਿਰ ’ਚੋਂ ਆਵਾਜਾਈ ਦੀ ਸਮੱਸਿਆ ਦਾ ਹੱਲ ਹੋਈ ਦੀ ਉਮੀਦ ਲਾਈ ਸੀ ਪਰ ਹਾਲਾਤ ਇਹ ਬਣੇ ਹੋਏ ਹਨ ਕਿ ਅਜੇ ਵੀ ਸ਼ਹਿਰ ’ਚੋਂ ਲੰਘਦੀ ਮੁੱਖ ਸੜਕ ਅਤੇ ਤਿੱਬੜੀ ਰੋਡ ’ਤੇ ਟ੍ਰੈਫਿਕ ਜਾਮ ਲੱਗੇ ਰਹਿੰਦੇ ਹਨ। ਖਾਸ ਤੌਰ ’ਤੇ ਹਰਦੋਛੰਨੀ ਰੋਡ, ਮੱਛੀ ਮਾਰਕੀਟ ਚੌਕ ਨੇੜੇ ਅਕਸਰ ਗੱਡੀਆਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ। ਕਈ ਵਾਰ ਦਿਹਾਤੀ ਖੇਤਰ ਦੀਆਂ ਦੋ-ਦੋ ਬੱਸਾਂ ਵੀ ਕਾਹਨੂੰਵਾਨ ਚੌਕ ’ਚ ਖੜ੍ਹੀਆਂ ਰਹਿੰਦੀਆਂ ਹਨ, ਜਿਸ ਨਾਲ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ ਦੱਸਣਯੋਗ ਹੈ ਕਿ ਦੁਕਾਨਾਂ ਦੇ ਅੱਗੇ ਪਹਿਲਾਂ ਹੀ ਕਈ ਰੇਹੜੀਆਂ ਤੇ ਸਾਮਾਨ ਰੱਖਣ ਕਾਰਨ ਵਾਹਨਾਂ ਦੀ ਪਾਰਕਿੰਗ ਲਈ ਕੋਈ ਜਗ੍ਹਾ ਨਹੀਂ ਬਚਦੀ ਅਤੇ ਲੋਕਾਂ ਨੂੰ ਮਜਬੂਰਨ ਸੜਕਾਂ ਵਿਚ ਹੀ ਵਾਹਨ ਖੜ੍ਹੇ ਕਰਨੇ ਪੈਂਦੇ ਹਨ। ਅਜਿਹੀ ਸਥਿਤੀ ਵਿਚ ਜਦੋਂ ਬੱਸਾਂ ਵੀ ਸਵਾਰੀਆਂ ਨੂੰ ਉਤਾਰਨ ਚੜ੍ਹਾਉਣ ਲਈ ਰੁਕਦੀਆਂ ਹਨ, ਤਾਂ ਆਵਾਜਾਈ ਵਿਚ ਹੋਰ ਵਿਘਨ ਪੈਂਦਾ ਹੈ। ਇੱਥੇ ਹੀ ਬੱਸ ਨਹੀਂ ਕਾਹਨੂੰਵਾਨ ਚੌਕ ਤੋਂ ਬਟਾਲਾ ਵਾਲੀ ਸਾਈਡ ਨੂੰ ਜਾਣ ਵਾਲੇ ਆਟੋ ਰਿਕਸ਼ਾ ਵੀ ਸਵਾਰੀਆਂ ਨੂੰ ਚੜ੍ਹਾਉਣ ਲਈ



ਲਾਈਨ ਵਿਚ ਖੜ੍ਹੇ ਰਹਿੰਦੇ ਹਨ, ਜਿਸ ਕਾਰਨ ਚੌਕ ਵਿਚ ਆਵਾਜਾਈ ਪ੍ਰਭਾਵਿਤ ਹੁੰਦੀ ਰਹਿੰਦੀ ਹੈ। ਲੋਕਾਂ ਨੂੰ ਪੇਸ਼ ਆ ਰਹੀ ਇਸ ਸਮੱਸਿਆ ਦੇ ਬਾਵਜੂਦ ਪੁਲਸ ਵੱਲੋਂ ਸਖਤ ਕਦਮ ਨਹੀਂ ਚੁੱਕੇ ਜਾ ਰਹੇ, ਜਿਸ ਕਾਰਨ ਵਾਹਨ ਚਾਲਕ ਆਪਣੀ ਮਨਮਰਜੀ ਕਰ ਰਹੇ ਹਨ। ਸ਼ਹਿਰ ਵਾਸੀਆਂ ਨੇ ਕਿਹਾ ਕਿ ਨਗਰ ਕੌਂਸਲ ਨੇ ਬੇਸ਼ੱਕ ਸ਼ਹਿਰ ਵਿਚ ਨਾਜਾਇਜ ਕਬਜੇ ਹਟਾਏ ਸਨ ਪਰ ਸੜਕਾਂ ਕਿਨਾਰੇ ਲੱਗੇ ਬਿਜਲੀ ਦੇ ਖੰਭੇ ਤੇ ਰੁੱਖ ਵੀ ਨਾਜਾਇਜ ਕਬਜ਼ਿਆਂ ਦਾ ਕਾਰਨ ਬਣ ਰਹੇ ਹਨ ਕਿਉਂਕਿ ਇਨ੍ਹਾਂ ਰੁੱਖਾਂ ਤੇ ਖੰਭਿਆਂ ਤੋਂ ਦੁਕਾਨਾਂ ਤੱਕ ਦੀ ਜਗ੍ਹਾ ’ਚ ਦੁਕਾਨਦਾਰਾਂ ਨੇ ਪੱਕੇ ਕਬਜੇ ਕਰਕੇ ਆਪਣਾ ਸਾਮਾਨ ਰੱਖਿਆ ਹੁੰਦਾ ਹੈ, ਜਿਸ ਕਾਰਨ ਪਾਰਕਿੰਗ ਲਈ ਜਗ੍ਹਾ ਹੀ ਨਹੀਂ ਬਚਦੀ ਅਤੇ ਇਨ੍ਹਾਂ ਦੁਕਾਨਾਂ ’ਤੇ ਆਉਣ ਵਾਲੇ ਲੋਕ ਮਜਬੂਰੀਵਸ ਆਪਣੇ ਵਾਹਨ ਸੜਕਾਂ ਵਿਚ ਹੀ ਖੜ੍ਹੇ ਕਰਕੇ ਚਲੇ ਜਾਂਦੇ ਹਨ। ਸ਼ਹਿਰ ਵਾਸੀਆਂ ਨੇ ਮੰਗ ਕੀਤੀ ਕਿ ਦੁਕਾਨਾਂ ਦੇ ਬਾਹਰ ਸਾਮਾਨ ਰੱਖਣ ਦੇ ਰੁਝਾਨ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਸਖਤ ਕਦਮ ਚੁੱਕੇ ਜਾਣ ਅਤੇ ਜਿਹੜੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਅੱਗੇ ਪੱਕੇ ਤੌਰ ’ਤੇ ਰੇਹੜੀਆਂ ਲਵਾਈਆਂ ਹਨ, ਉਨ੍ਹਾਂ ਨੂੰ ਵੀ ਹਟਾਇਆ ਜਾਵੇ ਤਾਂ ਜੋ ਦੁਕਾਨਾਂ ਦੇ ਅੱਗੇ ਖਾਲੀ ਪਈ ਜਗ੍ਹਾ ਵਿਚ ਪਾਰਕਿੰਗ ਹੋ ਸਕੇ ਅਤੇ ਆਵਾਜਾਈ ਵਿਚ ਵਿਘਨ ਨਾ ਪਵੇ। ਇਸੇ ਤਰ੍ਹਾਂ ਕਾਹਨੂੰਵਾਨ ਚੌਕ ਰਾਹੀਂ ਬੱਸਾਂ ਦਾ ਆਉਣਾ-ਜਾਣਾ ਬੰਦ ਕੀਤਾ ਜਾਵੇ ਅਤੇ ਚੌਕ ਵਿਚ ਖੜ੍ਹੇ ਹੋਣ ਵਾਲੇ ਟੈਂਪੂਆਂ ਨੂੰ ਵੀ ਚੌਕ ’ਤੇ ਅੱਗੇ ਖਾਲੀ ਜਗ੍ਹਾ ’ਚ ਖੜ੍ਹੇ ਹੋਣ ਲਈ ਪਾਬੰਦ ਕੀਤਾ ਜਾਵੇ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਚੰਡੀਗੜ੍ਹ ਨੂੰ ਬਣਾਇਆ ਜਾਵੇਗਾ 'ਭਿਖਾਰੀ ਮੁਕਤ', ਬੱਚਿਆਂ ਨੂੰ ਭੇਜਿਆ ਜਾਵੇਗਾ ਸਕੂਲ ਤੇ ਔਰਤਾਂ ਨੂੰ ਮਿਲੇਗਾ ਰੁਜਗਾਰ

ਚੰਡੀਗੜ੍ਹ 25 ਫਰਵਰੀ। ਚੰਡੀਗੜ੍ਹ ਵਿਕਾਸ ਕਮੇਟੀ ਵਲੋਂ ਸਿਟੀ ਬਿਊਟੀਫੁੱਲ ਨੂੰ ਭਿਖਾਰੀਆਂ ਤੋਂ ਮੁਕਤ ਕਰਨ ਦਾ ਬੀੜਾ ਚੁੱਕਿਆ ਗਿਆ ਹੈ। ਚੰਡੀਗੜ੍ਹ ਵਿਕਾਸ ਸਮਿਤੀ ਸਹਿਰ ਦੇ ਵੱਖ-ਵੱਖ ਚੌਕਾਂ ਅਤੇ ਲਾਈਟ ਪੁਆਇੰਟਾਂ 'ਤੇ ਭੀਖ ਮੰਗਣ ਵਾਲੇ ਬੱਚਿਆਂ ਨੂੰ ਸਕੂਲਾਂ ਵਿਚ ਭੇਜੇਗੀ ਤਾਂ ਜੋ ਬੱਚੇ ਭੀਖ ਮੰਗਣ ਦੀ ਥਾਂ ਪੜ੍ਹ-ਲਿਖ ਸਕਣ। ਇਸ ਤੋਂ ਇਲਾਵਾ ਭੀਖ ਮੰਗਣ ਵਾਲੀਆਂ ਔਰਤਾਂ ਨੂੰ ਰੁਜਗਾਰ ਦਿੱਤਾ ਜਾਵੇਗਾ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਇਸ ਬਾਰੇ ਚੰਡੀਗੜ੍ਹ ਵਿਕਾਸ ਸਮਿਤੀ ਦੀ ਪ੍ਰਧਾਨ ਡਾ. ਸੰਦੀਪ ਸੰਧੂ ਨੇ ਕਿਹਾ ਕਿ ਔਰਤਾਂ ਨੂੰ ਸਿਲਾਈ-ਕਢਾਈ ਤੋਂ ਲੈ ਕੇ ਘਰ ਵਿਚ ਕੰਮ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਵੱਖ-ਵੱਖ ਸਹਿਰਾਂ ਵਿਚ ਭਿਖਾਰੀਆਂ ਨੂੰ ਖਤਮ ਕਰਨ ਲਈ ਉਪਰਾਲੇ ਸ਼ੁਰੂ ਕੀਤੇ ਹਨ, ਉਸ ਤਹਿਤ ਵੀ ਭੀਖ ਮੰਗਣ ਵਾਲਿਆਂ ਦੀ ਬਣਦੀ ਮਦਦ ਕੀਤੀ ਜਾਵੇਗੀ। ਡਾ. ਸੰਦੀਪ ਸੰਧੂ ਨੇ ਕਿਹਾ ਕਿ ਚੰਡੀਗੜ੍ਹ ਦਾ ਦੇਸ-ਵਿਦੇਸ ਵਿਚ ਇਕ ਸੁੰਦਰ ਸਹਿਰ ਵਜੋਂ ਅਕਸ ਹੈ। ਇਸ ਸਮੇਂ ਸਹਿਰ ਦੇ ਚੌਕਾਂ, ਬਾਜਾਰਾਂ ਅਤੇ ਸੈਰ ਸਪਾਟੇ



ਵਾਲੀਆਂ ਥਾਂਵਾਂ 'ਤੇ ਭਿਖਾਰੀ ਵੱਡੀ ਗਿਣਤੀ ਵਿਚ ਮੌਜੂਦ ਹਨ। ਇਸ ਨਾਲ ਸਹਿਰ ਦਾ ਅਕਸ ਵੀ ਖਰਾਬ ਹੁੰਦਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਕਾਸ ਸਮਿਤੀ ਭੀਖ ਮੰਗਣ ਵਾਲੇ ਛੋਟੇ ਬੱਚਿਆਂ ਨੂੰ ਸਿੱਖਿਆ ਦਿਵਾਉਣ ਲਈ ਕੰਮ ਕਰੇਗੀ। ਭੀਖ ਮੰਗਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਵੀ ਰੁਜਗਾਰ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਉਹ ਭੀਖ ਮੰਗਣ ਤੋਂ ਦੂਰ ਰਹਿਣ। ਇਸ ਲਈ ਸਹਿਰ ਦੀਆਂ ਵੱਖ-ਵੱਖ ਸਮਾਜਿਕ ਸੰਸਥਾਵਾਂ ਨੂੰ ਵੀ ਜੋੜਿਆ ਜਾਵੇਗਾ। ਇਸ ਸਬੰਧੀ ਚੰਡੀਗੜ੍ਹ ਵਿਕਾਸ ਸਮਿਤੀ ਵਲੋਂ ਜਲਦੀ ਹੀ ਸਰਵੇਖਣ ਸ਼ੁਰੂ ਕੀਤਾ ਜਾਵੇਗਾ। ਸਮਿਤੀ ਦੀ ਟੀਮ ਸਹਿਰ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰੇਗੀ। ਇਹ ਦੇਖਿਆ ਜਾਵੇਗਾ ਕਿ ਸਹਿਰ ਵਿਚ ਕਿੰਨੇ ਭਿਖਾਰੀ ਹਨ ਅਤੇ ਉਨ੍ਹਾਂ ਦੇ ਭੀਖ ਮੰਗਣ ਦਾ ਮੁੱਖ ਕਾਰਨ ਕੀ ਹੈ। ਕੇਂਦਰ ਸਰਕਾਰ ਨੇ ਹਾਲ ਹੀ ਵਿਚ ਭਿਖਾਰੀ ਮੁਕਤ ਐਲਾਨੇ ਗਏ ਸਹਿਰਾਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ ਵਿਚ ਪੰਚਕੂਲਾ ਨੂੰ ਸਾਮਲ ਕੀਤਾ ਗਿਆ ਹੈ। ਚੰਡੀਗੜ੍ਹ ਵਿਕਾਸ ਸਮਿਤੀ ਇਹ ਵੀ ਦੇਖੇਗੀ ਕਿ ਕੋਈ ਵੀ ਅੰਗਹੀਣ ਜਾਂ ਬਿਮਾਰ ਹੋਣ ਕਾਰਣ ਭੀਖ ਮੰਗਣ ਲਈ ਮਜਬੂਰ ਨਾ ਹੋਵੇ। ਅਜਿਹੇ ਲੋਕਾਂ ਦਾ ਮੁਫਤ ਇਲਾਜ ਕਰਵਾਉਣ ਲਈ ਵੀ ਉਪਰਾਲੇ ਕੀਤੇ ਜਾਣਗੇ। ਡਾ. ਸੰਦੀਪ ਸੰਧੂ ਅਨੁਸਾਰ ਚੰਡੀਗੜ੍ਹ ਵਿਕਾਸ ਸਮਿਤੀ ਵਲੋਂ ਵੱਖ-ਵੱਖ ਸਮਾਜਿਕ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਗਤੀਵਿਧੀਆਂ ਦੇ ਆਯੋਜਨ ਦਾ ਮਕਸਦ ਸਮਾਜ ਦੇ ਪਿਛੜੇ ਅਤੇ ਆਰਥਿਕ ਤੌਰ 'ਤੇ ਕਮਜੋਰ ਲੋਕਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਹੈ।

# ਅੱਤਵਾਦੀ ਹਮਲੇ 'ਚ ਮਾਰੇ ਗਏ ਰੋਹਿਤ ਮਸੀਹ ਦਾ ਹੋਇਆ ਅੰਤਿਮ ਸੰਸਕਾਰ, ਮਾਪਿਆਂ ਦਾ ਰੋ-ਰੋ ਬੁਰਾ ਹਾਲ

ਚਮਿਆਰੀ 25 ਫਰਵਰੀ। ਬੀਤੇ ਦਿਨੀਂ ਸ੍ਰੀਨਗਰ ਵਿੱਚ ਅੱਤਵਾਦੀਆਂ ਵੱਲੋਂ ਸਰੇਆਮ ਗੋਲੀਆਂ ਮਾਰ ਕੇ ਮਾਰੇ ਗਏ ਕਸਬਾ ਚਮਿਆਰੀ ਨਾਲ ਸਬੰਧਿਤ ਨੌਜਵਾਨ ਰੋਹਿਤ ਮਸੀਹ ਪੁੱਤਰ ਪ੍ਰੇਮ ਮਸੀਹ ਦੀ ਮ੍ਰਿਤਕ ਦੇਹ ਜੋ ਕਿ ਬੀਤੀ ਅੱਧੀ ਰਾਤ ਨੂੰ ਸ੍ਰੀਨਗਰ ਤੋਂ ਕਸਬਾ ਚਮਿਆਰੀ ਵਿਖੇ ਪਹੁੰਚੀ ਸੀ, ਨੂੰ ਅੱਜ ਕਸਬਾ ਚਮਿਆਰੀ ਦੇ ਕਬਰਿਸਤਾਨ ਵਿਖੇ ਸਪੁਰਦ-ਏ-ਖਾਕ ਕਰ ਦਿੱਤਾ ਗਿਆ। ਸ੍ਰੀਨਗਰ ਪੁਲਸ ਵੱਲੋਂ ਰੋਹਿਤ ਮਸੀਹ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਜਦ ਬੀਤੀ ਰਾਤ ਡੇਢ ਵਜੇ ਦੇ ਕਰੀਬ ਰੋਹਿਤ ਮਸੀਹ ਦਾ ਮ੍ਰਿਤਕ ਸਰੀਰ ਐਬੂਲੈਂਸ ਰਾਹੀਂ ਸ੍ਰੀਨਗਰ ਤੋਂ ਉਸਦੇ ਜੱਦੀ ਕਸਬੇ ਚਮਿਆਰੀ ਵਿਖੇ ਪਹੁੰਚਿਆ ਤਾਂ ਉਸ ਦੇ ਮਾਪਿਆਂ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਦੇ ਵਿਰਲਾਪ ਨਾਲ ਇੰਝ ਲੱਗਾ ਕਿ ਜਿਵੇਂ ਸਮਾਂ ਰੁਕ ਗਿਆ ਹੋਵੇ। ਮਾਪਿਆਂ ਦੇ ਇਕਲੌਤੇ ਪੁੱਤ ਦੀ ਮ੍ਰਿਤਕ ਦੇਹ ਨੂੰ ਅੱਜ ਜਦੋਂ ਕਸਬਾ ਚਮਿਆਰੀ ਦੇ ਕਬਰਿਸਤਾਨ ਵਿਖੇ ਸਪੁਰਦ-ਏ-ਖਾਕ ਕਰਨ ਲਈ ਲਿਜਾਇਆ ਗਿਆ ਤਾਂ ਇਸ ਮੌਕੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਤੋਂ ਇਲਾਵਾ ਹੋਰਨਾਂ ਸੈਂਕੜੇ ਲੋਕਾਂ ਨੇ ਸਮੂਲੀਅਤ ਕਰਕੇ ਆਪਣੀਆਂ ਨਮ ਅੱਖਾਂ ਨਾਲ ਉਸ ਨੂੰ ਅੰਤਿਮ ਵਿਦਾਇਗੀ ਦਿੱਤੀ। ਉਧਰ ਦੂਜੇ ਪਾਸੇ ਕਸਬਾ ਚਮਿਆਰੀ ਦੇ ਦੋ ਨੌਜਵਾਨਾਂ ਦੀ ਇਕੱਠਿਆਂ ਮੌਤ ਹੋਣ ਕਾਰਨ ਅੱਜ ਦੂਜੇ ਦਿਨ ਵੀ ਇਲਾਕੇ ਵਿੱਚ ਪੂਰੀ ਤਰ੍ਹਾਂ ਨਾਲ ਸੋਗ ਦੀ ਲਹਿਰ ਫੈਲੀ ਰਹੀ ਅਤੇ ਬਹੁਤ ਸਾਰੀਆਂ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਸਬੰਧਤ ਆਗੂਆਂ ਨੇ ਰੋਹਿਤ ਮਸੀਹ ਅਤੇ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ। ਇੱਥੇ ਇਹ ਵੀ ਦੱਸਣਯੋਗ ਹੈ ਬੀਤੇ ਦਿਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬ ਸਰਕਾਰ ਵੱਲੋਂ ਪੀੜਤ ਪਰਿਵਾਰਾਂ ਨੂੰ ਜਿੱਥੇ 2-2 ਲੱਖ ਰੁਪਏ ਦੇ ਮਦਦ ਵੱਜੋਂ ਚੈੱਕ ਦਿੱਤੇ ਸਨ ਉੱਥੇ ਹੀ ਜੰਮੂ ਕਸਮੀਰ ਸਰਕਾਰ ਵੱਲੋਂ ਵੀ ਮ੍ਰਿਕ ਸਰੀਰਾਂ ਨਾਲ 1 ਲੱਖ ਰੁਪਏ ਦਾ ਚੈੱਕ ਅਤੇ 50 ਹਜਾਰ ਰੁਪਏ ਨਗਦ ਸਹਾਇਤਾ ਰਾਸੀ ਵੱਜੋਂ ਭੇਜੇ ਗਏ ਸਨ। ਇਸ ਮੌਕੇ ਪੀੜਤ ਪਰਿਵਾਰ ਦੇ ਰਿਸਤੇਦਾਰਾਂ ਤੋਂ ਇਲਾਵਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਦਫਤਰ ਸਕੱਤਰ ਗੁਰਜੰਟ ਸਿੰਘ ਸੋਹੀ, ਸਰਪੰਚ ਜਰਨੈਲ ਸਿੰਘ ਜੈਲਦਾਰ, ਗੁਰਵਿੰਦਰ ਸਿੰਘ ਗੋਲੂ ਕਾਹਲੋਂ, ਸਰਬਮਾਨ ਸਿੰਘ ਜੌਹਲ, ਸੁਲੱਖਣ ਸਿੰਘ ਪਟਵਾਰੀ, ਗੁਰਦੇਵ ਸਿੰਘ ਸੰਧੂ, ਬਲਦੇਵ ਸਿੰਘ ਸੋਹੀ, ਮਹਿੰਦਰਪਾਲ ਚਮਿਆਰੀ, ਮਿੱਠੂ ਸਾਹ, ਦੇਬਾ ਮਸੀਹ, ਬਲਬੀਰ ਸਿੰਘ ਬਿੱਟੂ, ਜਰਨੈਲ ਸਿੰਘ, ਪਰਮਜੀਤ ਮਾਨ, ਗੁਰਭੇਜ ਗੋਲਡੀ, ਯਾਕੂਬ ਮਸੀਹ, ਪਾਲ ਮਸੀਹ, ਸੋਨੂੰ ਮਸੀਹ, ਸਾਬਕਾ ਸਰਪੰਚ ਪਾਲ ਸਿੰਘ, ਸਵਿੰਦਰ ਸਿੰਘ, ਜੱਜ ਮਸੀਹ, ਮੁਖਤਾਰ ਸਿੰਘ, ਹੀਰਾ ਮਸੀਹ, ਜੱਗਾ ਮਸੀਹ, ਪੰਮਾ ਮਸੀਹ, ਲੱਭਾ ਮਸੀਹ, ਜੱਗਾ ਮਸੀਹ, ਤੋਤੀ ਮਸੀਹ, ਸਾਬਾ ਮਸੀਹ, ਗੋਰਾ ਮਸੀਹ, ਬਲਦੇਵ ਮਸੀਹ ਸਮੇਤ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਮਾਮਲਾ ਕੈਦੀਆਂ ਦੀ ਵਾਇਰਲ ਵੀਡੀਓ ਦਾ: ਬਠਿੰਡਾ ਜੇਲ੍ਹ 'ਚ ਮੋਬਾਇਲ ਪਹੁੰਚਾਉਣ ਵਾਲੇ ਨੇ ਕੀਤਾ ਸਰੰਡਰ

ਬਠਿੰਡਾ 25 ਫਰਵਰੀ। ਬਠਿੰਡਾ ਦੀ ਹਾਈ ਸਕਿਓਰਿਟੀ ਜੇਲ੍ਹ 'ਚ ਬੰਦ ਕੈਦੀਆਂ ਅਤੇ ਹਵਾਲਾਤੀਆਂ ਨੂੰ ਮੋਬਾਇਲ ਫੋਨ ਦੇਣ ਵਾਲੇ ਮੁਲਜਮ ਨੇ ਖੁਦ ਨੂੰ ਪੁਲਸ ਨੂੰ ਸਰੰਡਰ ਕਰ ਦਿੱਤਾ ਹੈ। ਜਿਸ ਤਹਿਤ ਥਾਣਾ ਕੈਂਟ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੇਂਦਰੀ ਜੇਲ੍ਹ ਬਠਿੰਡਾ ਦੇ ਕੈਦੀਆਂ ਨੇ ਜੇਲ੍ਹ ਅੰਦਰੋਂ ਇਕ ਵੀਡੀਓ ਵਾਇਰਲ ਕਰ ਕੇ ਜੇਲ੍ਹ ਪ੍ਰਬੰਧਕਾਂ 'ਤੇ ਜੇਲ੍ਹ 'ਚ ਮੋਬਾਇਲ ਅਤੇ ਨਸ਼ੇ ਵੇਚਣ ਦਾ ਦੋਸ਼ ਲਗਾਇਆ ਸੀ। ਇਸ ਸਬੰਧੀ ਪੁਲਸ ਨੇ ਦਰਜਨ ਤੋਂ ਵੱਧ ਪੁਲਸ ਮੁਲਾਜਮਾਂ ਖ਼ਿਲਾਫ ਕੇਸ ਦਰਜ ਕੀਤਾ ਸੀ। ਥਾਣਾ ਕੈਂਟ ਦੇ ਐੱਸ. ਆਈ. ਕਰਮਜੀਤ ਸਿੰਘ ਨੇ ਦੱਸਿਆ ਕਿ ਜੇਲ੍ਹ ਵਿਚ ਬੰਦ ਵਿਅਕਤੀਆਂ ਨੂੰ ਮੋਬਾਇਲ ਫੋਨ ਪਹੁੰਚਾਉਣ ਵਾਲੇ ਮੁਲਜਮਾਂ ਵਿੱਚੋਂ ਇਕ ਨੇ ਆਪਣੇ ਆਪ ਨੂੰ ਪੁਲਸ ਸਾਹਮਣੇ ਪੇਸ਼ ਕੀਤਾ ਹੈ। ਉਕਤ ਮੁਲਜਮ ਆਪਣੇ ਕੁਝ ਸਾਥੀਆਂ ਦੀ ਮਦਦ ਨਾਲ ਜੇਲ੍ਹ ਵਿਚ ਮੋਬਾਇਲ ਪਹੁੰਚਾਉਂਦਾ ਸੀ। ਇਸ ਸਬੰਧੀ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਮੋਹਾਲੀ 'ਚ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ 'ਨੋ ਫਲਾਇੰਗ ਜ਼ੋਨ' ਦਾ ਐਲਾਨ

ਮੋਹਾਲੀ 25 ਫਰਵਰੀ। ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸੁਰੱਖਿਆ ਅਤੇ ਅਮਨ-ਕਾਨੂੰਨ ਸਥਿਤੀ ਦੇ ਮੱਦੇਨਜਰ ਐੱਸ. ਬੀ. ਐੱਸ. ਅੰਤਰਰਾਸ਼ਟਰੀ ਏਅਰਪੋਰਟ ਮੋਹਾਲੀ ਅਤੇ ਇਸ ਦੇ ਨਾਲ ਲੱਗਦੇ 5 ਕਿਲੋਮੀਟਰ ਘੇਰੇ ਦੇ (ਰੇਡੀਅਸ) ਏਰੀਏ ਨੂੰ ਨੋ-ਡਰੋਨ ਅਤੇ ਨੋ ਫਲਾਈ ਜੋਨ ਐਲਾਨਿਆ ਹੈ। ਇਸ ਦੇ ਨਾਲ ਹੀ ਕਿਸੇ ਵੀ ਕਿਸਮ ਦੇ ਫਲਾਇੰਗ ਆਬਜੈਕਟ ਨੂੰ ਉਡਾਉਣ 'ਤੇ ਮੁਕੰਮਲ ਪਾਬੰਦੀ ਲਾਈ ਗਈ ਹੈ। ਹੁਕਮ ਜਾਰੀ ਕਰਦਿਆਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਇਸ ਇਲਾਕੇ 'ਚ ਕਿਸੇ ਵੀ ਕਿਸਮ ਦੇ ਫਲਾਇੰਗ ਆਬਜੈਕਟ ਦੇ ਉਡਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ ਅਤੇ ਇਹ ਹੁਕਮ ਹਵਾਬਾਜੀ/ਡਿਫੈਂਸ ਵਿਭਾਗ ਵੱਲੋਂ ਪ੍ਰਵਾਨਿਤ ਉਡਾਨਾਂ 'ਤੇ ਲਾਗੂ ਨਹੀਂ ਹੋਵੇਗਾ।

# ਪੰਜਾਬ ਪੁਲਸ ਦੇ ਥਾਣੇਦਾਰ ਨਾਲ 2 ਵਿਅਕਤੀਆਂ ਨੇ ਕਰ ਦਿੱਤਾ ਕਾਂਡ, ਸੱਚ ਸਾਹਮਣੇ ਆਉਣ 'ਤੇ ਉੱਡੇ ਹੋਸ਼

ਗੜ੍ਹਸ਼ੰਕਰ 25 ਫਰਵਰੀ। ਹੁਸ਼ਿਆਰਪੁਰ ਅਦਾਲਤ ਵਿਚ ਨਾਇਬ ਕੋਰਟ ਵਜੋਂ ਡਿਊਟੀ ਨਿਭਾਅ ਰਹੇ ਥਾਣੇਦਾਰ ਸੰਜੀਵ ਕੁਮਾਰ ਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਮਾਹਿਲਪੁਰ ਪੁਲਸ ਨੇ ਦੋ ਠੱਗਾਂ ਖ਼ਿਲਾਫ ਜਾਅਲਸਾਜੀ ਅਤੇ ਧੋਖਾਦੇਹੀ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਠੱਗੀ ਦਾ ਸ਼ਿਕਾਰ ਹੋਏ ਏ. ਐੱਸ. ਆਈ. ਸੰਜੀਵ ਕੁਮਾਰ ਪੁੱਤਰ ਤਰਸੇਮ ਲਾਲ ਵਾਸੀ ਚੱਕ ਨਰਿਆਲ ਥਾਣਾ ਮਾਹਿਲਪੁਰ ਨੇ ਐੱਸ. ਐੱਸ. ਪੀ. ਹੁਸ਼ਿਆਰਪੁਰ ਨੂੰ 23 ਸਤੰਬਰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਉਹ ਹੁਸ਼ਿਆਰਪੁਰ ਅਦਾਲਤ ਵਿਚ ਨਾਇਬ ਕੋਰਟ ਵਜੋਂ ਕੰਮ ਕਰਦਾ ਹੈ। ਇਸ ਦੌਰਾਨ ਉਸ ਦੀ ਮੁਲਾਕਾਤ ਹਰਦੀਪ ਸਿੰਘ ਅਤੇ ਦਵਿੰਦਰ ਕੁਮਾਰ ਨਾਲ ਹੋਈ ਸੀ, ਉਨ੍ਹਾਂ ਕਿਹਾ ਸੀ ਕਿ ਉਹ ਬੈਂਕਾਂ ਵਿਚੋਂ ਲੋਕਾਂ ਨੂੰ ਕਰਜ਼ਾ ਦਿਵਾਉਣ ਦਾ ਕੰਮ ਕਰਦੇ ਹਨ ਅਤੇ ਬੈਂਕਾਂ ਵਿਚ ਉਨ੍ਹਾਂ ਦੀ ਬਹੁਤ ਜਾਣ-ਪਛਾਣ ਹੈ। ਥਾਣੇਦਾਰ ਨੇ ਦੱਸਿਆ ਕਿ ਉਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਉਸ ਨੇ ਵੀ ਕਰਜ਼ਾ ਲੈਣ ਦੀ ਇੱਛਾ ਦੱਸੀ ਤਾਂ ਦੋਵੇਂ ਉਸ ਕੋਲੋਂ ਕਰਜ਼ਾ ਲੈਣ ਵਾਸਤੇ ਸਾਰੇ ਕਾਗਜ ਅਤੇ ਪੰਜ ਖਾਲੀ ਚੈੱਕ, ਜਿਨ੍ਹਾਂ 'ਤੇ ਉਸ ਨੇ ਦਸਤਖਤ ਕੀਤੇ ਸਨ, ਲੈ ਗਏ। ਉਸ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਉਸ ਦੇ ਬੈਂਕ ਖਾਤੇ ਵਿਚ 7 ਲੱਖ 38



ਹਜਾਰ 838 ਰੁਪਏ ਜਮ੍ਹਾ ਹੋ ਗਏ ਅਤੇ ਬੈਂਕ ਵਿਚੋਂ ਆਏ ਫੋਨ 'ਤੇ ਦੱਸਿਆ ਗਿਆ ਕਿ ਜਿਹੜਾ ਕਰਜ਼ਾ ਲੈਣ ਲਈ ਤੁਸੀਂ ਅਪਲਾਈ ਕੀਤਾ ਸੀ, ਉਹ ਪਾਸ ਹੋ ਗਿਆ ਹੈ ਅਤੇ ਪੈਸੇ ਤੁਹਾਡੇ ਬੈਂਕ ਖਾਤੇ ਵਿਚ ਜਮ੍ਹਾ ਕਰਵਾ ਦਿੱਤਾ ਗਏ ਹਨ। ਥਾਣੇਦਾਰ ਸੰਜੀਵ ਕੁਮਾਰ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਉਸ ਦੇ ਫੋਨ 'ਤੇ ਮੈਸੇਜ ਆਇਆ ਕਿ ਉਸ ਦੇ ਖਾਤੇ ਵਿਚੋਂ 7 ਲੱਖ 38 ਹਜਾਰ 838 ਰੁਪਏ ਕਢਵਾ ਲਏ ਗਏ ਹਨ। ਜਿਸ 'ਤੇ ਉਹ ਬੈਂਕ ਪਹੁੰਚਿਆ ਅਤੇ ਬੈਂਕ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨਾਲ ਫਰਾਡ ਹੋ ਗਿਆ ਹੈ, ਕਿਸੇ ਨੇ ਉਸਦੇ ਖਾਤੇ ਵਿਚੋਂ ਸਾਰੇ ਪੈਸੇ ਕਢਵਾ ਲਏ ਹਨ। ਉਸ ਨੂੰ ਦੱਸਿਆ ਗਿਆ ਕਿ ਇਹ ਫਰਾਡ ਨਹੀਂ ਸਗੋਂ ਤੁਹਾਡੇ ਦਸਤਖਤ ਕੀਤੇ ਚੈੱਕ ਰਾਹੀਂ ਇਹ ਪੈਸੇ ਨਿਕਲੇ ਹਨ। ਪੀੜਤ ਥਾਣੇਦਾਰ ਨੇ ਐੱਸ. ਐੱਸ. ਪੀ. ਹੁਸ਼ਿਆਰਪੁਰ ਨੂੰ ਗੁਹਾਰ ਲਗਾਈ ਸੀ ਕਿ ਉਸ ਨਾਲ ਧੋਖਾਦੇਹੀ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਸਦੇ ਪੈਸੇ ਵਾਪਸ ਦਿਵਾਏ ਜਾਣ। ਇਸ ਸ਼ਿਕਾਇਤ ਦੀ ਤਫਤੀਸ਼ ਡੀ. ਐੱਸ. ਪੀ. ਆਪ੍ਰੇਸ਼ਨ ਰਵਿੰਦਰ ਸਿੰਘ ਵੱਲੋਂ ਕਰਨ ਤੋਂ ਬਾਅਦ ਥਾਣਾ ਮਾਹਿਲਪੁਰ ਦੇ ਏ. ਐੱਸ. ਆਈ. ਜੱਗਾ ਰਾਮ ਨੇ ਹਰਦੀਪ ਸਿੰਘ ਪੁੱਤਰ ਹਰਮਿੰਦਰ ਸਿੰਘ ਵਾਸੀ ਬੈਂਸਤਾਨੀ ਥਾਣਾ ਬੁੱਲ੍ਹੋਵਾਲ ਅਤੇ ਦਵਿੰਦਰ ਕੁਮਾਰ ਖ਼ਿਲਾਫ ਧਾਰਾ 420,465,468 ਤੇ 471 ਆਈ. ਪੀ. ਸੀ. ਐਕਟ ਦੇ ਤਹਿਤ ਕੇਸ ਦਰਜ ਕਰਕੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਘਰ 'ਤੇ ਕਬਜ਼ਾ ਕਰ ਕੇ ਫਰਨੀਚਰ ਵੇਚਿਆ

ਚੰਡੀਗੜ੍ਹ 25 ਫਰਵਰੀ। ਖੁੱਡਾ ਅਲੀਸ਼ੇਰ ਵਿਖੇ ਬੰਦ ਮਕਾਨ ਅੰਦਰ ਰੱਖਿਆ ਫਰਨੀਚਰ ਇਕ ਵਿਅਕਤੀ ਨੇ ਵੇਚ ਦਿੱਤਾ। ਜਦੋਂ ਦਿੱਲੀ ਦੇ ਰੋਹਿਣੀ ਨਿਵਾਸੀ ਆਸਾ ਰਾਮ ਨੂੰ ਪਤਾ ਲੱਗਾ ਤਾਂ ਉਸ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਕੀਤੀ। ਸੈਕਟਰ-11 ਥਾਣਾ ਪੁਲਸ ਨੇ ਆਸਾ ਰਾਮ ਦੀ ਸ਼ਿਕਾਇਤ 'ਤੇ ਖੁੱਡਾ ਅਲੀਸ਼ੇਰ ਦੇ ਰਹਿਣ ਵਾਲੇ ਗੁਰਸੇਵਕ ਸਿੰਘ ਖ਼ਿਲਾਫ ਚੋਰੀ ਅਤੇ ਟ੍ਰੈਸਪਾਸਿੰਗ ਦਾ ਮਾਮਲਾ ਦਰਜ ਕੀਤਾ ਹੈ। ਆਸਾ ਰਾਮ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦਾ ਖੁੱਡਾ ਅਲੀਸ਼ੇਰ ਵਿਚ ਇਕ ਮਰਲੇ ਦਾ ਪਲਾਟ ਹੈ। 13 ਅਗਸਤ 2019 ਨੂੰ ਜਦੋਂ ਉਹ ਘਰ ਆਇਆ ਤਾਂ ਤਾਲਾ ਟੁੱਟਿਆ ਹੋਇਆ ਸੀ ਅਤੇ ਅੰਦਰ ਰੱਖਿਆ ਸਾਰਾ ਫਰਨੀਚਰ ਗੁਰਸੇਵਕ ਸਿੰਘ ਵਾਸੀ ਖੁੱਡਾ ਅਲੀਸ਼ੇਰ ਵੇਚ ਚੁੱਕਾ ਸੀ। ਉਸ ਨੇ ਦੋਸ਼ ਲਾਇਆ ਕਿ ਇਸ ਵਿਚ ਗੁਰਸੇਵਕ ਦੇ ਨਾਲ-ਨਾਲ ਉਸ ਦੇ ਸਾਥੀ ਵੀ ਸ਼ਾਮਲ ਸਨ। ਉਸ ਨੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ। ਸੈਕਟਰ-11 ਥਾਣਾ ਪੁਲਸ ਨੇ ਮਾਮਲੇ ਦੀ ਜਾਂਚ ਕਰ ਕੇ ਗੁਰਸੇਵਕ ਤੇ ਹੋਰਨਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ।

## ਪੰਜਾਬ 'ਚ ਪਰਾਲੀ ਸਾੜਨ ਦੇ ਕੇਸਾਂ 'ਚ 26 ਫੀਸਦੀ ਵਾਧਾ

ਚੰਡੀਗੜ੍ਹ 25 ਫਰਵਰੀ। ਪੰਜਾਬ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਸਾਲ 2022 ਨਾਲੋਂ 26 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਸਾਲ 2022 'ਚ ਜਿੱਥੇ 15 ਲੱਖ ਏਕੜ 'ਚ ਪਰਾਲੀ ਸਾੜੀ ਗਈ ਸੀ, ਉੱਥੇ ਹੀ ਸਾਲ 2023 'ਚ 19 ਲੱਖ ਏਕੜ ਰਕਬੇ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਹ ਅੰਕੜੇ ਸੂਬੇ ਦੇ ਰਿਮੋਟ ਸੈਂਸਿੰਸ ਸੈਂਟਰ ਵੱਲੋਂ ਮੁਹੱਈਆ ਕਰਵਾਏ ਗਏ ਹਨ।

# 'ਪ੍ਰੋਜੈਕਟ ਅੰਮ੍ਰਿਤ' ਦਾ ਸਫਲ ਆਯੋਜਨ

ਦਿੱਲੀ, 25 ਫਰਵਰੀ :- ਸਤਿਗੁਰੂ ਮਾਤਾ ਸੁਦੀਕਸਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਛਤਰ-ਛਾਇਆ ਹੇਠ ਅੱਜ ਯਮੁਨਾ ਨਦੀ ਦੇ ਛੱਠ ਘਾਟ ਵਿਖੇ 'ਅੰਮ੍ਰਿਤ ਪ੍ਰੋਜੈਕਟ' ਦੇ ਤਹਿਤ 'ਸਵੱਛ ਜਲ, ਸਵੱਛ ਮਨ' ਪ੍ਰੋਜੈਕਟ ਦੇ ਦੂਜੇ ਪੜਾਅ ਦਾ ਉਦਘਾਟਨ ਸਵੇਰੇ 8.00 ਵਜੇ ਆਈ.ਟੀ.ਓ., ਦਿੱਲੀ ਤੋਂ ਕੀਤਾ ਗਿਆ। ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ, ਇਹ ਪ੍ਰੋਜੈਕਟ ਪੂਰੇ ਭਾਰਤ ਦੇ 27 ਰਾਜਾਂ ਅਤੇ ਕੇਂਦਰ ਸਾਸਤ ਪ੍ਰਦੇਸਾਂ ਵਿੱਚ 1533 ਤੋਂ ਵੱਧ ਸਥਾਨਾਂ 'ਤੇ 11 ਲੱਖ ਤੋਂ ਵੱਧ ਵਲੰਟੀਅਰਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਆਯੋਜਿਤ ਕੀਤਾ ਗਿਆ। ਬਾਬਾ ਹਰਦੇਵ ਸਿੰਘ ਜੀ ਦੀਆਂ ਸਦੀਵੀ ਸਿੱਖਿਆਵਾਂ ਤੋਂ ਪ੍ਰੇਰਨਾ ਲੈਂਦਿਆਂ ਸੰਤ ਨਿਰੰਕਾਰੀ ਮਿਸਨ ਦੇ ਸਮਾਜਿਕ ਵਿੰਗ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸਨ ਦੀ ਅਗਵਾਈ ਹੇਠ 'ਪ੍ਰੋਜੈਕਟ ਅੰਮ੍ਰਿਤ' ਦਾ ਆਯੋਜਨ ਕੀਤਾ ਗਿਆ। ਇਸ ਸਾਲ ਪ੍ਰੋਜੈਕਟ ਨੇ 'ਆਓ ਸਵਾਰੇਂ, ਯਮੁਨਾ ਕਿਨਾਰੇਂ ਦੇ ਮੂਲ ਸੰਦੇਸ ਰਾਹੀਂ ਜਨ ਜਾਗਰੂਕਤਾ ਦਾ ਰੂਪ ਧਾਰਿਆ। ਇਸ ਮੌਕੇ ਸੰਤ ਨਿਰੰਕਾਰੀ ਮਿਸਨ ਦੇ ਸਮੂਹ ਅਧਿਕਾਰੀ, ਪਤਵੰਤੇ ਸੱਜਣ ਅਤੇ ਹਜਾਰਾਂ ਵਲੰਟੀਅਰਾਂ ਅਤੇ ਸੇਵਾਦਲ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦਾ ਸੰਤ ਨਿਰੰਕਾਰੀ ਮਿਸਨ ਦੀ ਵੈੱਬਸਾਈਟ ਰਾਹੀਂ ਸਿੱਧਾ ਪ੍ਰਸਾਰਣ ਕੀਤਾ ਗਿਆ, ਜਿਸ ਦਾ ਦੇਸ-ਵਿਦੇਸ ਵਿੱਚ ਬੈਠੇ ਸਮੂਹ ਸਰਧਾਲੂਆਂ ਨੇ ਲਾਭ ਉਠਾਇਆ। ਇਸ ਮੌਕੇ ਦਿੱਲੀ ਯੂਨੀਵਰਸਿਟੀ ਦੇ ਹਜਾਰਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਨਾਲ-ਨਾਲ ਕਈ ਸੰਸਥਾਵਾਂ ਅਤੇ ਵਾਤਾਵਰਨ ਸੁਰੱਖਿਆ ਨਾਲ ਜੁੜੇ ਕਈ ਪਤਵੰਤੇ ਸੱਜਣਾਂ ਨੇ ਸਮੂਲੀਅਤ ਕੀਤੀ। ਰੇਡੀਓ ਚੈਨਲ 92.7-ਬਿਗ ਐਫ.ਐਮ ਅਤੇ ਭਾਰਤ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਨੇ ਵੀ ਇਸ ਮੌਕੇ ਆਪਣੀ ਹਾਜ਼ਰੀ ਭਰੀ। ਪ੍ਰੋਗਰਾਮ ਦੀ ਸਮਾਪਤੀ 'ਤੇ ਹਾਜਰ ਮਹਿਮਾਨਾਂ ਨੇ ਮਿਸਨ ਦੀ ਭਰਪੂਰ ਪ੍ਰਸੰਸਾ ਕੀਤੀ ਅਤੇ ਨਾਲ ਹੀ ਨਿਰੰਕਾਰੀ ਸਤਿਗੁਰੂ ਮਾਤਾ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਮਿਸਨ ਨੇ ਨਿਸਚਿਤ ਤੌਰ 'ਤੇ ਪਾਣੀ ਦੀ ਸੰਭਾਲ ਅਤੇ ਜਲ ਸਵੱਛਤਾ ਦੇ ਇਸ ਕਲਿਆਣਕਾਰੀ ਪ੍ਰੋਜੈਕਟ ਰਾਹੀਂ ਕੁਦਰਤ ਦੀ ਸੰਭਾਲ ਲਈ ਯੋਗਦਾਨ ਪਾਇਆ ਹੈ ਜੋ ਕਿ ਇੱਕ ਮਹੱਤਵਪੂਰਨ ਕਦਮ ਹੈ।

## ਪੈਰੋਲ ਤੋਂ ਬਾਅਦ ਵਾਪਸ ਜੇਲ੍ਹ ਗਏ ਕੈਦੀ ਦੀ ਜੁੱਤੀ 'ਚੋਂ ਮਿਲੀ ਹੈਰੋਇਨ ਤੇ ਗਾਂਜਾ

ਚੰਡੀਗੜ੍ਹ 25 ਫਰਵਰੀ। ਪੈਰੋਲ ਤੋਂ ਬਾਅਦ ਬੁੜੈਲ ਜੇਲ੍ਹ ਪਰਤੇ ਐੱਨ. ਡੀ. ਪੀ. ਐੱਸ. ਕੇਸ 'ਚ ਸਜ਼ਾ ਕੱਟ ਰਹੇ ਕੈਦੀ ਦੀ ਜੁੱਤੀ 'ਚੋਂ ਹੈਰੋਇਨ ਅਤੇ ਗਾਂਜਾ ਬਰਾਮਦ ਹੋਇਆ। ਜੇਲ੍ਹ ਸਟਾਫ ਨੇ ਨਸ਼ੇ ਵਾਲਾ ਪਦਾਰਥ ਜ਼ਬਤ ਕਰ ਕੇ ਪੁਲਸ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਸੂਚਨਾ ਦਿੱਤੀ। ਐਡੀਸ਼ਨਲ ਸੁਪਰੀਡੈਂਟ ਜੇਲ੍ਹ ਅਮਨਦੀਪ ਸਿੰਘ ਦੀ ਸ਼ਿਕਾਇਤ 'ਤੇ ਸੈਕਟਰ-49 ਥਾਣਾ ਪੁਲਸ ਨੇ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਉਰਫ ਮੁੰਬਈ ਖ਼ਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਬੁੜੈਲ ਜੇਲ੍ਹ ਦੇ ਐਡੀਸ਼ਨਲ ਸੁਪਰੀਡੈਂਟ ਅਮਨਦੀਪ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਐੱਨ. ਡੀ. ਪੀ. ਐੱਸ. ਐਕਟ ਮਾਮਲੇ ਵਿਚ 10 ਸਾਲ ਦੀ ਸਜ਼ਾ ਕੱਟ ਰਹੇ ਕੈਦੀ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਉਰਫ ਮੁੰਬਈ ਨੂੰ 17 ਫਰਵਰੀ ਨੂੰ ਪੈਰੋਲ ਮਿਲੀ ਸੀ। 18 ਮਾਰਚ ਨੂੰ ਜੇਲ੍ਹ ਵਿਚ ਆਤਮ-ਸਮਰਪਣ ਕਰਨ ਲਈ ਕਿਹਾ ਗਿਆ ਸੀ। ਪੈਰੋਲ ਦੌਰਾਨ ਉਹ ਧਨਾਸ ਸਥਿਤ ਆਪਣੇ ਘਰ ਗਿਆ ਹੋਇਆ ਸੀ। 18 ਮਾਰਚ ਨੂੰ ਜਦੋਂ ਜੇਲ੍ਹ ਪਹੁੰਚਿਆ ਤਾਂ ਸ਼ਾਮ 6 ਵਜੇ ਵਾਰਡਨ ਨੇ ਚੈਕਿੰਗ ਕੀਤੀ। ਉਸਦੀ ਜੁੱਤੀ ਦੇ ਤਲੇ ਵਿਚੋਂ ਦੋ ਸ਼ੱਕੀ ਪਾਊਚ ਨਿਕਲੇ। ਜਾਂਚ ਕੀਤੀ ਤਾਂ ਇਹ 6.1 ਗ੍ਰਾਮ ਹੈਰੋਇਨ ਅਤੇ 37.4 ਗਾਂਜਾ ਸੀ। ਸੈਕਟਰ-49 ਥਾਣਾ ਪੁਲਸ ਨੇ ਕੈਦੀ 'ਤੇ ਮਾਮਲਾ ਦਰਜ ਕੀਤਾ। ਚੰਡੀਗੜ੍ਹ ਪੁਲਸ ਨੇ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਨੂੰ ਐੱਨ. ਡੀ. ਪੀ. ਐੱਸ. ਐਕਟ ਕੇਸ 'ਚ ਗ੍ਰਿਫਤਾਰ ਕੀਤਾ ਗਿਆ ਸੀ।

## 15 ਸਾਲਾ ਕੁੜੀ ਨੂੰ ਨਸ਼ੀਲੀ ਦਵਾਈ ਦੇ ਕੇ ਟੱਪੀਆਂ ਬੇਸ਼ਰਮੀ ਦੀਆਂ ਹੱਦਾਂ, ਜਦ ਹੋਈ ਗਰਭਵਤੀ ਤਾਂ ਉੱਡੇ ਸਭ ਦੇ ਹੋਸ਼

ਜਲੰਧਰ 25 ਫਰਵਰੀ। ਕਾਲਾ ਸੰਘਿਆਂ ਰੋਡ ਨੇੜੇ ਰਹਿਣ ਵਾਲੀ 15 ਸਾਲਾ ਨਾਬਾਲਗ ਕੁੜੀ ਨਾਲ 40 ਸਾਲਾ ਵਿਅਕਤੀ ਨਸੇ ਵਾਲਾ ਪਦਾਰਥ ਦੇ ਕੇ ਸਰੀਰਕ ਸੰਬੰਧ ਬਣਾਉਂਦਾ ਰਿਹਾ। ਇੰਨਾ ਹੀ ਨਹੀਂ ਨਾਬਾਲਗ ਕੁੜੀ ਨੂੰ ਹਵਸ ਦਾ ਸ਼ਿਕਾਰ ਬਣਾਉਣ ਵਾਲਾ ਵਿਅਕਤੀ ਉਸ ਨੂੰ ਧਮਕੀਆਂ ਦਿੰਦਾ ਰਿਹਾ ਕਿ ਜੇਕਰ ਉਸ ਨੇ ਇਹ ਗੱਲ ਕਿਸੇ ਨੂੰ ਦੱਸੀ ਤਾਂ ਉਹ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰ ਦੇਵੇਗਾ। ਅਖੀਰ ਇਸ ਘਟਨਾ ਦਾ ਉਦੋਂ ਪਤਾ ਲੱਗਾ ਜਦੋਂ ਨਾਬਾਲਗ ਕੁੜੀ ਗਰਭਵਤੀ ਹੋ ਗਈ ਅਤੇ ਪੂਰੀ ਗੱਲ ਦਾ ਪਤਾ ਉਸ ਦੇ ਪਰਿਵਾਰ ਵਾਲਿਆਂ ਨੂੰ ਲੱਗਾ, ਜਿਸ ਤੋਂ ਬਾਅਦ ਮਾਮਲਾ ਪੁਲਸ ਕੋਲ ਪਹੁੰਚਿਆ। ਥਾਣਾ ਭਾਰਗੋ ਕੈਂਪ ਦੀ ਪੁਲਸ ਨੇ ਦੋਸ਼ੀ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਨਾਬਾਲਗ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਨਾਬਾਲਗ ਦੀ ਮਾਂ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਬਿਹਾਰ ਤੋਂ ਜਲੰਧਰ ਵਿਚ ਰਹਿ ਰਹੀ ਹੈ। ਉਸ ਦੇ ਗੁਆਂਢੀ ਅਜੈ ਸਾਉ (40) ਪੁੱਤਰ ਮੋਹਨ ਵਾਸੀ ਬਿਹਾਰ ਜੋ ਕਿ ਪਤੀ ਦੀ ਗੈਰ-ਹਾਜਰੀ 'ਚ ਘਰ ਆ ਕੇ ਉਸ ਦੀ ਕੁੜੀ ਨੂੰ ਨਸੇ ਵਾਲਾ ਜੂਸ ਪਿਲਾ ਕੇ ਉਸ ਨਾਲ ਸਰੀਰਕ ਸੰਬੰਧ ਬਣਾਉਂਦਾ ਰਿਹਾ। ਅਜੈ ਕਾਫੀ ਦੇਰ ਤੱਕ ਇਹ ਕੰਮ ਕਰਦਾ ਰਿਹਾ। ਇਸ ਤੋਂ ਬਾਅਦ ਜਦੋਂ ਧੀ ਗਰਭਵਤੀ ਹੋ ਗਈ ਤਾਂ ਅਜੈ ਸਾਉ ਬੇਟੀ ਨੂੰ ਦਵਾਈਆਂ ਖਿਲਾਉਂਦਾ ਰਿਹਾ ਤਾਂ ਜੋ ਉਸ ਦਾ ਗਰਭਪਾਤ ਹੋ ਸਕੇ। ਆਖਰਕਾਰ ਅਜੈ ਫਰਾਰ ਹੋ ਗਿਆ ਤੇ ਜਦੋਂ ਧੀ ਨੇ ਸਾਰੀ ਗੱਲ ਦੱਸੀ ਤਾਂ ਧੀ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਉੱਥੇ ਹੀ ਹਸਪਤਾਲ 'ਚ ਤਾਇਨਾਤ ਸਟਾਫ ਅੰਜੂ ਨੇ ਦੱਸਿਆ ਕਿ ਜਦੋਂ ਨਾਬਾਲਗ ਕੁੜੀ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਤਾਂ ਉਸ ਦੀ ਹਾਲਤ ਠੀਕ ਨਹੀਂ ਸੀ, ਉਸ ਦਾ ਕਾਫੀ ਖ਼ੂਨ ਵਹਿ ਰਿਹਾ ਸੀ। ਡਾਕਟਰਾਂ ਅਤੇ ਸਟਾਫ ਨਰਸ ਨੇ ਉਸ ਦਾ ਪੂਰਾ ਇਲਾਜ ਕੀਤਾ ਅਤੇ ਉਹ ਹੁਣ ਠੀਕ ਹੈ। ਭਾਰਗੋ ਕੈਂਪ ਥਾਣੇ ਦੀ ਐੱਸ. ਐੱਚ. ਓ. ਕਮਲੇਸ ਰਾਣੀ ਦਾ ਕਹਿਣਾ ਹੈ ਕਿ ਪੁਲਸ ਨੇ ਅਜੇ ਖ਼ਿਲਾਫ ਕੇਸ ਦਰਜ ਕਰ ਲਿਆ ਹੈ।

## 'ਸੜਕ ਸੁਰੱਖਿਆ ਫੋਰਸ' ਹਾਦਸਾ ਹੋਣ 'ਤੇ ਇਸ ਤਰੀਕੇ ਨਾਲ ਕਰਦੀ ਹੈ ਕੰਮ

ਗੁਰਦਾਸਪੁਰ 25 ਫਰਵਰੀ। ਪੰਜਾਬ ਸਰਕਾਰ ਵੱਲੋਂ ਸੜਕ ਸਫੇਟੀ ਲਈ (ਸੜਕ ਸੁਰੱਖਿਆ ਫੋਰਸ) ਦਾ ਗਠਨ ਕੀਤਾ ਗਿਆ ਹੈ। ਜਿਸ ਦਾ ਕੰਮ ਸੜਕ 'ਤੇ ਜੋ ਹਾਦਸੇ ਪੇਸ ਆਉਂਦੇ ਹਨ ਉਨ੍ਹਾਂ ਦੀ ਤੁਰੰਤ ਮਦਦ ਕਰਨਾ ਹੈ। ਜਿਸ ਦੀ ਤਸਵੀਰਾਂ ਸਾਹਮਣੇ ਆਈਆਂ ਹਨ, ਤਸਵੀਰਾਂ 'ਚ ਤੁਸੀਂ ਦੇਖ ਸਕਦੇ ਹੋ ਕਿਵੇਂ ਸੜਕ ਸੁਰੱਖਿਆ ਫੋਰਸ ਦੀ ਟੀਮ ਡਾਇਲ 112 ਕਰਨ ਤੋਂ ਬਾਅਦ ਕਿਸ ਤਰੀਕੇ ਨਾਲ ਕੰਮ ਕਰਦੀ ਹੈ। ਜਾਣਕਾਰੀ ਮੁਤਾਬਕ ਅੱਜ



ਅੰਮ੍ਰਿਤਸਰ-ਪਠਾਨਕੋਟ ਨੈਸਨਲ ਹਾਈਵੇ ਬਟਾਲਾ ਬਾਈਪਾਸ ਨੇੜੇ ਇਕ ਕਾਰ ਵਲੋਂ ਗਲਤ ਢੰਗ ਨਾਲ ਓਵਰਟੇਕ ਕਰਨ ਦੇ ਚੱਕਰ 'ਚ ਸੜਕ ਹਾਦਸਾ ਹੋਇਆ ਸੀ, ਜਿਸ 'ਚ ਇੱਕ ਬਲੈਰੋ ਗੱਡੀ ਪਲਟ ਗਈ ਅਤੇ ਹਾਦਸਾ ਗ੍ਰਸਤ ਹੋ ਗਈ। ਗੱਡੀ ਸਵਾਰ ਨੌਜਵਾਨਾਂ ਵਲੋਂ 112 ਟੋਲ ਫ੍ਰੀ ਨੰਬਰ 'ਤੇ ਇਸ ਬਾਰੇ ਸੂਚਨਾ ਦਿੱਤੀ ਗਈ ਤਾਂ ਕੁਝ ਹੀ ਮਿੰਟਾਂ 'ਚ ਪੁਲਸ ਦੀ ਇਹ ਵਿਸ਼ੇਸ਼ ਟੀਮ ਦੀ ਗੱਡੀ ਜਖਮੀ ਨੌਜਵਾਨ ਦੀ ਮਦਦ ਲਈ ਪਹੁੰਚ ਗਈ। ਪੁਲਸ ਟੀਮ ਵੱਲੋਂ ਪਹਿਲਾਂ ਤਾਂ ਨੌਜਵਾਨ ਨੂੰ ਫਸਟ ਏਡ ਦਿੱਤੀ ਗਈ ਅਤੇ ਉਸ ਤੋਂ ਬਾਅਦ ਹਾਦਸਾਗ੍ਰਸਤ ਹੋਈ ਗੱਡੀ ਨੂੰ ਸਾਈਡ 'ਤੇ ਕੀਤਾ ਗਿਆ ਤਾਂ ਜੋ ਹਾਈਵੇ 'ਤੇ ਟ੍ਰੈਫਿਕ ਸਚਾਰੂ ਢੰਗ ਨਾਲ ਚੱਲ ਸਕੇ।

## ਜਲੰਧਰ 'ਚ ਇਨਸਾਨੀਅਤ ਸ਼ਰਮਸਾਰ, ਕੂੜੇ ਦੇ ਢੇਰ 'ਚੋਂ ਮਿਲਿਆ ਭਰੂਣ ਵੇਖ ਲੋਕਾਂ ਦੇ ਉੱਡੇ ਹੋਸ਼

ਜਲੰਧਰ 25 ਫਰਵਰੀ। ਥਾਣਾ ਰਾਮਾ ਮੰਡੀ ਅਧੀਨ ਸੰਤੋਸ਼ੀ ਨਗਰ ਵਿਚੋਂ ਬੱਚੇ ਦਾ ਭਰੂਣ ਮਿਲਣ ਨਾਲ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਜਾਣਕਾਰੀ ਦਿੰਦਿਆਂ ਸੰਤੋਸ਼ੀ ਨਗਰ ਨਿਵਾਸੀ ਸਰਬਜੀਤ ਸਿੰਘ ਨੇ ਦੱਸਿਆ ਕਿ ਉਹ ਸੜਕ 'ਤੇ ਦੋਸਤਾਂ ਨਾਲ ਕਿਸੇ ਕੰਮ ਜਾ ਰਿਹਾ ਸੀ। ਇਸ ਦੌਰਾਨ ਉਸ ਨੇ ਵੇਖਿਆ ਕਿ ਕੂੜੇ ਦੇ ਢੇਰ ਨੇੜੇ ਲੋਕਾਂ ਦੀ ਭੀੜ ਲੱਗੀ ਹੋਈ ਸੀ। ਇਸ ਦੌਰਾਨ ਪਤਾ ਲੱਗਾ ਕਿ ਕੂੜੇ ਦੇ ਢੇਰ 'ਤੇ ਬੱਚੇ ਦਾ ਭਰੂਣ ਪਿਆ ਹੋਇਆ ਸੀ, ਜਿਸ ਨੂੰ ਲੈ ਕੇ ਉਨ੍ਹਾਂ ਸਬੰਧਤ ਥਾਣਾ ਰਾਮਾ ਮੰਡੀ ਦੀ ਪੁਲਸ ਨੂੰ ਸੂਚਨਾ ਦਿੱਤੀ।


**NAME CHANGE**
I, Ravit Kumar / Ravit Sharma s/o Rajender Sharma R/o Z-707, Sidharth Apartment, Pitam Pura, Delhi-110034, have changed my name to Ravit Kumar Sharma for all future purposes.

**PUBLIC NOTICE**
It is for general information that I Lalit Kumar S/o Rajesh Kumar residing at House No.320, Gali No.D-5, Batra Hospital, Sangam Vihar, Khanpur Delhi-110062 declare that name of my father has been wrongly written as Rajesh Kumar Sharma in my Education Documents, Aadhar Card, Pan Card and Driving License. The actual name of my father is Rajesh Kumar which may be amended accordingly.

**NAME CHANGE**
I Anita W/O of No - 2802665 H HAV Shinde Prakash Sambhaji R/O village - Hanmantwadi Post - Hanmantwadi Tel - karveer Dist - Kolhapur Pin - 416010 State - Maharashtra Have changed my name from Anita To Anita Prakash Shinde for all future 19/12/2022 before notary public, Delhi

**NAME CHANGE**
I, DEEPALI W/O NO 2798487L.HAV KIRDAT ANKUSH JAYRAM. R/O VILL_KARANDI POST_KARANDI TEH_SATARA DIST_SATARA MAHARASHTRA 415002 have changed my name from deepali to *DEEPALI* *ANKUSH* *KIRDAT*.for all future purpose vide Affidavit dated 20/12/2022 before notary public, Delhi

**NAME CHANGE**
I Anuj Kumar S/o Chander Mohan R/o C-65 First Floor Vipul Wourld Sector-48 Gurgaon-122101 Haryana Have Changed My Name To Anuj Sharma For all Purpose

**NAME CHANGE**
I Amita Kumari Yadav W/o Yadram Yadav R/o E-1,PHP Dwarka, Sector-16B,NSIT, Dwarka, Delhi-110078, Have Changed My Name To Amita For All Purpose

**NAME CHANGE**
I, Ravit Kumar / Ravit Sharma s/o Rajender Sharma R/o Z-707, Sidharth Apartment, Pitam Pura, Delhi-110034, have changed my name to Ravit Kumar Sharma for all future purposes.

**NAME CHANGE**
I Samiya Rashid w/o Syed Khateeb Ali R/o 161/3 T/F Ashna Apartment Joga Bai Okhla New Delhi 110025 have changed my name from Samia to Samiya Rashid after marriage for all future purposes

**NAME CHANGE**
I, ALITA W/O OF NO 2809595X NK PATIL VITTAL GUNDU VILL-HAJGOLI POST - HAJGOLI TEH- CHANDGAD DIST KOLHAPUR STATE - MAHARASHTRA 416507 have a changed my name from ALITA to ALITA VITTAL PATIL for all future purposes vide Affidavit dated 15/12/2022 before Notary public, Delhi

**NAME CHANGE**
I, Tofik Ahmad S/o Shabir Ahmad R/o H. No. 2892, Kh. No.365, Gali No.23, Rajiv Gandhi Nagar, New Mustafabad, Delhi-110094, have changed my name to Tofik Ahmed for all future purposes.

**NAME CHANGE**
I, Ayoub Khan S/O Rafiq Ahmed R/O L-117 First Floor MCD Flats, Sunder Nagari, Nand Nagari Delhi -110093 have changed my name from Ayoub Khan to Ayub Khan for all future purpose

**NAME CHANGE**
I Solanki Bharatkumar Laxmanbhai S/o Solanki Laxmanbhai Meramanbhai R/o D-1601, Adani M2K Oyster Grande,Sector-102,gurgaon,Haryana-122001,Have Changed My Minor Son Name Dhruv Bharatkumar Solanki To Dhruv Solanki For All Purpose

**NAME CHANGE**
I, Pritees Singh S/o Devinder Singh R/o G-63, Oriental Villas, Sushant Lok-3, Near Ansal,s Boom Plaza, Sector-57, Wazirabad-75, Gurgaon Haryana-122003, have changed my name to Priteesh Singh for all purposes.


**NAME CHANGE**
I Amita Kumari Yadav W/o Yadram Yadav R/o E-1,PHP Dwarka, Sector-16B,NSIT, Dwarka, Delhi-110078, Have Changed My Name To Amita For All Purpose


**NAME CHANGE**
I SACHIN S/O SHRI VINOD KUMAR R/O H. NO.-519, GUBHANA (70), JHAJJAR, HARYANA-124507 HAVE CHANGED MY NAME FROM SACHIN TO CHAUDHARY SACHIN BIRHMAN FOR ALL FUTURE PURPOSES.

**NAME CHANGE**
I SAPNA W/O SHRI SACHIN R/O H. NO.-519, GUBHANA (70), JHAJJAR, HARYANA-124507 HAVE CHANGED MY NAME FROM SAPNA TO SAPNA BIRHMAN FOR ALL FUTURE PURPOSES.

**NAME CHANGE**
I, Suvarna W/O of No - 2803471M, Hav Badake Santosh Shivaji R/o VPO- Hole TEH- Pandharpur,DIST- Solapur, MAHARASHTRA, 413315, have changed my name from Suvrana to Suvarna Santosh Badake for all future purposes vide Affidavit dated 11/12/2022 before Notary Public, Delhi.

**NAME CHANGE**
I, Mohd Gulzar s/o Mohd Yasin R/o E-228/1, Shaheen Bagh, Jamia Nagar, Okhla, New Delhi-110025, have changed my name to Mohd Gulzar Saifi for all future purposes.


**PUBLIC NOTICE**
It is for general information that I Lalit Kumar S/o Rajesh Kumar residing at House No.320, Gali No.D-5, Batra Hospital, Sangam Vihar, Khanpur Delhi-110062 declare that name of my father has been wrongly written as Rajesh Kumar Sharma in my Education Documents, Aadhar Card, Pan Card and Driving License. The actual name of my father is Rajesh Kumar which may be amended accordingly.


**NAME CHANGE**
I, SUNIL S/O RAGHUVIR SINGH residing at B-342, PANDAV NAGAR, PATEL NAGAR, DELHI-110008 have changed my name to SUNIL KUMAR for all future purpose.

**NAME CHANGE**
I, ROHIT GAUTAM S/O VIJAY KUMAR residing at H NO-4314, BADI BASTI, BASANT ROAD, PAHAR GANJ, DELHI-110055 have changed my name to ROHIT for all future purpose.

**NAME CHANGE**
I , RESHMA W/O of No-2799016k HAV- GHADGE NANASAHEB BABURAO, R/O Vill- LALGUN POST- LALGUN TEH - KHATAV DIST- SATARA MAHARASTRA 415503, have changed my name from RESHMA to RESHMA NANASAHEB GHADGE for all future purposes vide Affidavit dated 21/12/2022 before Notary public, Delhi

**NAME CHANGE**
I, Devinder Singh Bhui S/o Gurdit Singh Gyani R/o G-63, Oriental Villas, Sushant Lok-3, Near Ansal,s Boom Plaza, Sector-57, Wazirabad-75, Gurgaon Haryana-122003, have changed my name to Devinder Singh for all purposes.

**NAME CHANGE**
I, PREETI KUMARI CHHINCHANI D/O PRADEEP KUMAR residing at H NO-C-5 MANSHA BHAWAN WESTEND MARG SAKET DELHI-110030 have changed my name to PREETI CHHINCHANI for all future purpose.

**NAME CHANGE**
I, Amit Bansal S/O Naresh Nkumar Bansal R/O House Number 53 A Kamla Nagar, Malka Ganj North Delhi -110007 have changed my name from Amit Bansal to Amit Kumar Bansal for all future purpose.

**NAME CHANGE**
I, RAJU S/O JAGDISH PARASHAR R/O H.N0- A-27 BLOCK-A PURI PALAM SECTOR-85 BPTP PARK LAND FARIDABAD-121002 HAVE CHANGED MY NAME TO RAJU PARASHAR FOR ALL FUTURE PURPOSES

**PUBLIC NOTICE**
It is informed to the general public that my clients Vikram S/o Sh. Ramphal, Smt. Rani W/o Vikram R/o H. No. 50, G-9, Sangam Vihar, New Delhi, hereby disowned and debarred their son Arjun from their all movable and immovable properties and also severe all their relations from him. My clients shall not be responsible for any act of their son.
**GAJRAJ SINGH ADVOCATE**
CHAMBER NO. 640 LAWYERS CHAMBER BLOCK, SAKET COURT COMPLEX, NEW DELHI-110017

**NAME CHANGE**
I, Ansar Ahmad S/O Abdul Vahab R/O H NO-V-63, Gali No-27, Vijay Park Maujpur, North East Delhi-110053, Have Changed My Name Ansar Ahmed For All Future Purpose

**NAME CHANGE**
It is for general information that I, ONKAR SINGH S/o MOHINDER SINGH, R/o Vill. Ahrana Khurd, P.O. Ahrana Kalan, Hoshiarpur, Punjab-146001, declare that name of my wife has been wrongly written as PARMJEET KAUR in my Passport No. M4137167. The actual name of my wife is PARAMJIT KAUR, which may be amended accordingly.

**NAME CHANGE**
It is for general information that I, TALWINDER SINGH S/o NACHHATTAR SINGH, R/o VPO Ahrana kalan, Hoshiarpur, Punjab-146001, declare that name of my wife has been wrongly written as BALJEET KAUR in my Passport No. V8520193. The actual name of my wife is BALJIT KAUR, which may be amended accordingly.

**PUBLIC NOTICE**
"It is to informed to the Public at large that my client Shri Ajay Gandhi S/o Shri Chander Prakash Gandhi R/o H. No. 316, Gali Mithu Lal, Chotti Bazaria, Ghaziabad, U.P.-201001; Purchasing a Property from Shri Om Prakash Arora, vide ATS dt.27.09.2022, Along with taking a Loan for Plot Purchase + Construction against property i.e. Portion of Residential Vacant Plot No. 74, area measuring 66.66 sq. yds., i.e. 55.74 sq. mtrs., Situated at Gupta Colony, Old Name Dharampura, Ghaziabad, Tehsil & Distt. Ghaziabad, U.P; being the Owner of said property by virtue of Sale Deed dt. 22.12.2021 executed by 1. Sh. Rachit Jain & 2. Smt. Meenu Jain in favour of Sh. Om Prakash Arora, w.r.t. said property Plot No.74, area 66.66 sq. yds., duly regd. As doc. No. 15719, Vol. 18742, on page 275-294, on dt. 22.12.2021, hereinafter referred to as " the said property " submitted the Papers regarding this property with Satin Housing Finance Limited, And Original Sale Deed dt. 27.03.1965 executed by Sh. Harkishan Dass & 2. Smt. Basant Kaur in favour of Smt. Kelawati, w.r.t. said property Plot No. 24 & 25, area 200 sq. yds., duly regd. As doc. No. 1708, Vol. No. 1201, on page 144-145, on dt. 27.03.1965 has been missing and Newspaper publication already done on dt. 14.04.2018 in Newspaper Manasvi Vani And Original Partition Deed executed by Naveen Jain (H.U.F), through karta Mr. Naveen Jain S/o late Mr. S. K. Jain, Mr. Ajay Gandhi S/o Late Mr. Chandra Prakash Gandhi, Mr. Rachit Jain also missing and is not traceable, If any Person Found the same, Kindly return it at the address legal heirs Mrs. Shashibala Goyal, Mr. Naveen Jain, Mr. Ajay Gandhi & Mr. Rachit Jain as only 4 legal heirs and no any other legal heirs of this property and Any person, who has got, rights, interest, title, claim, encumbrances, charges of any nature whatsoever in respect of the above said Property or any part thereof, can send their objections with their documentary evidence at below address within 7 days from the date of publication of this notice, failing which, it shall be presumed that the said Property in entirely is free from all such claims, interest, charges, encumbrances etc.
**Sahil Virmani**
(ADVOCATE)
Address G-721
Karkardooma Court, Delhi
8929535407, 9643394303

# 100 ਫ਼ੀਸਦੀ ਵੋਟ ਪਾਵਾਂਗੇ, ਪਟਿਆਲਾ ਦੀ ਸ਼ਾਨ ਵਧਾਵਾਂਗੇ

**➢ ਪਟਿਆਲਾ ਜ਼ਿਲ੍ਹੇ 'ਚ ਚੱਲ ਰਹੀਆਂ ਸਵੀਪ ਗਤੀਵਿਧੀਆਂ ਸਬੰਧੀ ਕੀਤੀ ਚਰਚਾ ➢ ਜ਼ਿਲ੍ਹੇ ਦੇ ਸਕੂਲਾਂ ਤੇ ਕਾਲਜਾਂ 'ਚ ਈ.ਐਲ.ਸੀ. ਕਲੱਬ ਬਣਾਏ ਜਾਣ**




**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਬਾਬਤ ਅੱਜ ਜ਼ਿਲ੍ਹੇ ਵਿੱਚ ਸਵੀਪ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨ ਲਈ ਵੱਖ ਵੱਖ ਵਿਭਾਗਾਂ ਅਤੇ ਸਕੂਲਾਂ ਤੇ ਕਾਲਜਾਂ ਦੇ ਸਵੀਪ ਦੇ ਨੋਡਲ ਅਫ਼ਸਰ ਨਾਲ ਜ਼ਿਲ੍ਹੇ ਦੇ ਸਵੀਪ ਨੋਡਲ ਅਫ਼ਸਰ ਪ੍ਰੋ. ਸਵਿੰਦਰ ਰੇਖੀ ਵੱਲੋਂ ਮੀਟਿੰਗ ਕੀਤੀ ਗਈ। ਇਸ ਮੌਕੇ ਚੋਣ ਤਹਿਸੀਲਦਾਰ ਵਿਜੈ ਕੁਮਾਰ ਵੀ ਮੌਜੂਦ ਸਨ।

ਪ੍ਰੋ. ਰੇਖੀ ਨੇ ਕਿਹਾ ਕਿ ਵੋਟ ਪ੍ਰਤੀਸ਼ਤ ਵਧਾਉਣ ਲਈ ਵੋਟਰ ਜਾਗਰੂਕਤਾ ਮੁਹਿੰਮ ਨੂੰ ਹੋਰ ਤੇਜ਼ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ 70 ਪਾਰ ਦੇ ਟੀਚੇ ਨੂੰ ਪੂਰਾ ਕਰਨ ਲਈ ਪਿਛਲੀਆਂ ਚੋਣਾਂ ਦੌਰਾਨ ਜਿਨ੍ਹਾਂ ਇਲਾਕਿਆਂ ਵਿਚ ਵੋਟ ਪ੍ਰਤੀਸ਼ਤ ਘੱਟ ਰਹੀ ਸੀ, ਉਨ੍ਹਾਂ ਖੇਤਰਾਂ ਦੀ ਨਿਸ਼ਾਨਦੇਹੀ ਕਰਕੇ ਉੱਥੇ ਵੋਟ ਪ੍ਰਤੀਸ਼ਤ ਵਧਾਉਣ ਲਈ ਕੰਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਟੀਚਾ ਪ੍ਰਾਪਤ ਕਰਨ ਲਈ ਚੋਣ ਕਮਿਸ਼ਨ ਵੱਲੋਂ ਪਬਲੀਸਿਟੀ ਮੋਬਾਈਲ ਵੈਨਾਂ ਦੀ ਮਦਦ ਵੀ ਲਈ ਜਾ ਰਹੀ ਹੈ।

ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਨੇ ਕਿਹਾ ਕਿ ਜ਼ਿਲ੍ਹੇ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਜਿਥੇ ਇਲੈਕਟਰੋਲ ਲਿਟਰੇਸੀ ਕਲੱਬ ਬਣੇ ਹੋਏ ਹਨ, ਉਥੇ ਰੋਜ਼ਾਨਾ ਗਤੀਵਿਧੀਆਂ ਕਰਵਾਈਆਂ ਜਾਣ ਅਤੇ ਜਿਨ੍ਹਾਂ ਵਿੱਦਿਅਕ ਅਦਾਰਿਆਂ ਵਿੱਚ ਈ.ਐਲ.ਸੀ. ਕਲੱਬ ਨਹੀਂ ਹਨ ਉਥੇ ਤੁਰੰਤ ਕਲੱਬਾਂ ਦਾ ਗਠਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਲੋਕਤੰਤਰ ਵਿੱਚ ਵੋਟ ਦੀ ਮਹੱਤਤਾ ਸਬੰਧੀ ਜਾਗਰੂਕ ਕਰਨ ਲਈ ਕਵਿਤਾ, ਲੇਖ, ਪੇਟਿੰਗ ਅਤੇ ਰੰਗੋਲੀ ਵਰਗੇ ਮੁਕਾਬਲੇ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਵੋਟਰਾਂ ਨੂੰ ਚੋਣ ਕਮਿਸ਼ਨ ਵੱਲੋਂ ਚਲਾਈਆਂ ਜਾ ਰਹੀਆਂ ਮੋਬਾਇਲ ਐਪਜ਼ ਸਬੰਧੀ ਵੀ ਜਾਗਰੂਕ ਕੀਤਾ ਜਾਵੇ ਤਾਂ ਜੋ ਉਹ ਆਪਣੇ ਵੋਟ ਬਣਾਉਣ ਅਤੇ ਵੋਟਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਐਪ ਦੀ ਵਰਤੋਂ ਕਰ ਸਕਣ।

ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਜ਼ਿਲ੍ਹੇ ਦੇ ਸਕੂਲਾਂ ਅਤੇ ਕਾਲਜਾਂ ਦੇ ਸਵੀਪ ਨੋਡਲ ਅਫ਼ਸਰ ਵੀ ਮੌਜੂਦ ਸਨ।

# ਗਵਰਨਰ ਪੰਜਾਬ ਬਨਵਾਰੀ ਲਾਲ ਪ੍ਰੋਹਿਤ ਵੱਲੋਂ ਪਰਮਿੰਦਰ ਭਲਵਾਨ, ਗਰੇਵਾਲ, ਰੁਪਿੰਦਰ ਨਸ਼ਿਆਂ ਵਿਰੁੱਧ ਕੀਤੇ ਕਾਰਜਾਂ ਲਈ ਸਨਮਾਨਿਤ

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ,ਯੂਵਕ ਸੇਵਾਵਾਂ ਕਲੱਬ ਰਣਜੀਤ ਨਗਰ,ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੂਥ ਕਲੱਬ ਦੀ ਟੀਮ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ ਵੱਲੋਂ ਮਾਨਯੋਗ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਜੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਭਲਵਾਨ, ਗਰੇਵਾਲ, ਰੁਪਿੰਦਰ ਨੇ ਮਾਨਯੋਗ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਜੀ ਨੂੰ ਦੱਸਿਆ ਕਿ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਪਿਛਲੇ 12 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 2000 ਤੋਂ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਚੁੱਕੀ ਹੈ ਅਤੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰ ਰਹੀ ਹੈ, ਇਸ ਤੋਂ ਇਲਾਵਾ ਤਿੰਨ ਲੱਖ ਤੋਂ ਉੱਪਰ ਮੁਫ਼ਤ ਸੈਨਟਰੀ ਪੈਡ ਵੱਖ ਵੱਖ ਸਲੱਮ ਏਰੀਏ ਵਿੱਚ ਵੰਡੇ ਜਾ ਚੁੱਕੇ ਹਨ, ਉਹਨਾਂ ਦੱਸਿਆ ਕਿ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਵਲੋਂ ਖੁਦ 88 ਵਾਰ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ 79 ਵਾਰ ਅਤੇ ਸਟੇਟ ਐਵਾਰਡੀ ਰੁਪਿੰਦਰ ਕੌਰ ਵੱਲੋ 6 ਵਾਰ ਖ਼ੂਨਦਾਨ ਕੀਤਾ ਅਤੇ ਸੋਲਾ ਦੇਸਾ ਵਿਚ ਖ਼ੂਨਦਾਨ ਕੈਂਪ ਲਗਾਏ ਅਤੇ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਖ਼ੂਨਦਾਨ ਕੈਪਾ ਰਾਹੀਂ 35000 ਤੋਂ ਉੱਪਰ ਬਲੱਡ ਵੱਖ ਵੱਖ ਬਲੱਡ ਬੈਂਕਾਂ ਨੂੰ ਇੱਕਤਰ ਕਰਕੇ ਦਿੱਤਾ ਜਾ ਚੁੱਕਾ ਹੈ, ਪਿਛਲੇ ਸਮੇਂ ਵਿੱਚ ਹੜਾ ਦੋਰਾਨ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਇਸ ਤੋਂ ਇਲਾਵਾ ਹੁਣ ਤੱਕ 140 ਦੇ ਕਰੀਬ ਲੋੜਵੰਦਾਂ ਮਰੀਜ਼ਾਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਵੰਡੀਆਂ ਜਾ ਚੁਕੀਆਂ ਹਨ। ਇਸ ਮੌਕੇ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਜੀ ਨੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਵੱਖ ਵੱਖ ਖੇਤਰਾਂ ਵਿਚ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ ਸ਼ਲਾਘਾਯੋਗ ਹਨ ਸਭ ਤੋਂ ਸ਼ਲਾਘਾਯੋਗ ਕਦਮ ਇਹਨਾਂ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਹੈ ਇਸ ਮੌਕੇ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਜੀ ਨੇ ਇਸ ਟੀਮ ਨੂੰ ਉਹਨਾਂ ਵਲੋਂ ਉਲੀਕੇ ਸਰਹੱਦੀ ਖੇਤਰ ਵਿਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਵਿੱਚ ਵਲੰਟੀਅਰਜ਼ ਸੇਵਾਵਾਂ ਦੇਣ ਲਈ ਪ੍ਰੇਰਿਤ ਕੀਤਾ ਅਤੇ ਇਸ ਮੌਕੇ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਜੀ ਵਲੋਂ ਸਮੂਚੀ ਟੀਮ ਨੂੰ ਸਨਮਾਨਿਤ ਵੀ ਕੀਤਾ, ਇਸ ਮੌਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਨੇ ਮਾਨਯੋਗ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਵਲੋਂ ਜੋ ਉਹਨਾਂ ਦੀ ਟੀਮ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਵਿੱਚ ਹੋਰ ਵੱਧ ਚੜ ਕੇ ਕੰਮ ਲਈ ਪ੍ਰੇਰਿਤ ਕਰਨਾ ਉਨ੍ਹਾਂ ਦੀ ਟੀਮ ਲਈ ਮਾਣ ਦੀ ਗੱਲ ਹੈ,ਅਤੇ ਸਰਹੱਦੀ ਖੇਤਰ ਵਿਚ ਗਵਰਨਰ ਪੰਜਾਬ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦੌਰਾਨ ਵਲੰਟੀਅਰਜ਼ ਸੇਵਾਵਾਂ ਦੇਣ ਲਈ ਧੰਨਵਾਦੀ ਹਨ।




**ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਜੀ ਨਾਲ ਸਟੇਟ ਐਵਾਰਡੀ ਪਰਮਿੰਦਰ ਭਲਵਾਨ,ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਮੁਲਾਕਾਤ ਕਰਦੇ ਹੋਏ।**

# ਸ਼੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਜਾਇਆ ਗਿਆ ਨਗਰ ਕੀਰਤਨ



**ਸਾਹਨੇਵਾਲ ਵਿਖੇ ਵਿਸ਼ਾਲ ਨਗਰ ਕੀਰਤਨ ਦੀ ਅਗਵਾਈ ਕਰਨ ਮੌਕੇ ਪੰਜ ਪਿਆਰੇ ਅਤੇ ਹੋਰ ਸੰਗਤ।**

**ਸਮਰਾਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਕੁਹਾੜਾ ਰੋਡ ਸਾਹਨੇਵਾਲ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਫੁੱਲਾਂ ਨਾਲ ਸ਼ਿੰਗਾਰੀ ਪਾਲਕੀ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੋਸ਼ਭਿਤ ਕਰਕੇ ਗੁਰਦੁਆਰਾ ਸਾਹਿਬ ਜੀ ਦੇ ਗ੍ਰੰਥੀ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੌਰਾਨ ਸਮੂਹ ਸੰਗਤਾਂ ਨੇ ਗੁਰੂ ਸਾਹਿਬ ਜੀ ਦੇ ਸਵਾਗਤ ਕਰਨ ਲਈ ਵੱਖ ਵੱਖ ਥਾਵਾਂ ਤੇ ਫੁੱਲਾਂ ਦੀ ਵਰਖਾ ਕੀਤੀ ਗਈ।

ਇਲਾਕੇ ਭਰ ਦੀ ਸੰਗਤ ਵੱਲੋਂ ਵੱਖ-ਵੱਖ ਪਕਵਾਨ ਅਤੇ ਫ਼ਲ-ਫਰੂਟਾਂ ਦੇ ਲੰਗਰ ਲਗਾਕੇ ਨਗਰ ਕੀਰਤਨ ਨਾਲ ਚੱਲ ਰਹੀ ਸੰਗਤ ਅਤੇ ਹੋਰ ਰਾਹਗੀਰਾਂ ਨੂੰ ਅਟੁੱਟ ਵਰਤਾਕੇ ਸੇਵਾ ਕੀਤੀ ਗਈ ਅਤੇ ਕਈ ਥਾਵਾਂ ਤੇ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲਾ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਸਾਹਿਬ ਭੇਟ ਕਰਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦੀਪ ਸਿੰਘ ਕੌਲ ਸੇਵਾਮੁਕਤ ਈਟੀਓ ਸਮੇਤ ਹੋਰ ਮੈਂਬਰਾਂ ਵੱਲੋਂ ਨਾਮਵਰ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।ਭਾਰੀ ਗਿਣਤੀ ਵਿੱਚ ਸੰਗਤਾਂ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ 'ਚ ਨਸਮਸਤਕ ਹੋ ਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਮੁੱਖ ਮੰਤਰੀ ਦੀ ਤੀਰਥ ਯਾਤਰਾ ਵਿੱਚ ਮੁਸਲਿਮ ਭਾਈਚਾਰੇ ਨਾਲ ਹੋ ਰਿਹਾ ਹੈ ਵਿਤਕਰਾ

**ਮਲੇਰਕੋਟਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਵੱਲੋਂ ਹਰ ਧਰਮ ਦੇ ਲੋਕਾਂ ਨੂੰ ਉਹਨਾਂ ਦੇ ਧਾਰਮਿਕ ਸਥਾਨਾਂ ਦੀ ਤੀਰਥ ਯਾਤਰਾ ( ਜ਼ਿਆਰਤ) ਸਰਕਾਰੀ ਖਰਚੇ ਦੇ ਉਲੀਕੇ ਪ੍ਰੋਗਰਾਮ ਵਿੱਚ ਮੁਸਲਿਮ ਭਾਈਚਾਰੇ ਨੂੰ ਅਜ਼ਮੇਰ ਸ਼ਰੀਫ਼ ਦੀ ਜ਼ਿਆਰਤ ਕਰਵਾਉਣਾ ਵੀ ਸ਼ਾਮਲ ਸੀ।ਪਰ ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਹਰ ਧਰਮ ਦੇ ਲੋਕਾਂ ਹਰ ਰੋਜ਼ ਬੱਸਾਂ ਰਾਹੀ ਵਿਧਾਇਕਾ, ਮੰਤਰੀਆਂ ਵਲੋਂ ਹਰੀ ਝੰਡੀ ਦੇ ਕੇ ਤੀਰਥ ਯਾਤਰਾ ਦੀ ਬੱਸ ਨੂੰ ਰਵਾਨਾ ਕੀਤਾ ਜਾ ਰਿਹਾ। ਪਰ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਅਜੇ ਤੱਕ ਅਜਮੇਰ ਸ਼ਰੀਫ਼ ਦੀ ਜ਼ਿਆਰਤ ਲਈ ਕੋਈ ਵੀ ਬੱਸ ਨਹੀਂ ਭੇਜੀ ਗਈ। ਜਿਸ ਨੂੰ ਲੈਕੇ ਮੁਸਲਿਮ ਭਾਈਚਾਰੇ ਵਿੱਚ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ।ਹੁਣ ਸਵਾਲ ਤਾਂ ਇਹ ਪੈਦਾ ਹੁੰਦਾ ਹੈ ਕਿ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਅਜ਼ਮੇਰ ਸ਼ਰੀਫ਼ ਦੀ ਜ਼ਿਆਰਤ ਲਈ ਦੂਜੇ ਕੰਮਾਂ ਮੁਤਾਬਕ ਮੰਗ ਪੱਤਰ ਦੇਣੇ ਪੈਣਗੇ ?ਆਮ ਆਦਮੀ ਪਾਰਟੀ ਦੇ ਮੁਸਲਿਮ ਵਿਧਾਇਕ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੈਅਰਮੈਨ, ਮੈਨਾਰਟੀ ਕਮਿਸ਼ਨ ਦੇ ਚੇਅਰਮੈਨ ਜਾਂ ਹੋਰ ਪ੍ਰਧਾਨ,ਕੁਆਰਡੀਨੇਟਰ, ਸੋਸ਼ਲ ਮੀਡੀਆ ਇੰਚਾਰਜ ਦੀਆ ਆਵਾਜ਼ ਅਜਮੇਰ ਸ਼ਰੀਫ਼ ਦੀ ਯਾਤਰਾ ( ਜ਼ਿਆਰਤ) ਲਈ ਕਿਉਂ ਉਬਾਲ ? ਨਹੀਂ ਖਾਂਦੀਆ ।ਜਦੋਂ ਕਿ ਹੋਰ ਕੰਮਾਂ ਲਈ ਤਾਂ ਵੱਧ ਚੜ੍ਹ ਕੇ ਬੋਲਦੇ ਨੇ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ਼ਫ਼ੀਕ ਚੌਹਾਨ ਦਾ ਇਸ ਬਾਰੇ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਭਾਜਪਾ ਦੀ ਬੀ ਟੀਮ ਬਣ ਕੇ ਕੰਮ ਕਰ ਰਹੀ ਹੈ। ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਜਦੋਂ ਇਹ ਤੀਰਥ ਯਾਤਰਾ ਸ਼ੁਰੂ ਕੀਤੀ ਗਈ ਤਾਂ ਸਰਦਾਰ ਸੁਖਬੀਰ ਸਿੰਘ ਬਾਦਲ ਖ਼ੁਦ ਮਾਲੇਰਕੋਟਲਾ ਰੇਲਵੇ ਸਟੇਸ਼ਨ ਤੇ ਆਏ ਤੇ ਮੁਸਲਿਮ ਭਾਈਚਾਰੇ ਨੂੰ ਅਜ਼ਮੇਰ ਸ਼ਰੀਫ਼ ਦੀ ਜ਼ਿਆਰਤ ਲਈ ਰਵਾਨਾ ਕੀਤਾ।

# ਡਿਪਟੀ ਕਮਿਸ਼ਨਰ ਕੰਪਲੈਕਸ ਗੇਟ ਅੱਗੇ ਆਂਗਨਵਾੜੀ ਮੁਲਜ਼ਮ ਯੂਨੀਅਨ ਵੱਲੋਂ ਕੇਦਰ ਸਰਕਾਰ ਅਤੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼



**ਤਰਨਤਾਰਨ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਡਿਪਟੀ ਕਮਿਸ਼ਨਰ ਕੰਪਲੈਕਸ ਗੇਟ ਅੱਗੇ ਆਂਗਨਵਾੜੀ ਮੁਲਜ਼ਮ ਯੂਨੀਅਨ (ਸੀਟੂ)ਪੰਜਾਬ ਦੀ ਜਿਲਾ ਪ੍ਰਧਾਨ ਤਰਨਤਾਰਨ ਦੀ ਅਨੂਪ ਕੋਰ ਬਲੇਰ ਅਤੇ ਬੇਅੰਤ ਕੋਰ ਢੋਟੀਆ ਦੀ ਅਗਵਾਈ ਹੇਠ ਸੈਕੜੇ ਮੁਲਜ਼ਮਾ ਵੱਲੋ ਕੇਦਰ ਸਰਕਾਰ ਅਤੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਤੇ ਭਾਰੀ ਨਾਅਰੇਬਾਜੀ ਕੀਤੀ ਗਈ ਅਤੇ ਅਖੀਰ ਵਿੱਚ ਕਾਪੀਆ ਸੜੀਆ ਗਾਈਆ ਸਨ। ਅਖੀਰ ਵਿਚ ਆਪਣਾ ਹਕੀ ਮੰਗਾਂ ਨੂੰ ਲੈ ਕੇ ਘੰਟੇ ਬੰਧੀ ਧਰਨਾ ਜਾਰੀ ਰਹੇ ਤੇ ਮੰਗ ਪੱਤਰ ਲੈਣ ਲਈ ਜਿਲਾ ਮਾਲ ਅਫਸਰ ਸਰਬਜੀਤ ਸਿੰਘ ਨੇ ਮੰਗ ਪੱਤਰ ਲੈ ਕੇ ਅਤੇ ਵਿਸਵਾਸ ਦਿਤਾ ਗਾਏ ਕਈ ਅਜ ਹੀ ਜਿਲਾ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਰਾਹੀ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਫਤਰ ਭੇਜ ਦਿਤਾ ਜਾਵੇਗਾ ।ਫਿਰ ਧਰਨਾ ਸਮਾਪਤ ਹੋ ਗਾਏ ।ਇਸ ਮੌਕੇ ਕੁਲਦੀਪ ਕੌਰ ਚੁਤਾਲਾ /ਨਰਿੰਦਰ ਕੋਰ/ ਵੀਰ ਕੋਰ / ਬਲਵਿੰਦਰ ਕੋਰ ਗੁਰਜੀਤ ਕੌਰ/ ਜਸਬੀਰ ਕੌਰ ਸਰਬਜੀਤ ਕੌਰ ਸਮੇਤ ਸਾਮਿਲ ਸਨ। ਇਸ ਮੌਕੇ ਤੇ ਬੇਅੰਤ ਕੋਰ ਢੋਟੀਆ ਨੇ ਦਸਿਆ ਕਿ ਪੰਜਾਬ ਅੰਦਰ ਆਂਗਨਵਾੜੀ ਮੁਲਜ਼ਮਾ 54000ਕਰੀਬ ਹਨ / ਜੋ ਕੀ ਪੰਜਾਬ ਸਰਕਾਰ ਵੱਲੋ ਸਾਡੀ ਜਥੇਬੰਦੀਆ ਨਾਲ ਵਾਰ ਵਾਰ ਮੀਟਿੰਗਾ ਕਰਕੇ ਮੰਗਾ ਮੰਨ ਕੇ ਫਿਰ ਮੁਕਰ ਗਾਈ ਹੈ ।ਅਤੇ ਪੰਜਾਬ ਸਰਕਾਰ ਵੱਲੋ ਪ੍ਰੀ ਨਰਸਰੀ ਦੇ ਨਾਮ ਤੇ ਸਕੂਲਾ ਵਿਚ ਬਚੇ ਭੇਜਣਗੇ ਨੋਟਿਸ ਦੀਆ ਕਾਪੀਆ ਅਜ ਸਾੜੀਆ ਗਾਈਆ ਹਨ /ਜੋ 5ਮਾਰਚ ਨੂੰ ਆਂਗਨਵਾੜੀ ਮੁਲਜ਼ਮ ਵੱਲੋ ਪੰਜਾਬ ਪੱਧਰ ਤੇ ਆਗਨਵਾੜੀ ਮੁਲਜ਼ਮ ਵਲੋ ਕੇਦਰਾਂ ਦੀਆ ਸੇਵਾ ਵਾਪਿਸੀ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਵਾਸ ਸਥਾਨ ਦਾ ਅਣਮਿਥਣ ਸਮੇ ਲਈ ਘਿਰਾਓ ਕੀਤਾ ਜਾਵੇਗਾ ।ਇਹ ਘਿਰਾਓ ਉਹਨਾ ਚਿਰ ਜਾਰੀ ਰਹੇਗਾ / ਜਿੰਨਾ ਚਿਰ ਮੰਗਾਂ ਮੰਨੀਆ ਨਹੀ ਜਾਦੀਆ ਅਤੇ ਪੰਜਾਬ ਅੰਦਰ ਪਾਰਲੀਮੈਂਟ ਚੋਣੋ ਵਿੱਚ ਪਿੰਡ ਪਿੰਡ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

# ਆਪ ਦੀ ਸਰਕਾਰ, ਆਪ ਦੇ ਦੁਆਰ ਮੁਹਿੰਮ ਤਹਿਤਲਾਭਪਾਤਰੀਆਂ ਨੂੰ ਮੌਕੇ 'ਤੇ ਮੁਹੱਈਆ ਕਰਵਾਈਆਂ ਗਈਆਂ 2538 ਸੇਵਾਵਾਂ: ਡਿਪਟੀ ਕਮਿਸ਼ਨਰ

**ਤਰਨਤਾਰਨ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਆਪ ਦੀ ਸਰਕਾਰ, ਆਪ ਦੇ ਦੁਆਰ ਪ੍ਰੋਗਰਾਮ ਤਹਿਤ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨੂੰ ਇੱਕੋ ਛੱਤ ਹੇਠ ਵੱਖ-ਵੱਖ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਲਗਾਏ ਜਾ ਰਹੇ ਕੈਂਪਾਂ ਨੂੰ ਜ਼ਿਲ੍ਹੇ ਦੇ ਲੋਕਾਂ ਦਾ ਵੱਡਾ ਲਾਭ ਮਿਲ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਹੁਣ ਤੱਕ 4491 ਲਾਭਪਾਤਰੀਆਂ ਵੱਲੋਂ ਸੇਵਾਵਾਂ ਹਾਸਿਲ ਕਰਨ ਲਈ ਅਰਜ਼ੀਆਂ ਦਿੱਤੀਆਂ ਗਈਆਂ ਹਨ ਅਤੇ ਅੱਜ ਤੱਕ 2538 ਤੋਂ ਵਧੇਰੇ ਯੋਗ ਲਾਭਪਾਤਰੀਆਂ ਨੂੰ ਵੱਖ-ਵੱਖ ਸੇਵਾਵਾਂ ਦਾ ਮੌਕੇ 'ਤੇ ਲਾਭ ਮਿਲ ਚੁੱਕਾ ਹੈ। ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਵੀ ਲੋੜੀਂਦੀਆਂ ਸੇਵਾਵਾਂ ਜਲਦੀ ਮੁਹੱਈਆ ਕਰਵਾਈਆਂ ਜਾਣਗੀਆਂ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦੇ ਨਿਪਟਾਰੇ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਇਸਦੇ ਨਾਲ ਹੀ ਜ਼ਿਲ੍ਹਾ ਵਾਸੀਆਂ ਨੂੰ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ ਤਾਂ ਜੋ ਕੋਈ ਵੀ ਨਾਗਰਿਕ ਸੇਵਾਵਾਂ ਹਾਸਲ ਕਰਨ ਤੋਂ ਵਾਂਝਾ ਨਾ ਰਹੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਦਾ ਉਦੇਸ਼ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਅਤੇ ਇਕ ਛੱਤ ਹੇਠਾਂ ਵੱਖ-ਵੱਖ ਲੋਕ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣਾ, ਲੋਕਾਂ ਦੀਆਂ ਮੁਸ਼ਕਿਲਾਂ ਸੁਣਨਾ ਅਤੇ ਉਨ੍ਹਾਂ ਦਾ ਮੌਕੇ 'ਤੇ ਹੱਲ ਕਰਨਾ ਹੈ।

# 37ਵੀਂ ਪੀ ਐਲ ਡਬਲਯੂਅੰਤਰ-ਵਿਭਾਗੀ ਕ੍ਰਿਕਟ ਚੈਂਪੀਅਨਸ਼ਿਪ 2023-24 ਰੋਮਾਂਚਕ ਫਾਈਨਲ ਮੈਚ ਨਾਲ ਸਮਾਪਤ ਹੋਈ



**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕੋਮੋਟਿਵ ਵਰਕਸ (ਪੀ ਐਲ ਡਬਲਯੂ) ਕ੍ਰਿਕਟ ਸਟੇਡੀਅਮ ਵਿੱਚ ਇੱਕ ਰੋਮਾਂਚਕ ਪ੍ਰਦਰਸ਼ਨ ਦੇਖਣ ਨੂੰ ਮਿਲਿਆ ਕਿਉਂਕਿ ਟੀ ਐਮ ਐੱਸਵਰਕਸ਼ਾਪ ਅਤੇ ਪਲਾਂਟ ਦੀਆਂ ਟੀਮਾਂ ਨੇ 37ਵੀਂ ਪੀ ਐਲ ਡਬਲਯੂ ਅੰਤਰ-ਵਿਭਾਗੀ ਕ੍ਰਿਕਟ ਚੈਂਪੀਅਨਸ਼ਿਪ 2023-24 ਦੇ ਫਾਈਨਲ ਮੈਚ ਵਿੱਚ ਹਿੱਸਾ ਲਿਆ। ਜਬਰਦਸਤ ਮੁਕਾਬਲੇ ਤੋਂ ਬਾਅਦ, ਪਲਾਂਟ ਨੇ 20 ਓਵਰਾਂ ਵਿੱਚ 4 ਵਿਕਟਾਂ ਨਾਲ 159 ਦੌੜਾਂ ਬਣਾਈਆਂ ਅਤੇ ਟੀਐਮਐਸ ਸ਼ਾਪ ਨੇ 20 ਓਵਰਾਂ ਵਿੱਚ 7 ਵਿਕਟਾਂ ਨਾਲ 152 ਦੌੜਾਂ ਬਣਾਈਆਂ ਅਤੇ ਪਲਾਂਟ ਸ਼ਾਪ ਨੇ 20 ਓਵਰਾਂ ਵਿੱਚ ਟੀਐਮਐਸ ਸ਼ਾਪ ਨੂੰ 7 ਦੌੜਾਂ ਨਾਲ ਹਰਾ ਕੇ ਜਿੱਤ ਦਰਜ ਕੀਤੀ।

ਫਾਈਨਲ ਮੈਚ ਸ਼੍ਰੀ ਪ੍ਰਮੋਦ ਕੁਮਾਰ, ਪ੍ਰਿੰਸੀਪਲ ਮੁੱਖ ਪ੍ਰਬੰਧਕੀ ਅਫਸਰ (ਪੀ.ਸੀ.ਏ.ਓ.) ਦੀ ਮੌਜੂਦਗੀ ਵਿੱਚ ਖੇਡਿਆ ਗਿਆ, ਜਿਨ੍ਹਾਂ ਨੇ ਮੁੱਖ ਮਹਿਮਾਨ ਵਜੋਂ ਪ੍ਰਧਾਨਗੀ ਕੀਤੀ। ਸ਼੍ਰੀ ਕੁਮਾਰ, ਨੇ ਜੇਤੂ ਟੀਮ ਪਲਾਂਟ ਅਤੇ ਉਪ ਜੇਤੂ ਟੀਮ, ਟੀਐਮਐਸ ਸ਼ਾਪਨੂੰ ਟਰਾਫੀਆਂ, ਪੀ ਐਲ ਡਬਲਯੂਅਫਸਰਾਂ ਦੇਮਜੂਦਗੀ ਵਿਚ ਦਿਤੀਆਂ। ਇਸ ਤੋਂ ਇਲਾਵਾ ਟੂਰਨਾਮੈਂਟ ਦੇ ਅੱਵਲ ਰਹਿਣ ਵਾਲੇ ਖਿਡਾਰੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਫਾਈਨਲ ਸਮਾਰੋਹ ਵਿੱਚ ਆਪਣੇ ਸੰਬੋਧਨ ਦੌਰਾਨ, ਸ਼੍ਰੀ ਪ੍ਰਮੋਦ ਕੁਮਾਰ ਨੇ ਅਜਿਹੇ ਖੇਡ ਮੁਕਾਬਲਿਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਸਟਾਫ ਵਿੱਚ ਨਾ ਸਿਰਫ਼ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ, ਸਗੋਂਪੀ ਐਲ ਡਬਲਯੂ ਭਾਈਚਾਰੇ ਵਿੱਚ ਏਕਤਾ ਅਤੇ ਭਾਈਚਾਰਕ ਸਾਂਝ ਦੀ ਭਾਵਨਾ ਪੈਦਾ ਕੀਤੀ ਜਾ ਸਕੇ। ਉਸਨੇ ਪੀ ਐਲ ਡਬਲਯੂਸਪੋਰਟਸ ਐਸੋਸੀਏਸ਼ਨ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਸਮਾਗਮ ਵਿੱਚ ਅਧਿਕਾਰੀਆਂ, ਸਟਾਫ਼ ਮੈਂਬਰਾਂ ਅਤੇ ਸਟਾਫ਼ ਕੌਂਸਲ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।

# ਸੁਪਰੀਮ ਕੋਰਟ ਦੇ ਸਹੀ ਫ਼ੈਸਲੇ ਨਾਲ਼ ਭਾਜਪਾ ਦੀ ਧੱਕੇਸ਼ਾਹੀ ਦਾ ਪਰਦਾਫਾਸ਼ ਹੋਇਆ: ਮਾਨ

**ਮਲੇਰਕੋਟਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਵੱਲੋਂ ਚੰਡੀਗੜ੍ਹ ਦੇ ਮੇਅਰ ਦੇ ਮਾਮਲੇ ਵਿੱਚ ਫੈਸਲਾ ਸੁਣਾਉਂਦੇ ਹੋਏ ਭਾਜਪਾ ਵੱਲੋਂ ਬਣਾਏ ਗਏ ਮੇਅਰ ਨੂੰ ਅਸੰਵਿਧਾਨਕ ਕਰਾਰ ਦਿੰਦੇ ਹੋਏ ਆਮ ਆਦਮੀ ਪਾਰਟੀ ਦਾ ਮੇਅਰ ਬਨਾਉਣ ਦਾ ਫੈਸਲਾ ਸੁਣਾ ਦਿੱਤਾ ਗਿਆ।

ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਬਲਾਕ ਮਲੇਰਕੋਟਲਾ ਦੇ ਪਿੰਡ ਮਾਨ ਮਾਜਰਾ (ਮਾਨਾਂ) ਦੇ ਪਿੰਡ ਇਕਾਈ ਦੇ ਪ੍ਰਧਾਨ ਦਲਜੀਤ ਸਿੰਘ ਮਾਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਚਾਈ ਦੀ ਜਿੱਤ ਹੋਈ ਹੈ ਉਹਨਾਂ ਕਿਹਾ ਕਿ ਭਾਜਪਾ ਚੰਡੀਗੜ੍ਹ ਵਿੱਚ ਧੱਕੇਸ਼ਾਹੀ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਸਦਾ ਲਾਭ ਉਠਾਉਣਾ ਚਾਹੁੰਦੀ ਸੀ ਭਾਜਪਾ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ ਹੈ।

# ਸਰਕਾਰ ਦੀ ਘਰ ਘਰ ਅੰਨ ਯੋਜਨਾ ਪਿੰਡਾਂ ਤੱਕ ਪਹੁੰਚੀ: ਜਗਤਾਰ ਸਿੰਘ ਜੱਸੋਵਾਲ



**ਮਾਛੀਵਾੜਾ ਸਾਹਿਬ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਘਰ ਘਰ ਅੰਨ ਯੋਜਨਾ ਹੁਣ ਪਿੰਡਾਂ ਤੱਕ ਵੀ ਪਹੁੰਚਣ ਲੱਗ ਪਈ ਹੈ। ਪਾਰਟੀ ਦੇ ਯੂਥ ਆਗੂ ਜਗਤਾਰ ਸਿੰਘ ਜੱਸੋਵਾਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਅੱਜ ਅਸੀਂ ਪਾਰਟੀ ਦੇ ਅਹੁਦੇਦਾਰਾਂ ਅਤੇ ਸਮਾਜ ਸੇਵੀਆਂ ਨਾਲ ਮਿਲ ਕੇ ਪਿੰਡ ਦੇ ਲੋਕਾਂ ਨੂੰ ਘਰ ਘਰ ਅਨਾਜ ਪਹੁੰਚਾਇਆ। ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕੀਤੇ ਗਏ ਇਸ ਕਾਰਜ ਨੂੰ ਪਿੰਡ ਦੇ ਲੋਕਾਂ ਨੇ ਇੱਕ ਵੱਡੀ ਸਹੂਲਤ ਮੰਨ ਕੇ ਮੁੱਖ ਮੰਤਰੀ ਦਾ ਧੰਨਵਾਦ ਵੀ ਕੀਤਾ। ਅੰਨ ਵਿਤਰਣ ਯੋਜਨਾ ਦੀ ਇਸ ਮੁਹਿੰਮ ਦੌਰਾਨ ਯੂਥ ਆਗੂ ਜਗਤਾਰ ਸਿੰਘ ਜੱਸੋਵਾਲ, ਗੁਰਵੀਰ ਸਿੰਘ ਖੇੜਾ, ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਚੰਨਣ ਸਿੰਘ, ਦਲਵੀਰ ਸਿੰਘ, ਹਰਜੀਤ ਬਿੱਟੂ, ਵਿੱਕੀ ਗਿੱਲ, ਲਵਪ੍ਰੀਤ ਚੌਹਾਨ, ਸਾਹਿਲ ਸਿੰਘ ਇੰਦਰਜੀਤ ਕੌਰ ਬੱਬੂ, ਕਮਲੇਸ਼ ਕੌਰ ਆਦਿ ਨੇ ਹਾਜ਼ਰੀ ਦਿੱਤੀ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਸਨਾਤਨ ਹਿੰਦੂ ਧਰਮ ਦੇ ਪ੍ਰਸਾਰ ਲਈ ਸ਼੍ਰੀ ਹਨੂੰਮਾਨ ਚਾਲੀਸਾ ਜੀ ਦੇ ਪਾਠ ਦਾ ਆਯੋਜਨ ਕੀਤਾ ਗਿਆ



**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਹਰ ਮੰਗਲਵਾਰ ਦੀ ਤਰ੍ਹਾਂ ਉੱਤਰੀ ਭਾਰਤ ਦੇ ਪ੍ਰਸਿੱਧ ਤੀਰਥ ਸਥਾਨ ਸ਼੍ਰੀ ਕਾਲੀ ਮਾਤਾ ਮੰਦਿਰ, ਪਟਿਆਲਾ ਪੰਜਾਬ ਵਿਖੇ ਸਨਾਤਨ ਹਿੰਦੂ ਧਰਮ ਦੇ ਪ੍ਰਸਾਰ ਲਈ ਸ਼੍ਰੀ ਹਨੂੰਮਾਨ ਚਾਲੀਸਾ ਜੀ ਦੇ ਪਾਠ ਦਾ ਆਯੋਜਨ ਕੀਤਾ ਗਿਆ।

ਸ਼੍ਰੀ ਕਾਲੀ ਮਾਤਾ ਮੰਦਿਰ ਵਿੱਚ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੀ ਵਿਆਸ ਪੀਠ ਤੋਂ ਧਰਮ ਪ੍ਰਚਾਰਕ ਪੰਡਿਤ ਅਭਿਸ਼ੇਕ ਪਾਂਡੇ ਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸ਼ਾਸਤਰ ਕਹਿੰਦਾ ਹੈ ਕਿ ਜੇਕਰ ਕਿਸੇ ਵਿਅਕਤੀ ਵਿੱਚ ਸੁੰਦਰਤਾ ਦੀ ਕਮੀ ਹੋਵੇ ਤਾਂ ਉਹ ਇਸਦੀ ਭਰਪਾਈ ਉਸਦੇ ਸੁਭਾਅ ਦੁਆਰਾ ਕੀਤੀ ਜਾ ਸਕਦੀ ਹੈ ਪਰ ਜੇਕਰ ਚੰਗੇ ਸੁਭਾਅ ਦੀ ਕਮੀ ਹੈ ਤਾਂ ਉਹ ਕਮੀ ਸੁੰਦਰਤਾ ਨਾਲ ਪੂਰੀ ਨਹੀਂ ਹੋ ਸਕਦੀ, ਇਸ ਲਈ ਹਮੇਸ਼ਾਂ ਆਪਣੇ ਸੁਭਾਅ ਨੂੰ ਚੰਗਾ ਬਣਾਉਣ ਦੀ ਕੋਸ਼ਿਸ਼ ਕਰੋ ਕਿਉਂਕਿ ਚੰਗੇ ਸੁਭਾਅ ਨਾਲ ਤੁਸੀਂ ਹਰ ਕਿਸੇ ਦੇ ਦਿਲ ਅਤੇ ਹਰ ਕਿਸੇ ਦੇ ਮਨ ਵਿੱਚ ਵਸ ਸਕਦੇ ਹੋ।

ਪੰਡਿਤ ਅਭਿਸ਼ੇਕ ਪਾਂਡੇ ਨੇ ਕਿਹਾ ਕਿ ਕੋਈ ਕਿਸੇ 'ਤੇ ਨਿਰਭਰ ਨਹੀਂ ਹੈ, ਜਿੱਥੇ ਕਿਸੇ ਦਾ ਦਾਣਾ ਪਾਣੀ ਹੈ, ਸਮਾਂ ਉਸ ਨੂੰ ਉੱਥੇ ਬੁਲਾ ਲੈਂਦਾ ਹੈ, ਕੋਈ ਕਿਸੇ ਦਾ ਨਹੀਂ ਖਾਂਦਾ, ਹਰ ਵਿਅਕਤੀ ਨੂੰ ਆਪਣੀ ਕਿਸਮਤ ਦਾ ਮਿਲਦਾ ਹੈ, ਇਸ ਲਈ ਜਿੱਥੇ ਕਿਸਮਤ ਹੁੰਦੀ ਹੈ, ਉੱਥੇ ਬੰਦਾ ਆਪ ਹੀ ਚੱਲ ਕੇ ਜਾਂਦਾ ਹੈ ਕਿਉਂਕਿ ਉਸ ਪ੍ਰਮਾਤਮਾ ਨੇ ਤੁਹਾਡੀ ਕਿਸਮਤ ਦਾ ਹਰ ਪਲ ਤੁਹਾਡੇ ਇਸ ਮੌਤ ਦੇ ਸੰਸਾਰ ਵਿੱਚ ਆਉਣ ਤੋਂ ਪਹਿਲਾਂ ਹੀ ਲਿਖ ਦਿੱਤਾ ਹੈ ਕਿ ਤੁਹਾਡੀ ਕਿਸਮਤ ਵਿੱਚ ਕੀ-ਕਿਵੇਂ ਅਤੇ ਕਿੱਥੇ ਹੋਵੇਗਾ। ਇਸ ਜਨਮ ਤੋਂ ਹੀ ਕਈ ਜਨਮਾਂ ਦਾ ਸੁਭਾਗ ਉਪਜਦਾ ਹੈ।

ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਕੌਮੀ ਚੈਅਰਮੈਨ ਪਵਨ ਕੁਮਾਰ ਗੁਪਤਾ ਨੇ ਦੱਸਿਆ ਕਿ ਅਗਲੇ ਮੰਗਲਵਾਰ ਨੂੰ ਇਸੇ ਸਥਾਨ 'ਤੇ ਵਿਸ਼ਾਲ ਸਮਾਗਮ ਕਰਵਾਇਆ ਜਾ ਰਿਹਾ ਹੈ। ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਇਹ 16ਵਾਂ ਸਲਾਨਾ ਸਮਾਗਮ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਦੇਸ਼ ਦੇ ਕੋਨੇ ਕੋਨੇ ਤੋਂ ਮਹਾਨ ਸੰਤ ਮਹਾਤਮਾ ਸ਼ੰਕਰਾਚਾਰੀਆ ਪਹੁੰਚ ਰਹੇ ਹਨ ।ਇਹ ਤੁਹਾਡੀ ਸਭ ਦੀ ਖ਼ੁਸ਼ਕਿਸਮਤੀ ਹੈ ਕਿ ਤੁਹਾਨੂੰ ਇਨ੍ਹਾਂ ਮਹਾਂਪੁਰਖਾਂ ਦੇ ਦਰਸ਼ਨ ਹੋਣਗੇ। ਜਿਸ ਲਈ ਤੁਸੀਂ 27 ਫਰਵਰੀ ਨੂੰ ਸਵੇਰੇ 8:00 ਵਜੇ ਆ ਸਕਦੇ ਹੋ। ਤੁਸੀਂ ਇਸ ਪ੍ਰੋਗਰਾਮ ਦਾ ਆਨੰਦ 10:00 ਤੋਂ ਸ਼ਾਮ 15:00 ਵਜੇ ਤੱਕ ਲਓਗੇ।

ਇਸ ਸ੍ਰੀ ਹਨੂੰਮਾਨ ਚਾਲੀਸਾ ਪਾਠ ਸਮਾਗਮ ਵਿੱਚ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਕੌਮੀ ਕਨਵੀਨਰ ਸ਼੍ਰੀ ਪਵਨ ਗੁਪਤਾ, ਪੰਜਾਬ ਪ੍ਰਦੇਸ਼ ਪ੍ਰਧਾਨ ਡਾ: ਸ਼ਿਵ ਭਾਰਦਵਾਜ, ਸਨਾਤਨ ਧਰਮ ਪ੍ਰਚਾਰਕ ਅਤੇ ਸੂਬਾ ਜਨਰਲ ਸਕੱਤਰ ਜੋਤਿਸ਼ ਅਚਾਰੀਆ ਪੰਡਿਤ ਬਦਰੀ ਪ੍ਰਸਾਦ ਸ਼ਾਸਤਰੀ, ਚੰਦ ਸ਼ਰਮਾ ਜਿਲ੍ਹਾ ਖਜਾਨਚੀ ਪਟਿਆਲਾ, ਸ਼੍ਰੀ ਨੀਲਮ ਸ਼ਰਮਾ ਜਿਲ੍ਹਾ ਚੇਅਰਮੈਨ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪਟਿਆਲਾ, ਸ਼੍ਰੀ ਰਾਜ ਕੁਮਾਰ ਬਿੱਟੂ ਜਿਲ੍ਹਾ ਜਨਰਲ ਸਕੱਤਰ ਪਟਿਆਲਾ, ਵੀਰਤਾ ਸ਼ਰਮਾ ਜਿਲ੍ਹਾ ਪ੍ਰਧਾਨ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪਟਿਆਲਾ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪਟਿਆਲਾ ਦੇ ਹੋਰ ਸੇਵਾਦਾਰ ਵੀ ਹਾਜ਼ਰ ਸਨ।

# ਜਲੰਧਰ ਕਮਿਸ਼ਨਰੇਟ ਪੁਲਿਸ ਦੀ ਨਸ਼ਿਆਂ ਖਿਲਾਫ ਜੰਗ ਜਾਰੀ

**ਜਲੰਧਰ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਦੋ ਨਸ਼ਾ ਤਸਕਰਾਂ ਨੂੰ 120 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੇ ਨਸ਼ਾ ਤਸਕਰੀ ਦੇ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਦੋਸ਼ੀਆਂ ਨੂੰ ਫੜਨ ਲਈ ਚੌਕਸੀ ਤੇਜ਼ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਪੁਲਿਸ ਵੱਲੋਂ ਵੇਰਕਾ ਮਿਲਕ ਪਲਾਂਟ ਸਰਵਿਸ ਰੋਡ 'ਤੇ ਚੈਕਿੰਗ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਪੁਲਸ ਪਾਰਟੀ ਨੇ ਕਰਤਾਰਪੁਰ ਵਾਲੇ ਪਾਸੇ ਤੋਂ ਪੈਦਲ ਆਉਂਦੇ ਇਕ ਵਿਅਕਤੀ ਨੂੰ ਦੇਖਿਆ।

ਪੁਲਿਸ ਕਮਿਸ਼ਨਰ ਨੇ ਕਿਹਾ ਕਿ ਪੁਲਿਸ ਨੂੰ ਵੇਖਦਿਆਂ ਹੀ ਵਿਅਕਤੀ ਅਚਾਨਕ ਵਾਪਿਸ ਮੁੜ ਗਿਆ ਅਤੇ ਇੱਕ ਛੋਟਾ ਪੋਲੀਥੀਨ ਸੁੱਟ ਦਿੱਤਾ। ਉਨਾਂ ਦੱਸਿਆ ਕਿ ਪੁਲਸ ਨੇ ਪੋਲੀਥੀਨ ਦੀ ਜਾਂਚ ਕਰਨ 'ਤੇ 70 ਗ੍ਰਾਮ ਹੈਰੋਇਨ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਪੁਲਸ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਉਕਤ ਵਿਅਕਤੀ ਨੂੰ ਕਾਬੂ ਕਰ ਲਿਆ, ਜਿਸ ਦੀ ਪਛਾਣ ਮਨਦੀਪ ਸਿੰਘ ਉਰਫ ਰਾਜੂ ਪੁੱਤਰ ਜਰਨੈਲ ਸਿੰਘ ਵਾਸੀ ਗਲੀ ਨੰਬਰ 1 ਪਿੰਡ ਚੱਕ ਜੀਂਦਾ ਜਲੰਧਰ ਵਜੋਂ ਹੋਈ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਥਾਣਾ ਡਿਵੀਜ਼ਨ ਨੰਬਰ 1 ਵਿਖੇ ਐਫਆਈਆਰ 28 ਮਿਤੀ 20-02-2024 ਅਧੀਨ 21/29-61-85 ਐਨਡੀਪੀਐਸ ਐਕਟ ਦਰਜ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਜਾਂਚ ਪੜਤਾਲ ਵਿੱਚ ਇੱਕ ਹੋਰ ਮੁਲਜ਼ਮ ਹਰਦੀਪ ਸਿੰਘ0 ਪੈਰੀ ਪੁੱਤਰ ਪਰਮਜੀਤ ਸਿੰਘ ਵਾਸੀ ਐਚ.ਨੰਬਰ 155 ਨਿਊ ਅਰੋੜਾ ਕਲੋਨੀ ਪਿੰਡ ਮਿੱਠਾਪੁਰ ਜਲੰਧਰ ਦੀ ਸ਼ਮੂਲੀਅਤ ਸਾਹਮਣੇ ਆਈ ਹੈ ਜਿਸ ਨੂੰ ਵੀ ਉਸੇ ਦਿਨ 50 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਸੀ।

ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਮਨਦੀਪ ਸਿੰਘ ਦਾ ਕੋਈ ਅਪਰਾਧਿਕ ਇਤਿਹਾਸ ਨਹੀਂ ਹੈ ਜਦਕਿ ਹਰਦੀਪ ਸਿੰਘ ਖ਼ਿਲਾਫ਼ ਪਹਿਲਾਂ ਹੀ ਤਰਨਤਾਰਨ ਵਿਖੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ ਤਹਿਤ ਦੋ ਐਫਆਈਆਰ ਦਰਜ ਹਨ।



# ਥਾਪਰ ਪਾਲੀਟੈਕਨੀਕਲ ਵਿਖੇ ਸੜਕ ਸੁਰੱਖਿਆ ਪੀੜ੍ਹਤਾਂ ਦੀ ਜਾਨਾਂ ਬਚਾਉਣ ਲਈ ਪ੍ਰੇਰਿਤ ਕੀਤਾ

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੇ ਵਿਦਿਆਰਥੀਆਂ ਅਧਿਆਪਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਹਤਮੰਦ ਤਦਰੁੰਸਤ ਸੁਰੱਖਿਆ ਖੁਸ਼ਹਾਲ ਰਖਣ ਅਤੇ ਸੰਕਟ, ਹਾਦਸਿਆਂ ਘਟਨਾਵਾਂ ਸਮੇਂ ਕੀਮਤੀ ਜਾਨਾਂ ਬਚਾਉਣ ਲਈ ਹਰੇਕ ਸੰਸਥਾ ਵੱਲੋਂ ਜਾਗਰੂਕਤਾ ਲਹਿਰ ਚਲਾਉਣੀ ਚਾਹੀਦੀ ਹੈ ਤਾਂ ਜੋ ਸਾਡੇ ਨੋਜਵਾਨ ਅਤੇ ਨਾਗਰਿਕ ਸਿਖਿਅਤ ਵਫ਼ਾਦਾਰ ਜੁਮੇਵਾਰ ਇਨਸਾਨ ਬਣ ? ਸਕਣ, ਅਤੇ ਆਪਣਾ ਦੇਸ਼ ਹਾਦਸਿਆਂ ਬਿਮਾਰੀਆਂ ਨਸ਼ਿਆਂ ਅਪਰਾਧਾਂ ਤੋਂ ਬਚਣ ਸਕੇ, ਇਹ ਵਿਚਾਰ ਥਾਪਰ ਪਾਲੀਟੈਕਨੀਕਲ ਕਾਲਜ ਦੇ ਪ੍ਰਿੰਸੀਪਲ ਡਾਕਟਰ ਅਕੂੰਸ ਕਾਂਸਲ ਨੇ ਪ੍ਰਗਟ ਕੀਤੇ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ ਮਰਿਆਦਾਵਾਂ ਫਰਜ਼ਾਂ, ਨਸ਼ਿਆਂ ਦੀ ਵਰਤੋਂ ਅਤੇ ਸਮਗਲਿੰਗ ਤੋਂ ਬਚਣ, ਹਾਦਸੇ ਘਟਾਉਣ, ਪੀੜਤਾਂ ਨੂੰ ਮਰਨ ਤੋਂ ਬਚਾਉਣ, ਦਿਲ ਦੇ ਦੌਰੇ ਅਨਜਾਇਨਾ ਕਾਰਡੀਅਕ ਅਰੈਸਟ, ਬੇਹੋਸ਼ੀ ਸਿਰ ਦੀ ਸੱਟਾਂ, ਘਰਾਂ ਵਿੱਚ ਗੈਸਾਂ ਲੀਕ ਹੋਣ ਬਿਜਲੀ ਕਰੰਟ ਸਮੇਂ ਜਾਨੀ ਅਤੇ ਮਾਲੀ ਨੁਕਸਾਨ ਰੋਕਣ ਅਤੇ ਠੀਕ ਸਹਾਇਤਾ ਕਰਨ ਦੀ ਜਾਣਕਾਰੀ ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਕਰਾਸ, ਸੇਵਾ ਮੁਕਤ ਸਬ ਇੰਸਪੈਕਟਰ ਗੁਰਜਾਪ ਸਿੰਘ, ਮਾਰੂਤੀ ਸੁਜ਼ੂਕੀ ਡਰਾਈਵਿੰਗ ਟਰੇਨਿੰਗ ਸਕੂਲ ਦੇ ਮੈਨੇਜਰ ਸ਼੍ਰੀ ਅਸ਼ੀਸ਼ ਸ਼ਰਮਾ, ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ ਸਾਕੇਤ ਹਸਪਤਾਲ ਦੇ ਡਾਇਰੈਕਟਰ ਸ੍ਰੀਮਤੀ ਪਰਮਿੰਦਰ ਕੌਰ ਮਨਚੰਦਾ ਅਤੇ ਗਿਆਨ ਜਯੋਤੀ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸ੍ਰੀ ਉਪਕਾਰ ਸਿੰਘ ਨੇ ਜਾਣਕਾਰੀ ਦਿੱਤੀ ਅਤੇ ਹਾਦਸਿਆਂ ਘਰੇਲੂ ਘਟਨਾਵਾਂ ਦੇ ਕਾਰਨਾਂ, ਅਣਗਹਿਲੀ ਕਾਹਲੀ ਤੇਜ਼ੀ ਨਾਸਮਝੀ ਕਾਰਨ ਹੋ ਰਹੀਆਂ ਮੌਤਾਂ, ਅਪਾਹਜਤਾ ਅਤੇ ਜੇਲਾਂ ਵਿੱਚ ਵਹੀਕਲ ਚਾਲਕਾਂ ਅਤੇ ਨਾਬਾਲਗਾਂ ਦੇ ਮਾਪਿਆਂ ਦਾ ਕੈਦ ਹੋਣ ਦੇ ਦਰਦਾਂ ਦੇ ਨਾਲ ਜ਼ਖ਼ਮੀਆਂ ਬੇਹੋਸ਼ ਦਿਲ ਦੇ ਦੌਰੇ ਅਨਜਾਇਨਾ ਸਮੇਂ ਫ਼ਸਟ ਏਡ ਸੀ ਪੀ ਆਰ ਰਿਕਵਰੀ ਪੁਜੀਸ਼ਨ ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਬਾਰੇ ਜਾਣਕਾਰੀ ਦਿੱਤੀ। ਕੁੱਝ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਗੋਲਡ ਮੈਡਲ ਦੇਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾਕਟਰ ਕਾਂਸਲ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਵਿੱਚ ਡਿਗਰੀਆਂ ਦੇ ਨਾਲ ਨਾਲ ਚੰਗੀ ਸਿਹਤ ਤਦਰੁੰਸਤੀ ਸੁਰੱਖਿਆ ਸਨਮਾਨ ਉੱਨਤੀ ਖੁਸ਼ਹਾਲੀ ਨਿਯਮਾਂ ਕਾਨੂੰਨਾਂ ਅਸੂਲਾਂ ਮਰਿਆਦਾਵਾਂ ਫਰਜ਼ਾਂ ਜੁਮੇਵਾਰੀਆਂ ਦਾ ਗਿਆਨ ਅਤੇ ਐਮਰਜੈਂਸੀ ਸਮੇਂ ਪੀੜਤਾਂ ਦੀ ਜਾਨਾਂ ਬਚਾਉਣ ਦੀ ਟ੍ਰੇਨਿੰਗ ਹੋਣਾ ਬਹੁਤ ਜ਼ਰੂਰੀ ਹੈ।



# ਪੁਰਾਣੀ ਪੈਨਸ਼ਨ ਲਈ ਸੰਗਰੂਰ ਵਿਖੇ ਕੀਤੀਆਂ ਜਾਣ ਵਾਲੀਆਂ ਰੈਲੀਆਂ 'ਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਾਮਲ ਹੋਵੋ : ਪੁੰਨਾਵਾਲ




**ਸੰਗਰੂਰ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਸੰਗਰੂਰ 1680 ,22 ਬੀ ਦੀ ਮੀਟਿੰਗ ਮੇਲਾ ਸਿੰਘ ਪੁੰਨਾਂਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਲਾਕਾ ਤਹਿਸੀਲਾਂ ਦੇ ਪ੍ਰਧਾਨ/ਸਕੱਤਰ ਸ਼ਾਮਲ ਹੋਏ ਧੂਰੀ ਵਿਖੇ ਮੁੱਖ ਮੰਤਰੀ ਦਫ਼ਤਰ ਦੇ ਅੱਗੇ ਮੁਲਾਜ਼ਮ ਤੇ ਪੈਨਸ਼ਨਰਾਂ 25 ਫਰਵਰੀ ਦੀ ਰੈਲੀ ਅਤੇ 25 ਫਰਵਰੀ ਦੀ ਪੁਰਾਣੀ ਪੈਨਸ਼ਨ ਪ੍ਰਾਣੀ ਮੋਰਚਾ ਦੀ ਮੁੱਖ ਮੰਤਰੀ ਦਫ਼ਤਰ ਸੰਗਰੂਰ ਵਿਖੇ ਕੀਤੀ ਜਾਣ ਵਾਲੀ ਰੈਲੀਆਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣਗੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੀਤਾ ਰਾਮ ਸ਼ਰਮਾ ਪ੍ਰਧਾਨ ਪ.ਸ.ਸ.ਫ ਇੰਦਰ ਸਿੰਘ ਚੇਅਰਮੈਨ, ਹੰਸ ਰਾਜ ਦੀਦਾਰਗੜ੍ਹ, ਸੱਤਪਾਲ ਮੋੜ, ਗੁਰਤੇਜ ਸ਼ਰਮਾ, ਸਰੀਫ ਮੁਹੰਮਦ, ਗੁਰਜੰਟ ਸਿੰਘ ਬੁਗਰਾ, ਗੁਰਮੀਤ ਸਿੰਘ ਮਿੱਡਾ ਸਿਕੰਦਰ ਸਿੰਘ, ਦਵਿੰਦਰ ਸਿੰਘ ਸੁਨਾਮ, ਕੇਵਲ ਸਿੰਘ ਗੁੱਜਰਾਂ, ਵਿਜੇ ਕੁਮਾਰ, ਰਾਜੂ ਸਿੰਘ ਮੰਡੀ ਬੋਰਡ, ਭਗਵਾਨ ਸਿੰਘ, ਨਿੱਕਾ ਸਿੰਘ, ਜਸਵੀਰ ਸਿੰਘ,ਪ੍ਰਦੀਪ ਕੁਮਾਰ ਆਦਿ ਹਾਜਰ ਸਨ।

# ਆਟੇ ਵਾਲੀ ਪਰਾਤ ਪੰਜਾਬ ’ਚ ਅਤੇ ਚੁੱਲ੍ਹਾ ਹਰਿਆਣਾ ’ਚ



**ਪਾਤੜਾਂ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ-ਸੰਗਰੂਰ ਕੌਮੀ ਮਾਰਗ ’ਤੇ ਢਾਬੀ ਗੁੱਜਰਾਂ ਨੇੜੇ ਇੱਕ ਅਜਿਹਾ ਮਕਾਨ ਹੈ ਜੋ ਪੰਜਾਬ ਤੇ ਹਰਿਆਣਾ ਦੇ ਐਨ ਬਾਰਡਰ ’ਤੇ ਬਣਿਆ ਹੋਇਆ ਹੈ। ਘਰ ਦਾ ਅੱਧਾ ਹਿੱਸਾ ਪੰਜਾਬ ਅਤੇ ਅੱਧਾ ਹਰਿਆਣਾ ਵੱਲ ਹੈ। ਕਿਸਾਨ ਬਲਵਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਨੇ ਕਰੀਬ 50 ਸਾਲ ਪਹਿਲਾਂ ਇੱਥੇ ਜ਼ਮੀਨ ਖਰੀਦ ਕੇ ਘਰ ਬਣਾਇਆ ਸੀ ਪਰ 1966 ਵਿੱਚ ਪੰਜਾਬ ਤੇ ਹਰਿਆਣਾ ਦੀ ਵੰਡ ਸਮੇਂ ਖਿੱਚੀ ਗਈ ਲਕੀਰ ਕਾਰਨ ਉਨ੍ਹਾਂ ਦੀ ਵਾਹੀਯੋਗ ਜ਼ਮੀਨ ਤੇ ਘਰ ਦੋ ਸੂਬਿਆਂ ਵਿੱਚ ਵੰਡਿਆ ਗਿਆ। ?ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਘਰ ਦਾ ਅੱਧਾ ਹਿੱਸਾ ਪੰਜਾਬ ਤੇ ਅੱਧਾ ਹਰਿਆਣਾ ਵਿੱਚ ਹੈ। ਉਨ੍ਹਾਂ ਦੇ ਘਰ ਦੀ ਰਸੋਈ ਵੀ ਦੋ ਹਿੱਸਿਆਂ ਵਿੱਚ ਵੰਡੀ ਗਈ। ਰਸੋਈ ਵਿੱਚ ਆਟਾ ਗੁੰਨ੍ਹਣ ਵਾਲੀ ਪਰਾਤ ਪੰਜਾਬ ’ਚ ਪਈ ਹੈ ਜਦਕਿ ਚੁੱਲ੍ਹਾ ਹਰਿਆਣਾ ’ਚ ਹੈ। ਉਨ੍ਹਾਂ ਦੀ ਜ਼ਮੀਨ ਪੰਜਾਬ ਦੇ ਪਿੰਡ ਢਾਬੀ ਗੁੱਜਰਾਂ ਦੇ ਨਾਲ ਨਾਲ ਹਰਿਆਣਾ ਦੇ ਹੰਸਡੈਹਰ, ਰੇਵਰ ਅਤੇ ਪਦਾਰਥ ਖੇੜਾ ਦੇ ਨਾਲ ਲੱਗਦੀ ਹੈ।

ਕਿਸਾਨ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਕੋਲ ਕਰੀਬ 47 ਏਕੜ ਜ਼ਮੀਨ ਹੈ ਜਿਸ ’ਚੋਂ 25 ਏਕੜ ਪੰਜਾਬ ਅਤੇ ਬਾਕੀ 22 ਏਕੜ ਦੇ ਕਰੀਬ ਹਰਿਆਣਾ ’ਚ ਪੈਂਦੀ ਹੈ। ਤਿੰਨ ਮੋਟਰਾਂ ਪੰਜਾਬ ਵਿੱਚ ਲੱਗੀਆਂ ਹੋਈਆਂ ਹਨ ਜਦਕਿ ਬਾਕੀ ਹਰਿਆਣਾ ਵਿੱਚ ਹਨ। ਪੰਜਾਬ ਵਿੱਚ ਲੱਗੀਆਂ ਮੋਟਰਾਂ ਦਾ ਪਾਣੀ ਬੇਰੋਕ ਹਰਿਆਣੇ ਦੇ ਖੇਤਾਂ ਤੇ ਹਰਿਆਣਾ ਵਿੱਚ ਲੱਗੀਆਂ ਮੋਟਰਾਂ ਦਾ ਪਾਣੀ ਪੰਜਾਬ ਦੇ ਖੇਤਾਂ ਨੂੰ ਲੱਗਦਾ ਹੈ। ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਪਰਿਵਾਰ ਵਿੱਚ ਆਪਸੀ ਜ਼ਮੀਨ ਦੀ ਵੰਡ ਨੂੰ ਲੈ ਕੇ ਨਿਸ਼ਾਨਦੇਹੀ ਕਰਵਾਈ ਗਈ ਸੀ। ਇਸ ਮਗਰੋਂ ਹਰਿਆਣਾ ਅਤੇ ਪੰਜਾਬ ਦੇ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਕੰਪਿਊਟਰਾਈਜ਼ਡ ਨਿਸ਼ਾਨਦੇਹੀ ਮਗਰੋਂ ਬੁਰਜੀਆਂ ਲਗਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਮੁਫ਼ਤ ਬਿਜਲੀ ਦੀ ਸਹੂਲਤ ਕਾਰਨ ਉਨ੍ਹਾਂ ਨੂੰ ਮੋਟਰਾਂ ਦਾ ਕੋਈ ਬਿੱਲ ਨਹੀਂ ਭਰਨਾ ਪੈਂਦਾ ਜਦੋਂ ਕਿ ਹਰਿਆਣਾ ’ਚ ਬਿੱਲ ਅਦਾ ਕਰਨਾ ਪੈ ਰਿਹਾ ਹੈ।

# ‘ਨੀ ਮੈਂ ਸੱਸ ਕੁੱਟਣੀ’ ਦੇ ਪ੍ਰਚਾਰ ਲਈ ਸੁਨਾਮ ਪੁੱਜੀ ਫ਼ਿਲਮ ਦੀ ਟੀਮ



**ਸੁਨਾਮ ਊਧਮ ਸਿੰਘ ਵਾਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿੱਚ ‘ਨੀ ਮੈਂ ਸੱਸ ਕੁੱਟਣੀ -2’ ਫ਼ਿਲਮ ਦੀ ਪ੍ਰਮੋਸ਼ਨ ਲਈ ਪੁੱਜੇ ਪੰਜਾਬੀ ਅਦਾਕਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਇਹ ਫਿਲਮ ਨੂੰਹ ਸੱਸ ਦੇ ਨਿੱਘੇ ਰਿਸ਼ਤੇ ਨੂੰ ਦਰਸਾਉਣ ਵਾਲੀ ਘਰੇਲੂ ਅਤੇ ਮਨੋਰੰਜਨ ਭਰਪੂਰ ਫ਼ਿਲਮ ਹੈ ਜਿਸ ਵਿੱਚ ਦਰਸਾਇਆ ਗਿਆ ਹੈ ਕਿ ਨੂੰਹ ਸੱਸ ਦੇ ਰਿਸ਼ਤੇ ਨੂੰ ਕਿਵੇਂ ਸਹੀ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਇਸ ਫਿਲਮ ਤੋਂ ਸੇਧ ਲੈਣ ਦੀ ਲੋੜ ਹੈ ਅਤੇ ਰਿਸ਼ਤਿਆਂ ਨੂੰ ਸਹੀ ਨਿਭਾਉਣ ਲਈ ਆਪਣਾ ਵਿਹਾਰ ਵੀ ਸਹੀ ਰੱਖਣਾ ਚਾਹੀਦਾ ਹੈ। ਉਨ੍ਹਾਂ ਸਾਰਿਆਂ ਨੂੰ ਇਹ ਫਿਲਮ ਦੇਖਣ ਦੀ ਅਪੀਲ ਵੀ ਕੀਤੀ। ਇਸ ਮੌਕੇ ਰਵਿੰਦਰ ਸਿੰਘ ਮੰਡ, ਤਨਵੀਰ ਨਾਗੀ, ਸੁਖਵਿੰਦਰ ਬਰਾੜ, ਮਹਿਤਾਬ ਵਿਰਕ, ਪ੍ਰਗਟ ਸਮਾਰੋਹ, ਕਾਲਜ ਪ੍ਰਿੰਸੀਪਲ ਹਰਵਿੰਦਰ ਸਿੰਘ, ਪ੍ਰੋਫੈਸਰ ਮੁਖਤਿਆਰ ਸਿੰਘ, ਰਾਜਬੀਰ ਕੌਰ, ਡਾਕਟਰ ਮਨਪ੍ਰੀਤ ਕੌਰ ਹਾਂਡਾ, ਪ੍ਰੋਫੈਸਰ ਸਤਿੰਦਰ ਸਿੰਘ ਢਿੱਲੋਂ , ਨਰਦੀਪ ਸਿੰਘ, ਸਰਪੰਚ ਪਵਿੱਤਰ ਸਿੰਘ ਬੈਨੀਪਾਲ, ਰਾਜੂ ਸੇਠੀ, ਕੁਲਦੀਪ ਸਿੰਘ ਬਾਹੀਆ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਕਿਸਾਨ ਦੀ ਮੌਤ ਮਗਰੋਂ ਹਸਪਤਾਲ ’ਚ ਰੋਸ ਮੁਜ਼ਾਹਰਾ

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਕਿਸਾਨ ਜਥੇਬੰਦੀਆਂ ਦੇ ਆਗੂ ਅੱਜ ਇਥੇ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਪੁੱਜ ਗਏ। ਉਨ੍ਹਾਂ ਕੇਂਦਰ, ਹਰਿਆਣਾ ਤੇ ਪੰਜਾਬ ਸਰਕਾਰ ਦੇ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ। ਇਨ੍ਹਾਂ ਕਿਸਾਨ ਆਗੂਆਂ ਵਿਚ ਮੌਜੂਦਾ ਸੰਘਰਸ਼ ਤੋਂ ਬਾਹਰ ਰਹਿ ਰਹੀਆਂ ਜਥੇਬੰਦੀਆਂ ਦੇ ਆਗੂ ਵੀ ਸ਼ਾਮਲ ਹੋਏ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਭਾਵੇਂ ਦਿੱਲੀ ਕੂਚ ਦੇ ਪ੍ਰੋਗਰਾਮ ਦਾ ਹਿੱਸਾ ਨਹੀਂ ਹਨ ਪਰ ਸ਼ਹੀਦ ਹੋਇਆ ਕਿਸਾਨ ਸਾਰਿਆਂ ਦਾ ਸਾਂਝਾ ਸੀ। ਇਸ ਕਰਕੇ ਉਸ ਦੀ ਮੌਤ ’ਤੇ ਉਨ੍ਹਾਂ ਨੂੰ ਬੇਹੱਦ ਦੁੱਖ ਹੈ।ਹਸਪਤਾਲ ’ਚ ਕੀਤੇ ਗਏ ਰੋਸ ਮੁਜ਼ਾਹਰੇ ’ਚ ਸੂਬਾਈ ਕਿਸਾਨ ਆਗੂ ਰਮਿੰਦਰ ਪਟਿਆਲਾ, ਗੁਰਮੀਤ ਦਿੱਤੂਪੁਰ, ਕੁਲਵੰਤ ਮੌਲਵੀਵਾਲ਼ਾ, ਅਵਤਾਰ ਕੌਰਜੀਵਾਲ਼ਾ,



ਜਸਦੇਵ ਨੂਗੀ, ਹਰਦੀਪ ਸੇਹਰਾ, ਰਾਣਾ ਨਿਰਮਾਣ, ਧੰਨਾ ਸਿੰਘ ਸਿਓਣਾ ਕਈ ਹੋਰ ਆਗੂ ਸ਼ਾਮਲ ਸਨ। ਇਸ ਮੌਕੇ ਹੀ ਮ੍ਰਿਤਕ ਕਿਸਾਨ ਦੇ ਪਿੰਡ ਬੱਲੋ ਤੋਂ ਵੀ ਕਿਸਾਨ ਯੂਨੀਅਨ ਏਕਤਾ ਦੇ ਆਗੂ ਗੁਰਵਿੰਦਰ ਬੱਲੋ ਪੁੱਜੇ ਹੋਏ ਸਨ। ਮੋਰਚਰੀ ਦੇ ਬਾਹਰ ਇਕੱਠੇ ਹੋਏ ਕਿਸਾਨ ਆਗੂਆਂ ਨੇ ਸ਼ੁਭਕਰਨ ਸਿੰਘ ਬੱਲੋ ਨੂੰ ਸ਼ਹੀਦ ਕਰਾਰ ਦਿੰਦਿਆਂ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਉਸ ਦੀ ਮੌਤ ਲਈ ਕੇਂਦਰ ਤੇ ਹਰਿਆਣਾ ਸਣੇ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਦੱਸਦਿਆਂ ਰੋਸ ਪ੍ਰਦਸ਼ਨ ਵੀ ਕੀਤਾ। ਲੰਬਾ ਸਮਾਂ ਪੀਐੱਸਯੂ ਦੇ ਸੂਬਾਈ ਪ੍ਰਧਾਨ ਰਹੇ ਤੇ ਹੁਣ ਸੂਬਾਈ ਕਿਸਾਨ ਆਗੂ ਵਜੋਂ ਸਰਗਰਮ ਰਮਿੰਦਰ ਸਿੰਘ ਪਟਿਆਲਾ ਨੇ ਵੀ ਇਸ ਮੌਕੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਇਸ ਦੌਰਾਨ ਪੁਲੀਸ ਚੌਕੀ ਰਾਜਿੰਦਰਾ ਹਸਪਤਾਲ ਦੇ ਇੰਚਾਰਜ ਜਪਨਾਮ ਸਿੰਘ ਵਿਰਕ ਦੀ ਅਗਵਾਈ ਹੇਠ ਮੋਰਚਰੀ ਦੇ ਬਾਹਰ ਪੁਲੀਸ ਤਾਇਨਾਤ ਕੀਤੀ ਹੋਈ ਹੈ।

# ਪਿੰਡ ਮੈਰਾ ਕਲਾਂ ਵਿੱਚ ਨਾਜਾਇਜ਼ ਖਣਨ ਕਰਦੇ ਸੱਤ ਜਣੇ ਕਾਬੂ



**ਪਠਾਨਕੋਟ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਵੀ ਦਰਿਆ ਨੇੜੇ ਪੈਂਦੇ ਪਿੰਡ ਮੈਰਾ ਕਲਾਂ ਵਿੱਚ ਰਾਤ ਦੇ ਹਨੇਰੇ ਵਿੱਚ ਨਾਜਾਇਜ਼ ਖਣਨ ਕਰਦਿਆਂ ਪੁਲੀਸ ਨੇ ਕਰੱਸ਼ਰ ਮਾਲਕ ਸਮੇਤ 7 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਇੱਕ ਪੋਕਲੇਨ ਮਸ਼ੀਨ ਅਤੇ 2 ਟਿੱਪਰ ਜ਼ਬਤ ਕੀਤੇ ਹਨ। ਇਸ ਦੇ ਨਾਲ ਹੀ ਨਾਜਾਇਜ਼ ਖਣਨ ਦੇ ਮਾਮਲੇ ਵਿੱਚ ਕੁਤਾਹੀ ਵਰਤਣ ’ਤੇ ਜ਼ਿਲ੍ਹਾ ਪੁਲੀਸ ਮੁਖੀ ਨੇ ਸਬੰਧਤ ਥਾਣਾ ਤਾਰਾਗੜ੍ਹ ਦੇ ਐੱਸਐੱਚਓ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਥਾਣੇ ਵਿੱਚ ਤਾਇਨਾਤ ਹੋਰ ਪੁਲੀਸ ਮੁਲਾਜ਼ਮਾਂ ਦੇ ਤਬਾਦਲੇ ਕਰ ਦਿੱਤੇ ਹਨ। ਕਰੱਸ਼ਰ ਮਾਲਕ ਦਾ ਨਾਂ ਸਰਬਜੀਤ ਸਿੰਘ ਉਰਫ ਸਾਬਾ ਵਾਸੀ ਪਿੰਡ ਦਤਿਆਲ ਦੱਸਿਆ ਜਾ ਰਿਹਾ ਹੈ, ਜਿਸ ’ਤੇ ਪਹਿਲਾਂ ਵੀ ਨਾਜਾਇਜ਼ ਖਣਨ ਦੇ 6 ਮਾਮਲੇ ਦਰਜ ਹਨ। ਜਾਣਕਾਰੀ ਅਨੁਸਾਰ ਕਿ ਜਿਸ ਜਗ੍ਹਾ ਮਾਈਨਿੰਗ ਕੀਤੀ ਜਾ ਰਹੀ ਸੀ, ਉਸ ਦੇ ਆਲੇ-ਦੁਆਲੇ ਕਮਾਦ ਦੀ ਫਸਲ ਖੜ੍ਹੀ ਸੀ ਅਤੇ ਉਥੋਂ ਤੱਕ ਪੁੱਜਣਾ ਵੀ ਬਹੁਤ ਮੁਸ਼ਕਲ ਸੀ। ਜ਼ਿਲ੍ਹਾ ਪੁਲੀਸ ਮੁਖੀ ਨੇ ਖੁਦ ਇਸ ਆਪਰੇਸ਼ਨ ਦੀ ਅਗਵਾਈ ਕੀਤੀ ਅਤੇ ਪੁਲੀਸ ਮੁਲਾਜ਼ਮ ਰਾਤ ਦੇ ਹਨੇਰੇ ਵਿੱਚ ਪੈਦਲ ਹੀ ਉਕਤ ਜਗ੍ਹਾ ਪੁੱਜੇ। ਇਸ ਗੈਰ-ਕਾਨੂੰਨੀ ਮਾਈਨਿੰਗ ਵਿੱਚ ਕੁੱਲ 10 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ’ਚੋਂ 7 ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ 3 ਗ੍ਰਿਫਤ ਤੋਂ ਬਾਹਰ ਹਨ। ਜ਼ਿਲ੍ਹਾ ਪੁਲੀਸ ਮੁਖੀ ਦਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਨਾਜਾਇਜ਼ ਖਣਨ ਬਾਰੇ ਗੁਪਤ ਸੂਚਨਾ ਮਿਲਣ ਮਗਰੋਂ ਪੁਲੀਸ ਦੇ ਸੀਆਈਏ ਸਟਾਫ ਦੇ ਇੰਚਾਰਜ ਦੀ ਅਗਵਾਈ ਵਿੱਚ ਸਪੈਸ਼ਲ ਛਾਪੇਮਾਰੀ ਕੀਤੀ ਗਈ ਤਾਂ ਗੁਰੂ ਜੀ ਸਟੋਨ ਕਰੱਸ਼ਰ ਪਿੰਡ ਮੈਰਾ ਕਲਾਂ ’ਤੇ ਪੋਕਲੇਨ ਮਸ਼ੀਨ ਦੀਆਂ ਲਾਈਟਾਂ ਦੀ ਰੋਸ਼ਨੀ ਵਿੱਚ ਗੈਰ-ਕਾਨੂੰਨੀ ਮਾਈਨਿੰਗ ਕਰਵਾਈ ਜਾ ਰਹੀ ਸੀ। ਇਸ ਦੌਰਾਨ ਉਥੇ ਮਾਈਨਿੰਗ ਮੈਟੀਰੀਅਲ ਚੋਰੀ ਕੇ ਇੱਕ ਬਹੁਤ ਵੱਡਾ ਟੋਇਆ ਪਾ ਦਿੱਤਾ ਗਿਆ ਸੀ, ਜਿਸ ’ਤੇ ਤੁਰੰਤ ਮੁਲਜ਼ਮਾਂ ਖਿਲਾਫ ਕਾਰਵਾਈ ਕਰਦੇ ਹੋਏ ਥਾਣਾ ਤਾਰਾਗੜ੍ਹ ਕੇਸ ਦਰਜ ਕਰ ਲਿਆ ਹੈ। ਜ਼ਿਲ੍ਹਾ ਪੁਲੀਸ ਮੁਖੀ ਨੇ ਦੱਸਿਆ ਕਿ ਮੁਲਜ਼ਮਾਂ ਵਿੱਚ ਸਰਬਜੀਤ ਸਿੰਘ ਉਰਫ ਸਾਬਾ ਵਾਸੀ ਪਿੰਡ ਦਤਿਆਲ, ਰਾਜਿੰਦਰ ਸਿੰਘ ਵਾਸੀ ਪਿੰਡ ਦਤਿਆਲ, ਅਕਸ਼ਤ ਪੁਰੀ ਵਾਸੀ ਪਠਾਨਕੋਟ, ਸੁਨੀਲ ਕੁਮਾਰ ਉਰਫ ਕਾਲਾ, ਮਿੰਟੂ ਕੁਮਾਰ ਵਾਸੀ ਪਿੰਡ ਕੋਹਲੀਆਂ, ਸਤਿੰਦਰ ਸਿੰਘ ਵਾਸੀ ਪਿੰਡ ਸਮਰਾਲਾ, ਰਛਪਾਲ ਸਿੰਘ ਵਾਸੀ ਪਿੰਡ ਸੁਲਤਾਨਪੁਰ, ਗੌਰਵ ਸਿੰਘ ਵਾਸੀ ਪਿੰਡ ਕਮਾਲਪੁਰ, ਅਮਿਤ ਪਾਲ ਵਾਸੀ ਪਿੰਡ ਭੋਆ ਅਤੇ ਬਲਕਾਰ ਸਿੰਘ ਵਾਸੀ ਪਿੰਡ ਮੰਝੀਰੀ ਜੱਟਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ 7 ਮੁਲਜ਼ਮਾਂ ਨੂੰ ਮੌਕੇ ’ਤੇ ਹੀ ਗ੍ਰਿਫਤਾਰ ਕੀਤਾ ਗਿਆ ਹੈ। ਜਦ ਕਿ ਬਾਕੀ ਤਿੰਨ ਮੁਲਜ਼ਮਾਂ ਰਾਜਿੰਦਰ ਸਿੰਘ, ਅਕਸ਼ਤ ਪੁਰੀ ਅਤੇ ਸੁਨੀਲ ਕੁਮਾਰ ਉਰਫ ਕਾਲਾ ਨੂੰ ਜਲਦੀ ਹੀ ਗ੍ਰਿਫਤਾਰ ਕੀਤਾ ਜਾਵੇਗਾ।

# ਨਵਜੋਤ ਸਿੱਧੂ ਦੇ ਭਾਜਪਾ ਵਿੱਚ ਜਾਣ ਦੀ ਚਰਚਾ

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਦੇ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਵਿੱਚ ਜਾਣ ਦੀ ਚਰਚਾ ਜ਼ੋਰਾਂ ’ਤੇ ਹੈ। ਹਾਲਾਂ ਕਿ ਨਵਜੋਤ ਸਿੱਧੂ ਕਹਿ ਚੁੱਕੇ ਹਨ ਕਿ ਉਹ ਕਾਂਗਰਸ ਪਾਰਟੀ ਨਾਲ ਗ਼ੱਦਾਰੀ ਨਹੀਂ ਕਰਨਗੇ ਪਰ ਫਿਰ ਵੀ ਅੱਜ ਇਹ ਚਰਚਾ ਸੁਣਨ ਨੂੰ ਮਿਲਦੀ ਰਹੀ ਕਿ ਨਵਜੋਤ ਸਿੱਧੂ ਭਾਜਪਾ ਵਿੱਚ ਜਾ ਸਕਦੇ ਹਨ।

ਚਰਚਾ ਹੈ ਕਿ ਨਵਜੋਤ ਸਿੱਧੂ ਨੂੰ ਭਾਰਤੀ ਜਨਤਾ ਪਾਰਟੀ ਵੱਲੋਂ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜਾਉਣ ਲਈ ਤਿਆਰ ਕੀਤਾ ਜਾਵੇਗਾ, ਹਾਲਾਂ ਕਿ ਨਵਜੋਤ ਸਿੱਧੂ ਹਮੇਸ਼ਾ ਤੋਂ ਕਹਿੰਦੇ ਆ ਰਹੇ ਹਨ ਕਿ ਉਹ ਹੁਣ ਪੰਜਾਬ ਦੀ ਰਾਜਨੀਤੀ ਹੀ ਕਰਨਗੇ, ਉਹ ਕੇਂਦਰੀ ਰਾਜਨੀਤੀ ਵਿੱਚ ਨਹੀਂ ਜਾਣਗੇ।




ਨਵਜੋਤ ਸਿੱਧੂ ਦੇ ਖ਼ੇਮੇ ਵੱਲੋਂ ਕਿਹਾ ਗਿਆ ਕਿ ਇਹ ਚਰਚਾ ਭਾਜਪਾ ਵੱਲੋਂ ਹੀ ਫੈਲਾਈਆਂ ਜਾ ਰਹੀਆਂ ਹਨ ਤਾਂ ਕਿ ਉਨ੍ਹਾਂ ਦਾ ਲਾਭ ਹੋ ਸਕੇ, ਜਦ ਕਿ ਨਵਜੋਤ ਸਿੱਧੂ ਕਦੇ ਵੀ ਭਾਜਪਾ ਵਿੱਚ ਸ਼ਾਮਲ ਨਹੀਂ ਹੋਣਗੇ। ਦੂਜੇ ਪਾਸੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਨਵਜੋਤ ਸਿੱਧੂ ਕਰਕੇ ਪੰਜਾਬ ਦੇ ਮੁੱਖ ਮੰਤਰੀ ਪਦ ਤੋਂ ਅਸਤੀਫਾ ਦੇਣ ਵਾਲੇ ਕੈਪਟਨ ਅਮਰਿੰਦਰ ਸਿੰਘ ਕਿਵੇਂ ਨਵਜੋਤ ਨੂੰ ਭਾਜਪਾ ਵਿੱਚ ਸ਼ਾਮਲ ਹੁੰਦਾ ਦੇਖਣਾ ਚਾਹੁਣਗੇ।

# ਮੀਤ ਹੇਅਰ ਨੇ ਰੱਖਿਆ ਇਮਾਰਤ ਦਾ ਨੀਂਹ ਪੱਥਰ

**ਬਰਨਾਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਚਿੰਟੂ ਪਾਰਕ ਦੇ 33 ਲੱਖ ਦੀ ਲਾਗਤ ਨਾਲ ਨਵੀਨੀਕਰਨ ਤੇ ਕਰੀਬ 10 ਲੱਖ ਦੀ ਲਾਗਤ ਨਾਲ ਉਸਾਰੀ ਜਾਣ ਵਾਲੀ ਸੀਨੀਅਰ ਸਿਟੀਜ਼ਨ ਸੁਸਾਇਟੀ ਦੀ ਇਮਾਰਤ ਦੇ ਕਾਰਜਾਂ ਦਾ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਨੀਂਹ ਪੱਥਰ ਰੱਖਿਆ। ਖੇਡ ਅਤੇ ਯੁਵਾ ਮਾਮਲੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਉਕਤ ਇਮਾਰਤ ਨਗਰ ਕੌਂਸਲ ਬਰਨਾਲਾ ਵੱਲੋਂ ਤਿਆਰ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਜਲਦ ਹੀ ਸਿਵਲ ਹਸਪਤਾਲ ਦੀ ਨਵੀਂ ਇਮਾਰਤ 25 ਕਰੋੜ ਦੀ ਲਾਗਤ ਨਾਲ ਬਣਾਈ ਜਾਵੇਗੀ ਜਿਸ ਦੀ ਮਨਜ਼ੂਰੀ ਸਰਕਾਰ ਵੱਲੋਂ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਬਰਨਾਲਾ ਸ਼ਹਿਰ ‘ਚ 1.46 ਕਰੋੜ ਰੁਪਏ ਦੀ ਲਾਗਤ ਜਨਤਕ ਪਖਾਨਿਆਂ ਦੀ ਉਸਾਰੇ ਜਾਣਗੇ। ਉਨ੍ਹਾਂ ਦੱਸਿਆ ਕਿ ਕੂੜੇ ਦੇ ਸੁਚੱਜੇ ਨਿਬੇੜਾ ਹਿਤ ਨਗਰ ਕੌਂਸਲ ਬਰਨਾਲਾ ਨੂੰ ਕੂੜਾ ਢੋਣ ਲਈ 8 ਗੱਡੀਆਂ ਹੋਰ ਨਵੀਆਂ ਮਿਲਣਗੀਆਂ ਜਦ ਕਿ 15 ਪਹਿਲਾਂ ਹੀ ਹਨ। ਉਨ੍ਹਾਂ ਦੱਸਿਆ ਕਿ ਨਾਲ ਕਿ 11 ਕਰੋੜ ਦੀ ਲਾਗਤ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ’ਚ ਇਕ ਹੋਰ ਮੰਜ਼ਿਲ ਦੀ ਉਸਾਰੀ ਵੀ ਕੀਤੀ ਜਾ ਰਹੀ ਹੈ।

# ਖਾਲਸਾ ਕਾਲਜ ਵਿੱਚ ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲੇ ਦਾ ਆਗਾਜ਼



**ਅੰਮ੍ਰਿਤਸਰ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖ਼ਾਲਸਾ ਕਾਲਜ ਵਿੱਚ ਅੱਜ ਅੱਠਵਾਂ ਪੰਜ ਰੋਜ਼ਾ ਪੁਸਤਕ ਮੇਲਾ ਸ਼ੁਰੂ ਹੋ ਗਿਆ। ਇਸ ਮੇਲੇ ਦਾ ਉਦਘਾਟਨ ਸੂਫ਼ੀ ਗਾਇਕ ਤੇ ਲੋਕ ਸਭਾ ਮੈਂਬਰ ਹੰਸ ਰਾਜ ਹੰਸ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਕੀਤਾ। ਇਸ ਮੌਕੇ ਹੰਸ ਰਾਜ ਹੰਸ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੁਸਤਕਾਂ ਨਾਲ ਜੁੜਨਾ ਇਨਸਾਨ ਦੀ ਖ਼ੁਸ਼ਨਸੀਬੀ ਹੁੰਦੀ ਹੈ ਕਿਉਂਕਿ ਕਿਤਾਬਾਂ ਮੱਥੇ ਦੀਆਂ ਲਕੀਰਾਂ ਬਦਲਦੀਆਂ ਹਨ। ਅੰਮ੍ਰਿਤਸਰ ਦੀ ਧਰਤੀ ’ਤੇ ਬਣੇ ਖ਼ਾਲਸਾ ਕਾਲਜ ਦੀ ਮੁਕੱਦਸ ਧਰਤੀ ’ਤੇ ਆ ਕੇ ਉਨ੍ਹਾਂ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਉਂਜ ਤਾਂ ਸਾਰਾ ਜੀਵਨ ਹੀ ਮੇਲਾ ਹੈ ਪਰ ਪੁਸਤਕਾਂ ਦੇ ਮੇਲੇ ਬਹੁਤ ਮਹੱਤਵਪੂਰਨ ਹੁੰਦੇ ਹਨ। ਪੁਸਤਕਾਂ ਫੁੱਲਾਂ ਵਰਗੀਆਂ ਹੁੰਦੀਆਂ ਹਨ ਜੋ ਜੀਵਨ ’ਚ ਖ਼ੁਸ਼ੀਆਂ ਵੰਡਦੀਆਂ ਹਨ। ਕਾਲਜ ਦੇ ਪੰਜਾਬੀ ਅਧਿਐਨ ਵਿਭਾਗ ਵੱਲੋਂ ਲਾਏ ਗਏ 5 ਰੋਜ਼ਾ ਪੁਸਤਕ ਮੇਲੇ ਦੀ ਪ੍ਰਧਾਨਗੀ ਕਰਦਿਆਂ ਰਜਿੰਦਰ ਮੋਹਨ ਛੀਨਾ ਨੇ ਕਿਹਾ ਕਿ ਪਿਛਲੇ 2-3 ਸਾਲਾਂ ਤੋਂ ਕਿਤਾਬਾਂ ਨਾਲ ਪ੍ਰੇਮ ਕਰਨ ਵਾਲਿਆਂ ਦੀ ਤਾਦਾਦ ’ਚ ਵਾਧਾ ਹੋਣਾ ਸਲਾਹੁਣਯੋਗ ਗੱਲ ਹੈ ਕਿਉਂਕਿ ਕਿਤਾਬ ਦਾ ਪੜ੍ਹਿਆ ਸਾਰਾ ਜੀਵਨ ਯਾਦ ਰਹਿੰਦਾ ਹੈ, ਕੰਪਿਊਟਰ ਦਾ ਪੜ੍ਹਿਆ ਨਹੀਂ। ਉਨ੍ਹਾਂ ਕਿਹਾ ਕਿ ਅਜਿਹੇ ਮੇਲੇ ਲੋਕਾਂ ’ਚ ਆਪਣੇ ਵਿਰਸੇ ਅਤੇ ਸੱਭਿਆਚਾਰ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਹਨ। ਮੇਲੇ ’ਚ 100 ਤੋਂ ਵੱਧ ਪ੍ਰਕਾਸ਼ਕਾਂ ਦੇ ਪਹੁੰਚਣ ਨਾਲ ਇਹ ਮੇਲਾ ਭਾਰਤ ਦੇ ਪ੍ਰਮੁੱਖ ਪੁਸਤਕ ਮੇਲਿਆਂ ’ਚ ਸ਼ੁਮਾਰ ਹੋ ਗਿਆ ਹੈ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਕਾਲਜ ਹਰ ਸਮੇਂ ਪੰਜਾਬ ’ਚ ਨਵੀਂ ਚੇਤਨਾ ਪੈਦਾ ਕਰਨ ਦੀ ਪਹਿਲ-ਕਦਮੀ ਕਰਦਾ ਆਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਮਾਲਵੇ ਅਤੇ ਦੁਆਬੇ ਦੇ ਖੇਤਰ ’ਚ ਤਾਂ ਪੁਸਤਕ ਮੇਲੇ ਲੱਗਦੇ ਸਨ ਪਰ ਮਾਝਾ ਖੇਤਰ ਇਸ ਪੱਖੋਂ ਪੱਛੜਿਆ ਹੋਇਆ ਸੀ। ਮਾਝੇ ਦੇ ਪਾਠਕਾਂ ਦੀ ਪੁਸਤਕਾਂ ਦੀ ਭੁੱਖ ਨੂੰ ਪੂਰਾ ਕਰਨ ਲਈ ਇਹ ਮੇਲਾ ਸਹਾਇਕ ਬਣਿਆ ਹੈ। ਪੰਜਾਬ ਦੇ ਵੱਖ-ਵੱਖ ਖੇਤਰਾਂ ਤੋਂ ਪਾਠਕ/ਦਰਸ਼ਕ ਇਸ ਮੇਲੇ ਨੂੰ ਵੇਖਣ ਲਈ ਪਹੁੰਚ ਰਹੇ ਹਨ।ਉਨ੍ਹਾਂ ਕਿਹਾ ਕਿ ਸਾਡਾ ਮੰਤਵ ਵਿਦਿਆਰਥੀਆਂ ਅਤੇ ਆਮ ਲੋਕਾਂ ਵਿੱਚ ਪੁਸਤਕ ਸੱਭਿਆਚਾਰ ਪੈਦਾ ਕਰਨਾ ਹੈ। ਇਸ ਮੌਕੇ ਕਾਲਜ ਵੱਲੋਂ ਹੰਸ ਰਾਜ ਹੰਸ ਅਤੇ ਬਾਹਰੋਂ ਆਈਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਡਿੱਪੂ ਹੋਲਡਰ ਯੂਨੀਅਨ ਦੇ ਵ਼ਫਦ ਵੱਲੋਂ ਰਾਜਪਾਲ ਨੂੰ ਮੰਗ ਪੱਤਰ



**ਬਰਨਾਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿੱਪੂ ਹੋਲਡਰਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਲੈ ਕੇ ਪੰਜਾਬ ਰਾਜ ਡਿੱਪੂ ਹੋਲਡਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਅਤੇ ਆਲ ਇੰਡੀਆ ਫੈਡਰੇਸ਼ਨ ਦੇ ਮੀਤ ਪ੍ਰਧਾਨ ਕੈਪਟਨ ਜੀ.ਐਸ. ਸਿੱਧੂ ਦੀ ਅਗਵਾਈ ਹੇਠ ਵਫ਼ਦ ਪੰਜਾਬ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਨੂੰ ਮਿਲਿਆ ਤੇ ਮੰਗ ਪੱਤਰ ਸੌਂਪਿਆ। ਕੈਪਟਨ ਸਿੱਧੂ ਨੇ ਰਾਜਪਾਲ ਨੂੰ ਦੱਸਿਆ ਕਿ ਗਰੀਬਾਂ ਨੂੰ ਰਾਸ਼ਨ ਵੰਡਣ ਵਾਲੇ ਸਭ ਤੋਂ ਸਸਤੇ ਨੈੱਟਵਰਕ ਰਾਸ਼ਨ ਡਿੱਪੂਆਂ ਨੂੰ ਪੰਜਾਬ ਸਰਕਾਰ ਖ਼ਤਮ ਕਰਨ ਦੇ ਰਾਹ ‘ਤੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੈਸ਼ਨਲ ਫੂਡ ਸਕਿਊਰਿਟੀ ਐਕਟ ਤਹਿਤ ਕੇਂਦਰ ਸਰਕਾਰ ਦੁਆਰਾ ਗਰੀਬਾਂ ਲਈ ਭੇਜੀ ਜਾ ਰਹੀ ਕਣਕ ਦਾ ਵੱਡੇ ਘਰਾਣਿਆਂ ਨੂੰ ਲਾਭ ਦੇਣ ਲਈ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਸਿਆਸੀ ਲਾਹਾ ਲੈਣ ਲਈ ਕੇਂਦਰ ਦੀ ਕਣਕ ਨੂੰ ਆਟੇ ਵਿੱਚ ਬਦਲ ਕੇ ਬੋਰੀਆਂ ‘ਤੇ ਆਪਣੀਆਂ ਫੋਟੋ ਲਗਾ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਚਾਲ ਚੱਲ ਰਹੀ ਹੈ। ਉਨ੍ਹਾਂ ਇਸ ਮਾਮਲੇ ‘ਚ ਰਾਜਪਾਲ ਤੋਂ ਦਖ਼ਲ ਦੀ ਮੰਗ ਕਰਦਿਆਂ ਡਿੱਪੂ ਹੋਲਡਰਾਂ ਤੇ ਲਾਭਪਾਤਰੀਆਂ ਦੇ ਹਿਤਾਂ ਦੀ ਰਾਖੀ ਦੀ ਗੁਹਾਰ ਲਾਈ। ਵਫ਼ਦ ਆਗੂਆਂ ਦੱਸਿਆ ਕਿ ਰਾਜਪਾਲ ਨੇ ਉਨ੍ਹਾਂ ਨੂੰ ਬਹੁਤ ਹੀ ਧਿਆਨ ਨਾਲ ਸੁਣਿਆ ਅਤੇ ਲੋੜੀਂਦੀ ਢੁਕਵੀਂ ਕਾਰਵਾਈ ਦਾ ਭਰੋਸਾ ਦਿਵਾਇਆ।

ਇਸ ਵਫ਼ਦ ਵਿੱਚ ਸੂਬਾ ਸਰਪ੍ਰਸਤ ਬਰਮ ਦਾਸ, ਫੈਡਰੇਸ਼ਨ ਦੇ ਕੌਮੀ ਸੈਕਟਰੀ ਕੈਪਟਨ ਸਿੱਧੂ ਨੇ ਰਾਜਪਾਲ ਨੂੰ ਦੱਸਿਆ ਕਿ ਗਰੀਬਾਂ ਨੂੰ ਰਾਸ਼ਨ ਵੰਡਣ ਵਾਲੇ ਸਭ ਤੋਂ ਸਸਤੇ ਨੈੱਟਵਰਕ ਰਾਸ਼ਨ ਡਿੱਪੂਆਂ ਨੂੰ ਪੰਜਾਬ ਸਰਕਾਰ ਖ਼ਤਮ ਕਰਨ ਦੇ ਰਾਹ ‘ਤੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੈਸ਼ਨਲ ਫੂਡ ਸਕਿਊਰਿਟੀ ਐਕਟ ਤਹਿਤ ਕੇਂਦਰ ਸਰਕਾਰ ਦੁਆਰਾ ਗਰੀਬਾਂ ਲਈ ਭੇਜੀ ਜਾ ਰਹੀ ਕਣਕ ਦਾ ਵੱਡੇ ਘਰਾਣਿਆਂ ਨੂੰ ਲਾਭ ਦੇਣ ਲਈ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਸਿਆਸੀ ਲਾਹਾ ਲੈਣ ਲਈ ਕੇਂਦਰ ਦੀ ਕਣਕ ਨੂੰ ਆਟੇ ਵਿੱਚ ਬਦਲ ਕੇ ਬੋਰੀਆਂ ‘ਤੇ ਆਪਣੀਆਂ ਫੋਟੋ ਲਗਾ ਕੇ ਫੈਡਰੇਸ਼ਨ ਦੇ ਮੀਤ ਪ੍ਰਧਾਨ ਕੈਪਟਨ ਜੀ.ਐਸ. ਸਿੱਧੂ ਦੀ ਅਗਵਾਈ ਹੇਠ ਵਫ਼ਦ ਪੰਜਾਬ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਨੂੰ ਮਿਲਿਆ ਤੇ ਮੰਗ ਪੱਤਰ ਸੌਂਪਿਆ। ਕੈਪਟਨ ਸਿੱਧੂ ਨੇ ਰਾਜਪਾਲ ਨੂੰ ਦੱਸਿਆ ਕਿ ਗਰੀਬ ਲੋਕਾਂ ਨੂੰ ਗੁਮਰਾਹ ਕਰਨ ਦੀ ਚਾਲ ਚੱਲ ਰਹੀ ਹੈ। ਉਨ੍ਹਾਂ ਇਸ ਮਾਮਲੇ ‘ਚ ਰਾਜਪਾਲ ਤੋਂ ਦਖ਼ਲ ਦੀ ਮੰਗ ਕਰਦਿਆਂ ਡਿੱਪੂ ਹੋਲਡਰਾਂ ਤੇ ਲਾਭਪਾਤਰੀਆਂ ਦੇ ਹਿਤਾਂ ਦੀ ਰਾਖੀ ਦੀ ਗੁਹਾਰ ਲਾਈ। ਕਰਮਜੀਤ ਸਿੰਘ ਅੜੈਚਾ, ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਅਜਾਇਬ ਸਿੰਘ ਮਾਨ, ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਬਲਕਾਰ ਸਿੰਘ ਲਹਿਰਾਗਾਗਾ, ਸਤਪਾਲ ਸਿੰਘ, ਕਰਨੈਲ ਸਿੰਘ ਅਤੇ ਨਰਾਇਣ ਸਿੰਘ ਸ਼ਾਮਲ ਸਨ।

# ਅਜਨਾਲਾ ਦੇ ਬਿਜਲੀ ਘਰ ਨੂੰ ਅਪਗਰੇਡ ਕਰਨ ਲਈ ਨੀਂਹ ਪੱਥਰ ਰੱਖਿਆ



**ਅਜਨਾਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਅਜਨਾਲਾ ਸਥਿਤ 66 ਕੇਵੀਏ ਬਿਜਲੀ ਘਰ ਨੂੰ 220 ਕੇਵੀਏ ਅਪਗਰੇਡ ਕਰਨ ਲਈ ਨੀਂਹ ਪੱਥਰ ਰੱਖਿਆ ਗਿਆ।

ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ 55 ਸਾਲ ਪੁਰਾਣਾ ਇਹ ਗਰਿੱਡ 35 ਕਰੋੜ ਰੁਪਏ ਦੀ ਲਾਗਤ ਨਾਲ ਅਪਗਰੇਡ ਹੋਵੇਗਾ।

ਇਸ ਨਾਲ ਅਜਨਾਲਾ ਤੋਂ ਇਲਾਵਾ ਚੱਕ ਡੋਗਰਾ, ਗੱਗੋਮਾਹਲ, ਡਿਆਲ ਭੜੰਗ ਦੇ ਬਿਜਲੀ ਘਰਾਂ ਤੋਂ ਚੱਲਦੇ 115 ਪਿੰਡਾਂ ਵਿੱਚ ਲੋਕਾਂ ਨੂੰ ਬਿਜਲੀ ਕੱਟਾਂ ਤੋਂ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਬਿਜਲੀ ਘਰ ਇਸੇ ਸਾਲ ਦੇ ਅੰਦਰ ਹੀ ਅਪਗਰੇਡ ਹੋ ਕੇ ਮੁਕੰਮਲ ਹੋ ਜਾਵੇਗਾ ਅਤੇ ਲੋਕਾਂ ਨੂੰ ਬਿਜਲੀ ਸਪਲਾਈ ਦੀ ਕੋਈ ਸਮੱਸਿਆ ਪੇਸ਼ ਨਹੀਂ ਆਵੇਗੀ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਰਾਜ ਕਰਦੀਆਂ ਸਰਕਾਰਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਸਮੱਸਿਆ ਵੱਲ ਬਿਲਕੁਲ ਹੀ ਧਿਆਨ ਨਹੀਂ ਦਿੱਤਾ ਜਦ ਕਿ ਮਾਨ ਸਰਕਾਰ ਨੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਪੇਂਡੂ ਅਤੇ ਸ਼ਹਿਰੀ ਖੇਤਰ ਦੀ ਨੁਹਾਰ ਬਦਲਣ ਲਈ ਬਹੁਤ ਵੱਡੇ ਕਦਮ ਚੁੱਕੇ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਹੁਣ ਬਿਜਲੀ ਸਪਲਾਈ ਅਤੇ ਸੜਕੀ ਸਹੂਲਤਾਂ ਵਧੀਆ ਹੋਣ ਕਾਰਨ ਸਰਹੱਦੀ ਖੇਤਰ ਅੰਦਰ ਸਨਅਤ ਲਈ ਨਵੇਂ ਦਰਵਾਜ਼ੇ ਖੁੱਲ੍ਹਣਗੇ, ਜਿਸ ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਡੇ ਮੌਕੇ ਪ੍ਰਦਾਨ ਹੋਣਗੇ। ਇਸ ਮੌਕੇ ਇੰਜ. ਸਤਿੰਦਰ ਸ਼ਰਮਾ, ਖੁਸ਼ਪਾਲ ਸਿੰਘ ਧਾਲੀਵਾਲ, ਐੱਸਡੀਓ ਕੁਲਵਿੰਦਰ ਸਿੰਘ, ਪ੍ਰਧਾਨ ਜਸਪਾਲ ਸਿੰਘ ਢਿੱਲੋਂ ਸਮੇਤ ਅਧਿਕਾਰੀ ਹਾਜ਼ਰ ਸਨ।

# ਮੋਗਾ ’ਚ ਅਗਾਊ ਸਮਾਂ ਲੈਣ ਬਾਵਜੂਦ ਨਹੀਂ ਹੋ ਰਹੀਆਂ ਰਜਿਸਟਰੀਆਂ

**ਮੋਗਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਸਰਕਾਰ ਨੇ ਲੋਕਾਂ ਦੀ ਖੱਜਲ ਖ਼ੁਆਰੀ ਰੋਕਣ ਲਈ ਨਵੰਬਰ 2017 ਤੋਂ ਜ਼ਮੀਨਾਂ ਦੀ ਖ਼ਰੀਦ ਫ਼ਰੋਖਤ ਲਈ ਰਜਿਸਟਰੀ ਲਈ ਅਗਾਊਂ ਸਮਾਂ ਲੈਣਾ ਲਾਜ਼ਮੀ ਕਰਾਰ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਰਜਿਸਟਰੀਆਂ ਦੀ ਨਿਗਰਾਨੀ ਲਈ ਤਹਿਸੀਲਾਂ ਵਿਚ ਹਾਈਟੈੱਕ ਇੰਟੈਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ ਤਹਿਤ ਆਧੁਨਿਕ ਤਕਨੀਕ ਕੈਮਰੇ ਲਗਾਏ ਗਏ ਹਨ ਪਰ ਇਸ ਦੇ ਬਾਵਜੂਦ ਲੋਕਾਂ ਦੀ ਖੱਲ ਖ਼ੁਆਰੀ ਬਰਕਰਾਰ ਹੈ।

ਸਥਾਨਕ ਸਬ ਰਜਿਸਟਰਾਰ ਲਖਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਕੋਲ ਤਹਿਸੀਲਦਾਰ ਦਾ ਵਾਧੂ ਚਾਰਜ ਤੇ ਅਮਨ ਕਾਨੂੰਨ ਦੀ ਸਥਿਤੀ ਮੌਕੇ ਬਤੌਰ ਕਾਰਜਕਾਰੀ ਮੈਜਿਸਟਰੇਟ ਡਿਊਟੀ ਕਾਰਨ ਕਿਸੇ ਵੇਲੇ ਰਜਿਸਟਰੀਆਂ ਕਰਨ ਵਿਚ ਦੇਰੀ ਦੀ ਸਮੱਸਿਆ ਪੈਦਾ ਹੁੰਦੀ ਹੈ। ਦੂਜੇ ਪਾਸੇ ਰਜਿਸਟਰੀਆਂ ਲਈ ਅਗਾਊਂ ਸਮਾਂ ਲੈਣ ਦੇ ਬਾਵਜੂਦ ਸਥਾਨਕ ਤਹਿਸੀਲ ਵਿਚ ਲੋਕਾਂ ਦੀ ਖੱਜਲ ਖ਼ੁਆਰੀ ਹੋ ਰਹੀ ਹੈ। ਇਥੇ ਰਜਿਸਟਰੀਆਂ ਲਈ ਭਾਵੇਂ ਅਗਾਊਂ ਸਮਾਂ ਲਿਆ ਹੁੰਦਾ ਹੈ ਪਰ ਤਹਿਸੀਲ ਦੇ ਰਿਕਾਰਡ ਮੁਤਾਬਕ ਅੱਜ ਦਿਨ ਤੱਕ ਕਦੇ ਵੀ ਰਜਿਸਟਰੀ ਨਹੀਂ ਹੋਈ। ਸਥਾਨਕ ਤਹਿਸੀਲਦਾਰ ਖ਼ਿਲਾਫ਼ ਅਪਰਾਧਿਕ ਕੇਸ ਦਰਜ ਹੋਣ ਕਰਕੇ ਜਦੋਂ ਉਹ ਪੇਸ਼ੀ ਉੱਤੇ ਜਾਂਦੇ ਹਨ ਤਾਂ ਉਸ ਦਿਨ ਤਾਂ ਕੰਮ ਹੀ ਠੱਪ ਹੀ ਰਹਿੰਦਾ ਹੈ। ਕੁਝ ਦਿਨ ਪਹਿਲਾਂ ਪਰਵਾਸੀ ਪੰਜਾਬੀ ਸਰਵਣ ਸਿੰਘ ਨੇ ਪਾਵਰ ਆਫ਼ ਅਟਾਰਨੀ ਲਈ 2 ਹਜ਼ਾਰ ਦਾ ਅਸ਼ਟਾਮ ਖਰੀਦਿਆ ਸੀ ਅਤੇ ਕਰੀਬ 3 ਹਜ਼ਾਰ ਰਜਿਸਟਰੇਸ਼ਨ ਫ਼ੀਸ ਆਨਲਾਈਨ ਭਰੀ ਸੀ ਪਰ ਕਈ ਦਿਨ ਤਹਿਸੀਲਦਾਰ ਦੇ ਨਾ ਬੈਠਣ ਕਾਰਨ ਉਸ ਨੂੰ ਬਿਨਾਂ ਪਾਵਰ ਆਫ਼ ਅਟਾਰਨੀ ਕਰਵਾਏ ਵਿਦੇਸ਼ ਪਰਤਣਾ ਪਿਆ। ਦੱਸਣਯੋਗ ਹੈ ਕਿ ਕਰੀਬ ਸਵਾ ਸਾਲ ਪਹਿਲਾਂ 2 ਨਵੰਬਰ 2022 ਨੂੰ ਪੰਜਾਬ ਦੇ ਲੋਕ ਨਿਰਮਾਣ ਵਿਭਾਗ ਅਤੇ ਬਿਜਲੀ ਵਿਭਾਗ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਲੋਕ ਹਿਤ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਆਏ ਸਨ। ਉਨ੍ਹਾਂ ਇਥੇ ਤਹਿਸੀਲ ਦਫ਼ਤਰ ਵਿਚ ਹੋਈਆਂ ਬੇਨਿਯਮੀਆਂ ਦੀ ਜਾਂਚ ਦਾ ਹੁਕਮ ਦਿੰਦੇ ਪਿਛਲੇ ਤਿੰਨ ਮਹੀਨੇ ਦਾ ਰਿਕਾਰਡ ਤਲਬ ਕੀਤਾ ਗਿਆ ਸੀ। ਡਿਪਟੀ ਕਮਿਸ਼ਨਰ ਨੇ ਇਸ ਮਾਮਲੇ ਲਈ ਤਿੰਨ ਸੀਨੀਅਰ ਮਾਲ ਅਧਿਕਾਰੀਆਂ ਦੀ ਕਮੇਟੀ ਦਾ ਗਠਨ ਕਰਕੇ ਜਾਂਚ ਕਰਵਾਈ ਸੀ।

ਮੋਗਾ ਵਿਚ ਅੱਜ ਸਬ-ਰਜਿਸਟਰਾਰ ਦਫ਼ਤਰ ਵੱਲੋਂ ਵਸੀਕਾ ਨਵੀਸਾਂ ਦੇ ਗਰੁੱਪ ਵਿੱਚ ਪੋਸਟ ਪਾ ਕੇ ਆਖਿਆ ਗਿਆ ਹੈ ਕਿ ਭਲਕੇ 22 ਫ਼ਰਵਰੀ ਨੂੰ ਰਜਿਸਟਰੇਸ਼ਨ ਦਾ ਕੰਮ ਨਹੀਂ ਹੋਵੇਗਾ।

# ਸਾਕਾ ਨਨਕਾਣਾ ਸਾਹਿਬ ਦੀ ਯਾਦ ਵਿੱਚ ਸਮਾਗਮ



**ਅੰਮ੍ਰਿਤਸਰ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੌਰਾਨ 1921 ਵਿੱਚ ਵਾਪਰੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਗੁਰਬਾਣੀ ਕੀਰਤਨ ਕੀਤਾ ਗਿਆ । ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਨੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਭੇਟ ਕਰਦਿਆਂ ਕਿਹਾ ਕਿ ਇਹ ਅਜਿਹੇ ਮਹਾਨ ਸ਼ਹੀਦ ਹਨ ਜਿਨ੍ਹਾਂ ਦੀ ਸ਼ਹਾਦਤਾਂ ਦੇ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਨੂੰ ਅੰਗਰੇਜ਼ ਸਰਕਾਰ ਦੇ ਪਿੱਠੂ ਅਖੌਤੀ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਸਨ। ਸਮਾਗਮ ਭੋਗ ਪਾਏ ਗਏ ਅਤੇ ਉਪਰੰਤ ਗੁਰਬਾਣੀ ਕੀਰਤਨ ਕੀਤਾ ਗਿਆ । ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਨੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਭੇਟ ਕਰਦਿਆਂ ਕਿਹਾ ਕਿ ਇਹ ਅਜਿਹੇ ਮਹਾਨ ਸ਼ਹੀਦ ਹਨ ਜਿਨ੍ਹਾਂ ਦੀ ਸ਼ਹਾਦਤਾਂ ਦੇ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਸਮੇਂ ਗਿਆਨੀ ਬਲਵਿੰਦਰ ਸਿੰਘ ਤੋਂ ਇਲਾਵਾ, ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੈਨੇਜਰ ਸਤਨਾਮ ਸਿੰਘ ਰਿਆੜ, ਬਲਵਿੰਦਰ ਸਿੰਘ, ਨਿਸ਼ਾਨ ਸਿੰਘ ਜਫਰਵਾਲ, ਯੁਵਰਾਜ ਸਿੰਘ ਤੇ ਨਿਸ਼ਾਨ ਸਿੰਘ ਮੌਜੂਦ ਸਨ।

# ਚਾਰ ਸਾਲਾ ਬੱਚੀ ਦੀ ਮੌਤ; ਦਾਦਾ ਗੰਭੀਰ ਜ਼ਖਮੀ; ਲੋਕਾਂ ਨੇ ਕੌਮੀ ਮਾਰਗ ’ਤੇ ਲਾਇਆ ਧਰਨਾ

**ਬਰਨਾਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ-ਬਰਨਾਲਾ ਰਾਸ਼ਟਰੀ ਮਾਰਗ ’ਤੇ ਸਥਿਤ ਪਿੰਡ ਮਾਛੀਕੇ ਵਿਚ ਵਾਪਰੇ ਹਾਦਸੇ ਦੌਰਾਨ ਇਕ ਚਾਰ ਸਾਲਾ ਬੱਚੀ ਦੀ ਮੌਤ ਹੋ ਗਈ ਅਤੇ ਉਸ ਦਾ ਦਾਦਾ ਗੰਭੀਰ ਜ਼ਖ਼ਮੀ ਹੋ ਗਿਆ। ਜਾਣਕਾਰੀ ਅਨੁਸਾਰ ਮਿਸਤਰੀ ਬਲਵਿੰਦਰ ਸਿੰਘ ਆਪਣੀ ਚਾਰ ਸਾਲ ਦੀ ਪੋਤੀ ਗੋਵਿੰਦਾ ਨੂੰ ਸਕੂਲ ਬੱਸ ਚੜ੍ਹਾਉਣ ਆਇਆ ਸੀ। ਜਦੋਂ ਉਹ ਬੱਡ ਉਡੀਕ ਰਹੇ ਸਨ ਤਾਂ ਇਕ ਤੇਜ਼ ਰਫ਼ਤਾਰ ਕਾਰ ਨੇ ਉਨ੍ਹਾਂ ਨੂੰ ਲਪੇਟ ਵਿਚ ਲੈ ਲਿਆ। ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿਚ ਮੋਗਾ ਦੇ ਪ੍ਰਾਈਵੇਟ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਜਿੱਥੇ ਬੱਚੀ ਦੀ ਮੌਤ ਹੋ ਗਈ। ਦਾਦੇ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਸ ਦੌਰਾਨ ਕਾਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਬੱਚੀ ਗੋਵਿੰਦਾ



ਰਾਇਲ ਕਾਨਵੈਂਟ ਸਕੂਲ ਨਿਹਾਲ ਸਿੰਘ ਵਾਲਾ ਦੀ ਪ੍ਰੀ-ਨਰਸਰੀ ਕਲਾਸ ਦੀ ਵਿਦਿਆਰਥਣ ਸੀ। ਸਕੂਲ ਮੁਖੀ ਗੁਰਦੀਪ ਸਿੰਘ ਵਾਲੀਆ ਨੇ ਘਟਨਾ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਘਟਨਾ ਕਾਰਨ ਰੋਹ ਵਿੱਚ ਆ ਗਏ ਉਨ੍ਹਾਂ ਕਿਸਾਨ-ਮਜ਼ਦੂਰ ਜਥੇਬੰਦੀਆਂ ਦੀ ਅਗਵਾਈ ਵਿੱਚ ਰਾਸ਼ਟਰੀ ਮਾਰਗ ’ਤੇ ਧਰਨਾ ਲਗਾ ਦਿੱਤਾ ਅਤੇ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰ ਦਿੱਤੀ। ਧਰਨਾਕਾਰੀਆਂ ਨੇ ਕਿਹਾ ਕਿ ਪੁਲ ਦੀ ਅਣਹੋਂਦ ਕਰਕੇ ਇਥੇ ਅਕਸਰ ਹੀ ਹਾਦਸੇ ਵਾਪਰਦੇ ਹਨ। ਪਿੰਡ ਮਾਛੀਕੇ ਦੇ ਲੋਕ ਕਈ ਸਾਲਾਂ ਤੋਂ ਪੁਲ ਦੀ ਮੰਗ ਲਈ ਧਰਨੇ ਦਿੰਦੇ ਆ ਰਹੇ ਹਨ ਪਰ ਪਰਨਾਲਾ ਉਥੇ ਦ ਉਥੇ ਹੈ। ਆਗੂਆਂ ਨੇ ਕਿਹਾ ਕਿ 7 ਮਹੀਨੇ ਪਹਿਲਾਂ ਵੀ ਇਸੇ ਜਗ੍ਹਾ ’ਤੇ ਬੱਸ ਦੀ ਉਡੀਕ ਕਰ ਰਹੀਆਂ ਦੋ ਔਰਤਾਂ ਦੇ ਗੱਡੀ ਦੀ ਲਪੇਟ ਵਿਚ ਆ ਗਈਆਂ ਸਨ। ਫਰਵਰੀ 2023 ਵਿੱਚ ਵੀ ਇਸੇ ਜਗ੍ਹਾ ਤੇ ਇੱਕ ਬਜ਼ੁਰਗ ਦੀ ਹਾਦਸੇ ਵਿੱਚ ਮੌਤ ਹੋ ਗਈ ਸੀ।

ਇਲਾਕਾ ਮੈਜਿਸਟਰੇਟ ਕਮ-ਨਾਇਬ ਤਹਿਸੀਲਦਾਰ ਅਮਨਦੀਪ ਗੋ ?ਇਲ, ਡੀਐੱਸਪੀ ਨਿਹਾਲ ਸਿੰਘ ਵਾਲਾ ਪਰਮਜੀਤ ਸਿੰਘ ਸੰਧੂ, ਚੌਕੀ ਇੰਚਾਰਜ ਬਿਲਾਸਪੁਰ ਜਸਵੰਤ ਸਿੰਘ ਸਰਾ ਪੁਲੀਸ ਪਾਰਟੀ ਨਾਲ ਮੌਕੇ ‘ ਤੇ ਪਹੁੰਚੇ ਅਤੇ ਲੋਕਾਂ ਨੂੰ ਸ਼ਾਂਤ ਕੀਤਾ। ਤਹਿਸੀਲਦਾਰ ਨੇ ਲੋਕਾਂ ਦੀ ਪੁਲ ਦੀ ਮੰਗ ਨੂੰ ਜੂਨ ਮਹੀਨੇ ਤੱਕ ਪੂਰਾ ਕਰਨ ਦਾ ਭਰੋਸਾ ਦਿੱਤਾ ਹੈ।

## ਸੰਪਾਦਕੀ

# ਜਾਗਣ ਦਾ ਵੇਲਾ

ਹਾਲਾਤ ਆਪਣੇ ਆਪ 'ਚ ਵਿਅੰਗਾਤਮਕ ਹਨ। ਇਕ ਪਾਸੇ ਕਰੀਬ ਇਕ ਲੱਖ ਲੋਕ ਜਿਨ੍ਹਾਂ ਵਿਚ ਜਿ ?ਆਦਾਤਰ ਪਸ਼ੂ ਪਾਲਣ ਦੇ ਧੰਦੇ ਨਾਲ ਜੁੜੇ ਕਿਸਾਨ ਤੇ ਪਸ਼ੂ ਪਾਲਕ ਸ਼ਾਮਲ ਸਨ, ਵੀਰਵਾਰ ਨੂੰ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿਚ ਗੁਜਰਾਤ ਕੋਆਪਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ (ਅਮੂਲ) ਦੇ ਗੋਲਡਨ ਜੁਬਲੀ ਜਸ਼ਨਾਂ ਲਈ ਇਕੱਠੇ ਹੋਏ ਸਨ; ਦੂਜੇ ਬੰਨ੍ਹੇ ਹਜ਼ਾਰਾਂ ਮੁਜ਼ਾਹਰਾਕਾਰੀ ਕਿਸਾਨ ਆਪਣੇ 'ਦਿੱਲੀ ਚਲੋ' ਮਾਰਚ ਦੌਰਾਨ ਰਾਹ 'ਚ ਹੀ ਪੰਜਾਬ-ਹਰਿਆਣਾ ਦੀ ਹੱਦ ਉਤੇ ਖਨੌਰੀ ਅਤੇ ਸ਼ੰਭੂ 'ਤੇ ਡੇਰਾ ਲਾ ਕੇ ਬੈਠੇ ਹਨ। ਬੁੱਧਵਾਰ ਨੂੰ ਖਨੌਰੀ 'ਤੇ ਵਾਪਰੀ ਦੁਖਦਾਈ ਘਟਨਾ ਵਿਚ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਸੁਰੱਖਿਆ ਬਲਾਂ ਤੇ ਮੁਜ਼ਾਹਰਾਕਾਰੀਆਂ ਵਿਚਾਲੇ ਹੋਏ ਟਕਰਾਅ ਵਿਚ ਜਾਨ ਚਲੀ ਗਈ। ਉਸ ਦੀ ਮੌਤ ਕਿਸਾਨ ਆਗੂਆਂ ਅਤੇ ਕੇਂਦਰ ਸਰਕਾਰ ਲਈ ਜਾਗਣ ਦਾ ਵੇਲਾ ਹੈ। ਦੋਵਾਂ ਧਿਰਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਖ਼ਰੀਦ ਦੀ ਕਾਨੂੰਨੀ ਗਾਰੰਟੀ ਉਤੇ ਬਣੇ ਜਮੂਦ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਤੇਜ਼ ਕਰਨੀਆਂ ਚਾਹੀਦੀਆਂ ਹਨ।

ਅਮੂਲ ਦੀ ਸਫਲਤਾ ਦੀ ਦਾਸਤਾਨ ਹਰ ਕਿਸਾਨ ਨੂੰ ਨਾਲ ਲੈ ਕੇ ਚੱਲਣ ਦੇ ਫਾਇਦਿਆਂ ਨੂੰ ਬਿਆਨ ਕਰਦੀ ਹੈ। ਪ੍ਰਧਾਨ ਮੰਤਰੀ ਦਾ ਇਹ ਕਹਿਣਾ ਸਹੀ ਹੈ ਕਿ ਗੁਜਰਾਤ ਦੇ ਕਿਸਾਨਾਂ ਵੱਲੋਂ 50 ਸਾਲ ਪਹਿਲਾਂ ਲਾਇਆ ਬੂਟਾ ਹੁਣ ਵੱਡਾ ਦਰੱਖਤ ਬਣ ਗਿਆ ਹੈ ਜਿਸ ਦੀਆਂ ਸ਼ਾਖਾਵਾਂ ਪੂਰੇ ਸੰਸਾਰ ਵਿਚ ਫੈਲੀਆਂ ਹੋਈਆਂ ਹਨ।

ਅੱਥਰੂ ਗੈਸ, ਰਬੜ ਦੀਆਂ ਗੋਲੀਆਂ ਤੇ ਜਲ ਤੋਪਾਂ ਦੀ ਮਾਰ ਸਹਿ ਰਹੇ ਅਸੰਤੁਸ਼ਟ ਕਿਸਾਨਾਂ ਨਾਲ ਵੀ ਇਸੇ ਤਰ੍ਹਾਂ ਦਾ ਰਾਬਤਾ ਕਾਇਮ ਕਰਨ ਦੀ ਲੋੜ ਹੈ। ਕਿਸਾਨ ਆਗੂਆਂ ਅਤੇ ਕੇਂਦਰੀ ਮੰਤਰੀਆਂ ਦਰਮਿਆਨ ਚਾਰ ਗੇੜਾਂ ਦੀ ਵਾਰਤਾ ਤੋਂ ਬਾਅਦ ਵੀ ਮੁੱਦਿਆਂ ਦਾ ਕੋਈ ਹੱਲ ਨਹੀਂ ਨਿਕਲ ਸਕਿਆ ਹੈ। ਕਿਸਾਨ ਪ੍ਰਤੀਨਿਧੀਆਂ ਵੱਲੋਂ ਕੇਂਦਰ ਦੀ ਤਜਵੀਜ਼ ਜਿਸ ਵਿਚ ਉਨ੍ਹਾਂ ਦਾਲਾਂ (ਅਰਹਰ, ਮਾਂਹ ਤੇ ਮਸਰ), ਮੱਕੀ ਅਤੇ ਕਪਾਹ ਦੀਆਂ ਫ਼ਸਲਾਂ ਨੂੰ ਪੰਜ ਸਾਲਾਂ ਲਈ ਐੱਮਐੱਸਪੀ 'ਤੇ ਖਰੀਦਣ ਦੀ ਗੱਲ ਕੀਤੀ ਸੀ, ਨੂੰ ਠੁਕਰਾਉਣ ਤੋਂ ਬਾਅਦ ਟਕਰਾਅ ਹੋਰ ਵੀ ਤਿੱਖਾ ਹੋ ਗਿਆ ਹੈ।

ਐੱਮਐੱਸਪੀ ਦੀ ਮੰਗ, ਫਸਲੀ ਵੰਨ-ਸਵੰਨਤਾ ਤੇ ਹੋਰ ਮੁੱਦਿਆਂ ਉਤੇ ਕਿਸਾਨਾਂ ਨੂੰ ਪੰਜਵੇਂ ਗੇੜ ਦੀ ਗੱਲਬਾਤ ਲਈ ਸੱਦਣ ਵਾਲੀ ਸਰਕਾਰ ਨੂੰ ਹੁਣ ਮੁੜ ਨਵੀਆਂ ਤਜਵੀਜ਼ਾਂ ਨਾਲ ਆਉਣਾ ਪੈ ਸਕਦਾ ਹੈ। ਉਸਾਰੂ ਸੰਵਾਦ ਲਈ ਸੁਖਾਵਾਂ ਮਾਹੌਲ ਸਿਰਜਣ ਵਾਸਤੇ ਸਰਕਾਰ ਤੇ ਮੁਜ਼ਾਹਰਾਕਾਰੀਆਂ, ਦੋਵਾਂ ਨੂੰ ਲਾਜ਼ਮੀ ਤੌਰ 'ਤੇ ਸੰਜਮ ਵਰਤਣਾ ਚਾਹੀਦਾ ਹੈ। ਸ਼ਾਂਤੀ ਤੇ ਕਾਨੂੰਨ-ਵਿਵਸਥਾ ਕਾਇਮ ਰੱਖਣ ਖਾਤਰ ਵਿਚਕਾਰਲੀ ਜ਼ਮੀਨ ਤਲਾਸ਼ਣੀ ਜ਼ਰੂਰੀ ਹੈ। ਕਿਸਾਨਾਂ ਤੇ ਕਿਸਾਨੀ ਦੇ ਦਾਅ ਉਤੇ ਲੱਗੇ ਭਵਿੱਖ ਖਾਤਰ ਸ਼ੁਭਕਰਨ ਦੀ ਮੌਤ ਨੂੰ ਅਜਾਈਂ ਨਾ ਜਾਣ ਦਿੱਤਾ ਜਾਵੇ। ਉਂਝ ਵੀ ਦਿੱਲੀ ਦੀਆਂ ਹੱਦਾਂ ਉਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਸਾਲ ਭਰ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਸਦਕਾ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਤਾਂ ਕੀਤਾ ਹੀ ਸੀ, ਨਾਲ ਹੀ ਫ਼ਸਲਾਂ ਉੱਤੇ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਬਾਰੇ ਗੱਲਬਾਤ ਕਰਨ ਲਈ ਹਾਮੀ ਭਰੀ ਸੀ। ਇਸ ਕਾਰਜ ਲਈ ਬਾਕਾਇਦਾ ਕਮੇਟੀ ਬਣਾਈ ਜਾਣੀ ਸੀ ਪਰ ਸਰਕਾਰ ਨੇ ਇਸ ਬਾਰੇ ਖਾਮੋਸ਼ੀ ਹੀ ਧਾਰੀ ਰੱਖੀ। ਵੱਖ ਵੱਖ ਕਿਸਾਨ ਜਥੇਬੰਦੀਆਂ ਹੁਣ ਆਪੋ-ਆਪਣੇ ਢੰਗ ਨਾਲ ਇਸ ਮੰਗ ਅਤੇ ਇਸ ਦੇ ਨਾਲ ਹੀ ਹੋਰ ਕਿਸਾਨ ਮੰਗਾਂ ਲਈ ਸੰਘਰਸ਼ ਕਰ ਰਹੀਆਂ ਹਨ।

## ਅਮਰੀਕੀ ਮਦਦ

ਰੱਖਿਆ ਸਕੱਤਰ ਗਿਰੀਧਰ ਅਰਮਾਨੇ ਨੇ ਦੱਸਿਆ ਕਿ ਅਮਰੀਕਾ ਵਲੋਂ ਅਸਲ ਕੰਟਰੋਲ ਰੇਖਾ ਮੁਤੱਲਕ ਹਾਲਾਤ ਬਾਰੇ ਅਹਿਮ ਜਾਣਕਾਰੀ ਮੁਹੱਈਆ ਕਰਵਾਉਣ ਸਦਕਾ ਹੀ ਭਾਰਤ ਚੀਨ ਦੀਆਂ ਹਮਲਾਵਰ ਕਾਰਵਾਈਆਂ ਨੂੰ ਕਾਰਗਰ ਢੰਗ ਨਾਲ ਠੱਲ੍ਹ ਪਾ ਸਕਿਆ ਹੈ। ਪਹਿਲੀ ਵਾਰ ਕਿਸੇ ਭਾਰਤੀ ਅਧਿਕਾਰੀ ਵਲੋਂ ਅਸਲ ਕੰਟਰੋਲ ਰੇਖਾ ਬਾਬਤ ਅਜਿਹੀ ਇਮਦਾਦ ਦਾ ਇਕਬਾਲ ਕੀਤਾ ਗਿਆ ਹੈ। ਸ੍ਰੀ ਅਰਮਾਨੇ ਨੇ ਇਹ ਵੀ ਕਿਹਾ ਕਿ ਭਾਰਤ ਤਵੱਕੋ ਰੱਖਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਵੀ ਲੋੜ ਪੈਣ 'ਤੇ ਅਮਰੀਕਾ ਦਾ ਦੋਸਤਾਨਾ ਸਾਥ ਮਿਲਦਾ ਰਹੇਗਾ। ਅਮਰੀਕਾ ਵਲੋਂ ਮੁਹੱਈਆ ਕਰਵਾਈ ਗਈ ਇਸ ਤਰ੍ਹਾਂ ਦੀ ਤਕਨੀਕੀ ਇਮਦਾਦ ਇਸ ਗੱਲ ਦਾ ਸੰਕੇਤ ਹੈ ਕਿ ਪਿਛਲੇ ਦੋ ਦਹਾਕਿਆਂ ਵਿਚ ਅਮਰੀਕਾ ਅਤੇ ਭਾਰਤ ਦੇ ਆਪਸੀ ਸਬੰਧਾਂ ਵਿਚ ਨਾਟਕੀ ਤਬਦੀਲੀ ਆਈ ਹੈ ਅਤੇ ਇਸ ਦੀ ਸ਼ੁਰੂਆਤ 1999 ਵਿਚ ਹਿਮਾਲਿਆ ਖੇਤਰ ਵਿਚ ਉਪਜੇ ਟਕਰਾਅ ਤੋਂ ਹੋਈ ਸੀ।

ਦਰਅਸਲ, ਭਾਰਤ ਨੂੰ ਅਮਰੀਕਾ ਆਪਣੇ ਫ਼ੌਜੀ ਸਾਜ਼ੋ-ਸਾਮਾਨ ਦੀ ਵੱਡੀ ਮੰਡੀ ਦੇ ਰੂਪ ਵਿਚ ਦੇਖਦਾ ਹੈ ਜਿਸ ਕਰ ਕੇ ਉਹ ਭਾਰਤ ਨਾਲ ਆਪਣੇ ਸੁਖਾਵੇਂ ਸਬੰਧਾਂ ਦੀ ਲੋੜ ਨੂੰ ਸਮਝਦਾ ਹੈ ਪਰ ਇਸ ਦੇ ਨਾਲ ਹੀ ਭਾਰਤ ਦੀ ਸੰਪਰਕ ਸ਼ਕਤੀ ਅਤੇ ਵਧ ਰਹੇ ਆਰਥਿਕ ਉਭਾਰ ਸਦਕਾ ਵੀ ਦੋਵੇਂ ਦੇਸ਼ ਇਕ ਦੂਜੇ ਦੇ ਨੇੜੇ ਆ ਰਹੇ ਹਨ। ਭਾਰਤ ਨੇ ਯੂਕਰੇਨ ਤੋਂ ਅਨਾਜ ਲਈ ਲਾਂਘਾ ਖੁਲ੍ਹਵਾਉਣ ਲਈ ਪੇਸ਼ਕਦਮੀ ਕੀਤੀ ਸੀ ਅਤੇ ਇਸ ਤੋਂ ਇਲਾਵਾ ਯੂਕਰੇਨ ਵਿਚ ਜ਼ਾਪੋਰਿਜ਼ੀਆ ਪਰਮਾਣੂ ਪਲਾਂਟ ਦੇ ਸੰਕਟ ਨੂੰ ਹੱਲ ਕਰਨ ਵਿਚ ਵੀ ਮਦਦ ਕੀਤੀ ਸੀ। ਇਸ ਦੇ ਨਾਲ ਹੀ ਅਮਰੀਕਾ ਚੀਨ ਦੇ ਸੰਸਾਰ ਭਰ ਵਿਚ ਵਧ ਰਹੇ ਪ੍ਰਭਾਵ ਦੇ ਮੱਦੇਨਜ਼ਰ, ਇਸ ਖਿੱਤੇ ਵਿਚ ਚੀਨ ਦੇ ਟਾਕਰੇ ਲਈ ਭਾਰਤ ਨੂੰ ਇੱਕ ਲਿਹਾਜ਼ ਨਾਲ ਮਜ਼ਬੂਤ ਧਿਰ ਮੰਨਦਾ ਹੈ। ਰੂਸ-ਚੀਨ ਨੇੜਤਾ ਵੀ ਅਮਰੀਕਾ ਨੂੰ ਭਾਰਤ ਵੱਲ ਖਿੱਚ ਰਹੀ ਹੈ। ਜ਼ਾਹਿਰ ਹੈ ਕਿ ਇਹ ਭੂ-ਸਿਆਸਤ ਵੀ ਦੋਹਾਂ ਦੇਸ਼ਾਂ ਨੂੰ ਨੇੜੇ ਲਿਆ ਰਹੀ ਹੈ। ਇਹੀ ਨਹੀਂ, ਅਮਰੀਕਾ ਵਿਚ ਉਪ ਰਾਸ਼ਟਰਪਤੀ ਤੋਂ ਲੈ ਕੇ ਮਾਈਕ੍ਰੋਸੌਫਟ ਅਤੇ ਗੂਗਲ ਜਿਹੀਆਂ ਕੰਪਨੀਆਂ ਨੂੰ ਚਲਾਉਣ ਵਾਲੀਆਂ ਹਸਤੀਆਂ ਦਾ ਸਬੰਧ ਭਾਰਤੀ ਭਾਈਚਾਰੇ ਨਾਲ ਹੈ ਅਤੇ ਉਨ੍ਹਾਂ ਦੇ ਕੱਦ ਤੇ ਘੇਰੇ ਨੇ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਭਾਰਤ ਅਤੇ ਅਮਰੀਕਾ ਦੇ ਰਿਸ਼ਤਿਆਂ ਦਾ ਹੋਰ ਵਿਸਤਾਰ ਕਰਨ ਲਈ ਇਹ ਸ਼ੰਕੇ ਨਵਿਰਤ ਕਰਨ ਦੀ ਲੋੜ ਹੈ ਕਿ ਇਕ-ਦੂਜੇ ਦੀ ਪਿੱਠ ਪਿੱਛੇ ਦੋਵਾਂ ਵਿਚੋਂ ਕੋਈ ਇਕ ਚੀਨ ਦੇ ਨੇੜੇ ਹੋ ਰਿਹਾ ਹੈ। ਅਮਰੀਕਾ ਨੇ ਭਾਵੇਂ ਚੀਨ ਨਾਲ ਉੱਚ-ਪੱਧਰੀ ਰਾਬਤਿਆਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ ਪਰ ਇਸ ਦੇ ਬਾਵਜੂਦ ਸਾਊਥ ਬਲਾਕ 'ਚ ਕੋਈ ਘਬਰਾਹਟ ਨਾ ਹੋਣ ਦਾ ਮਤਲਬ ਹੈ ਕਿ ਭਾਰਤ ਅਤੇ ਅਮਰੀਕਾ ਦੇ ਦੁਵੱਲੇ ਸਬੰਧ ਚੰਗੇ ਦੌਰ 'ਚੋਂ ਲੰਘ ਰਹੇ ਹਨ।

ਇਸ ਦਾ ਕਾਰਨ ਹੈ ਕਿ ਅਸਲ ਕੰਟਰੋਲ ਰੇਖਾ 'ਤੇ ਭਾਰਤ ਨੂੰ ਅਮਰੀਕੀ ਮਦਦ ਦੀ ਕੋਈ ਕਮੀ ਨਹੀਂ ਆਈ ਹੈ ਅਤੇ ਰੱਖਿਆ ਸਾਜ਼ੋ-ਸਾਮਾਨ ਦਾ ਮਿਲ ਕੇ ਨਿਰਮਾਣ ਕਰਨ ਲਈ ਗੱਲਬਾਤ ਵੀ ਸਹਿਜਤਾ ਨਾਲ ਅੱਗੇ ਵਧ ਰਹੀ ਹੈ। ਕੁਝ ਮਸਲਿਆਂ ਵਿਚ ਦਿੱਕਤਾਂ ਤਾਂ ਭਾਵੇਂ ਬਣੀਆਂ ਰਹਿਣਗੀਆਂ ਪਰ ਵੱਖ ਵੱਖ ਖੇਤਰਾਂ ਵਿਚ ਭਿਆਲੀ ਮਗਰੋਂ ਹੁਣ ਦੋਵੇਂ ਧਿਰਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਇਕ-ਦੂਜੇ ਦੇ ਨੇੜੇ ਰਹਿਣ ਵਿਚ ਹੀ ਬਿਹਤਰੀ ਹੈ। ਦੋਵੇਂ ਦੇਸ਼ ਰਲ ਕੇ ਇਨ੍ਹਾਂ ਖੇਤਰਾਂ ਅੰਦਰ ਨਵੇਂ ਪੂਰਨੇ ਪਾ ਸਕਦੇ ਹਨ।

# ਸਿੱਖਿਆ ਖੇਤਰ ਲਈ ਫੰਡ: ਦਾਅਵੇ ਅਤੇ ਹਕੀਕਤ

**ਡਾ. ਮਨਜੀਤ**



ਆਪਣੇ ਅੰਤਰਿਮ ਬਜਟ ਭਾਸ਼ਣ ਦੌਰਾਨ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਨਵੀਂ ਸਿੱਖਿਆ ਨੀਤੀ-2020 ਅਨੁਸਾਰ ਸਿੱਖਿਆ ਪ੍ਰਣਾਲੀ ਵਿਚ ਰੂਪਾਂਤਰਣ 'ਤੇ ਜ਼ੋਰ ਦਿੱਤਾ। ਉਂਝ, ਜਾਪਦਾ ਹੈ ਕਿ ਹਕੀਕਤ ਅਤੇ ਦਾਅਵਿਆਂ ਵਿਚਕਾਰ ਤਾਲਮੇਲ ਦੀ ਘਾਟ ਹੈ। ਸਿੱਖਿਆ ਖੇਤਰ ਦੇ ਬਜਟ (1.2 ਲੱਖ ਕਰੋੜ) ਦਾ ਅਕਾਰ ਰੱਖਿਆ ਖੇਤਰ ਦੇ ਬਜਟ (6 ਲੱਖ ਕਰੋੜ) ਦੇ ਮੁਕਾਬਲੇ ਪੰਜ ਗੁਣਾ ਘੱਟ ਹੈ। ਇਸ ਸਾਲ ਦੇ ਸਿੱਖਿਆ ਬਜਟ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਵਾਧਾ 7% ਹੈ; ਰੱਖਿਆ ਬਜਟ ਵਿੱਚ ਇਹ ਵਾਧਾ 10% ਹੈ। ਕੀ ਇਹ ਭਾਰਤ ਦੇ ਸ਼ਾਸਤਰੀਕਰਨ ਵਲ ਉਡਾਣ ਹੈ ? ਕਿਸੇ ਵੀ ਸਭਿਅਕ ਸਮਾਜ ਵਿਚ ਸਿੱਖਿਆ ਦਾ ਸਥਾਨ ਹਥਿਆਰਾਂ ਨਾਲੋਂ ਕਿਤੇ ਉੱਪਰ ਹੁੰਦਾ ਹੈ। ਇਸ ਪ੍ਰਸੰਗ ਨੂੰ ਧਿਆਨ ਵਿਚ ਰੱਖਦਿਆਂ ਸਕੂਲ ਅਤੇ ਉੱਚ ਸਿੱਖਿਆ ਦੇ ਵੱਖੋ-ਵੱਖ ਪਹਿਲੂਆਂ ਬਾਰੇ ਚਰਚਾ ਕੀਤੀ ਗਈ ਹੈ।

**ਉਚੇਰੀ ਸਿੱਖਿਆ ਲਈ ਤਜਵੀਜ਼ਾਂ**

ਰੁਝਾਨਾਂ ਤੋਂ ਸਪਸ਼ਟ ਹੈ ਕਿ ਸਰਕਾਰ ਨੇ ਵਿੱਤੀ ਘਾਟਾ ਕਾਬੂ ਹੇਠ ਕਰਨ ਲਈ ਉਚੇਰੀ ਸਿੱਖਿਆ ਦੀ ਕੁਰਬਾਨੀ ਲਈ ਹੈ। ਉੱਚ ਸਿੱਖਿਆ ਲਈ ਬਜਟ ਵਿੱਚ 47244 ਕਰੋੜ ਰੁਪਏ ਰਾਖਵੇਂ ਰੱਖੇ ਹਨ ਜੋ ਪਿਛਲੇ ਸਾਲ ਦੇ 57244 ਕਰੋੜ ਤੋਂ ਲਗਭਗ 9600 ਕਰੋੜ ਰੁਪਏ ਘੱਟ ਹਨ; ਭਾਵ, 16% ਕਮੀ। ਆਰਥਿਕ ਸੰਕਟ ਨਾਲ ਜੂਝ ਰਿਹਾ ਸਿੱਖਿਆ ਖੇਤਰ ਬਜਟ ਦੀ ਘੱਟ ਵੰਡ (ਐਲੋਕੇਸ਼ਨ) ਕਾਰਨ ਪਤਨ ਵੱਲ ਹੀ ਜਾਵੇਗਾ। ਸਭ ਤੋਂ ਵੱਧ ਕਮੀ ਯੂਜੀਸੀ ਫੰਡਾਂ ਵਿਚ ਕੀਤੀ ਹੈ। ਪਿਛਲੇ ਸਾਲ ਯੂਜੀਸੀ ਫੰਡਾਂ ਲਈ ਬਜਟ ਤਜਵੀਜ਼ 6400 ਕਰੋੜ ਰੁਪਏ ਸੀ ਪਰ ਇਸ ਵਿਚੋਂ ਕੇਵਲ 2500 ਕਰੋੜ ਰੁਪਏ ਹੀ ਦਿੱਤੇ ਗਏ ਸਨ। 61% ਦੀ ਇਹ ਕਮੀ ਪਿਛਲੇ ਪੰਜ ਸਾਲਾਂ ਦੀ ਸਭ ਤੋਂ ਘੱਟ ਵੰਡ ਹੈ। ਯੂਜੀਸੀ ਨੂੰ ਉਚੇਰੀ ਸਿੱਖਿਆ ਲਈ (ਮੈਡੀਕਲ ਤੇ ਇੰਜਨੀਅਰਿੰਗ ਛੱਡ ਕੇ) ਨਿਗਰਾਨ ਅਤੇ ਗ੍ਰਾਂਟ ਦੇਣ ਵਾਲੀ ਸੰਸਥਾ ਵਜੋਂ ਉਸਾਰਿਆ ਗਿਆ ਸੀ ਪਰ ਘੱਟ ਫੰਡਾਂ ਕਾਰਨ ਇਹ ਹੌਲੀ ਹੌਲੀ ਸਿਰਫ਼ ਨਿਗਰਾਨ ਸੰਸਥਾ ਬਣ ਕੇ ਰਹਿ ਗਈ।

ਸਰਕਾਰ ਦੀ ਘੱਟ ਵੰਡ ਕਾਰਨ ਜਿੱਥੇ ਯੂਨੀਵਰਸਿਟੀਆਂ ਵਿੱਚ ਫੈਲੋਸ਼ਿਪ ਨਾਲ ਖੋਜ ਕਰ ਰਹੇ ਵਿਦਿਆਰਥੀਆਂ ਦੀ ਗਿਣਤੀ ਵਿਚ ਕਮੀ ਆਵੇਗੀ ਅਤੇ ਖੋਜ ਕਰਤਾਵਾਂ ਦੀ ਗੁਣਵੱਤਾ ਉਪਰ ਨਕਾਰਾਤਮਕ ਅਸਰ ਪਵੇਗਾ, ਉੱਥੇ ਯੂਨੀਵਰਸਿਟੀਆਂ ਵੀ ਅਜਿਹੇ ਕੋਰਸ (self finance) ਸ਼ੁਰੂ ਕਰਨ ਲਈ ਮਜਬੂਰ ਹੋ ਜਾਣਗੀਆਂ। ਆਪਣੇ ਖਰਚੇ ਪੂਰੇ ਕਰਨ ਖਾਤਰ ਸਰਕਾਰੀ ਯੂਨੀਵਰਸਿਟੀਆਂ ਨੂੰ ਉਹ self finance ਕੋਰਸ ਸ਼ੁਰੂ ਕਰਨੇ ਪੈਣਗੇ ਜਿਸ ਨਾਲ ਇਹ ਆਪਣੇ ਆਮਦਨ ਦੇ ਸਰੋਤ ਪੈਦਾ ਕਰ ਸਕਣ। ਨਾਲ ਹੀ ਯੂਨੀਵਰਸਿਟੀਆਂ ਵਿੱਚ ਠੇਕੇ 'ਤੇ ਨਿਯੁਕਤੀਆਂ ਦਾ ਰੁਝਾਨ ਵੀ ਵਧੇਗਾ। ਇਉਂ ਰੁਜ਼ਗਾਰ ਦੀ ਸਥਿਤੀ ਆਮ ਤੌਰ 'ਤੇ ਅਤੇ ਭਾਰਤ ਦੀ ਆਰਥਿਕ ਤਰੱਕੀ ਖਾਸ ਤੌਰ 'ਤੇ ਬਹੁਤ ਜ਼ਿਆਦਾ ਪ੍ਰਭਾਵਿਤ ਹੋਵੇਗੀ। ਯੂਨੀਵਰਸਿਟੀਆਂ ਨੂੰ ਫੀਸਾਂ ਵਿੱਚ ਭਾਰੀ ਵਾਧਾ ਕਰਨਾ ਪਵੇਗਾ ਜਿਸ ਕਾਰਨ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਉੱਚ ਸਿੱਖਿਆ ਤੋਂ ਵਾਂਝਾ ਹੋਣ ਦਾ ਖ਼ਦਸ਼ਾ ਹੈ। ਯੂਨੀਵਰਸਿਟੀਆਂ ਦੀ ਖ਼ੁਦਮੁਖਤਾਰੀ ਤੇ ਆਰਥਿਕ ਸੰਕਟ ਹੋਰ ਗਹਿਰਾ ਹੋਵੇਗਾ ਅਤੇ ਉਹ ਉਚੇਰੀ ਸਿੱਖਿਆ ਵਿੱਤ ਏਜੰਸੀ (ਹਾਇਰ ਐਜੂਕੇਸ਼ਨ ਫਾਇਨਾਂਸਿੰਗ ਏਜੰਸੀ) ਤੋਂ ਕਰਜ਼ੇ ਲੈਣ ਲਈ ਮਜਬੂਰ ਹੋਣਗੀਆਂ। ਜਦੋਂ ਇੱਕ ਮਹਿੰਗਾਈ ਦੇ ਬੱਦਲ ਸਿਰ 'ਤੇ ਮੰਡਰਾ ਰਹੇ ਹਨ, ਧਨ-ਦੌਲਤ ਦੀ ਅਸਾਵੀਂ ਵੰਡ ਗਹਿਰੀ ਹੋ ਰਹੀ ਹੈ, ਅਜਿਹੇ ਸਮੇਂ ਵਿੱਚ ਸਿੱਖਿਆ ਬਜਟ ਵਿਚ ਕਮੀ ਬਹੁਤ ਮਾਰੂ ਸਾਬਤ ਹੋ ਸਕਦੀ ਹੈ। ਇਸ ਦਾ ਅਸਰ ਕੌਮਾਂਤਰੀ ਪੱਧਰ 'ਤੇ ਵੀ ਸਾਨੂੰ ਹਿੰਦੋਸਤਾਨ ਦੀ ਮਨੁੱਖੀ ਪੂੰਜੀ ਦੇ ਘੱਟ ਵਿਕਾਸ ਦੇ ਰੂਪ ਵਿਚ ਭੁਗਤਣਾ ਪਵੇਗਾ।

ਮੈਨੇਜਮੈਂਟ ਸਿੱਖਿਆ ਦੇ ਗੜ੍ਹ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈਆਈਐੱਮ) ਵੀ ਗ੍ਰਾਂਟਾਂ ਦੇ ਘਾਟੇ ਦਾ ਸ਼ਿਕਾਰ ਹੋਏ ਹਨ। ਆਈਆਈਐੱਮ ਵਿਚ ਦਾਖਲਾ ਲੈਣਾ ਕਿਸੇ ਵੀ ਵਿਦਿਆਰਥੀ ਦਾ ਸੁਫ਼ਨਾ ਹੁੰਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇਨ੍ਹਾਂ ਦੀ ਗਿਣਤੀ ਵਿਚ ਵੀ ਇਜ਼ਾਫਾ ਦੇਖਣ ਨੂੰ ਮਿਲਿਆ ਹੈ। ਇਨ੍ਹਾਂ ਦੀ ਸੰਖਿਆ ਹੁਣ 21 ਹੋ ਚੁੱਕੀ ਹੈ ਅਤੇ ਜਿਸ ਨੂੰ ਮੌਜੂਦਾ ਸਰਕਾਰ ਆਪਣੀਆਂ ਖਾਸ ਪ੍ਰਾਪਤੀਆਂ ਵਿੱਚ ਸ਼ਾਮਲ ਕਰਦੀ ਹੈ ਪਰ ਸਿੱਕੇ ਦੇ ਦੂਜੇ ਪਹਿਲੂ ਵਾਂਗ ਸਰਕਾਰ ਨੇ ਇਨ੍ਹਾਂ ਲਈ ਵੰਡ ਲਗਾਤਾਰ ਦੂਜੇ ਸਾਲ ਘੱਟ ਰੱਖੀ ਹੈ। ਪਿਛਲੇ ਵਿੱਤੀ ਵਰ੍ਹੇ ਦੌਰਾਨ ਆਈਆਈਐੱਮਜ਼ ਲਈ 608 ਕਰੋੜ ਰੁਪਏ ਦੀ ਤਜਵੀਜ਼ ਸੀ, (ਅਸਲ ਵੰਡ ਕੇਵਲ 300 ਕਰੋੜ ਰੁਪਏ ਦੀ ਹੋਈ), ਐਤਕੀਂ ਇਸ ਨੂੰ ਘਟਾ ਕੇ 212 ਕਰੋੜ ਰੁਪਏ ਕਰ ਦਿੱਤਾ ਗਿਆ। ਆਈਆਈਐੱਮ ਕੌਮਾਂਤਰੀ ਪੱਧਰ 'ਤੇ ਪ੍ਰਸਿੱਧ ਸੰਸਥਾਵਾਂ ਹਨ ਅਤੇ ਇਨ੍ਹਾਂ ਵਿੱਚੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਕੌਮਾਂਤਰੀ ਤੇ ਘਰੇਲੂ ਕਾਰਪੋਰੇਟ ਖੇਤਰ ਵਿਚ ਵੱਡੇ ਪੈਕੇਜਾਂ 'ਤੇ ਰੁਜ਼ਗਾਰ ਮਿਲਦਾ ਹੈ।

ਜਿਸ ਤਰ੍ਹਾਂ ਮੈਨੇਜਮੈਂਟ ਦੇ ਵਿਦਿਆਰਥੀਆਂ ਲਈ ਆਈਆਈਐੱਮ ਦੇ ਕਾਲਜ ਉੱਚਤਮ ਮੁਕਾਮ ਹਨ, ਉਸੇ ਤਰ੍ਹਾਂ ਇੰਜਨੀਅਰਿੰਗ ਦੇ ਵਿਦਿਆਰਥੀਆਂ ਲਈ ਆਈਆਈਟੀ (ਇੰਡੀਅਨ ਇੰਸਟਿਚਿਊਟ ਆਫ ਟੈਕਨੋਲੋਜੀ) ਉੱਚਤਮ ਸਿਖਰ ਹਨ। ਮੌਜੂਦਾ ਸਰਕਾਰ ਨੇ ਭਾਵੇਂ ਆਪਣੇ ਕਾਰਜਕਾਲ ਦੌਰਾਨ ਆਈਆਈਟੀਜ਼ ਦੀ ਗਿਣਤੀ ਵਧਾਈ ਹੈ (2023 ਵਿੱਚ 23) ਪਰ ਬਜਟ ਅੰਕੜੇ ਜ਼ਾਹਿਰ ਕਰਦੇ ਹਨ ਕਿ ਇਨ੍ਹਾਂ ਦੀ ਵੰਡ ਵਿਚ ਮਾਮੂਲੀ ਜਿਹਾ ਵਾਧਾ ਹੀ ਕੀਤਾ ਗਿਆ ਹੈ। ਪਿਛਲੇ ਸਾਲ ਦੇ ਸੋਧੇ ਹੋਏ ਅੰਕੜਿਆਂ ਦੇ ਮੁਕਾਬਲੇ ਇਨ੍ਹਾਂ ਆਈਆਈਟੀਜ਼ ਨੂੰ ਸਗੋਂ 60 ਕਰੋੜ ਰੁਪਏ ਘੱਟ ਪ੍ਰਾਪਤ ਹੋਏ ਹਨ। ਪਿਛਲੇ ਸਾਲ ਦੇ ਬਜਟ ਵਿਚ ਇਨ੍ਹਾਂ ਨੂੰ 10384 ਕਰੋੜ ਰੁਪਏ ਪ੍ਰਾਪਤ ਹੋਏ ਸਨ; ਇਸ ਸਾਲ ਦੇ ਬਜਟ ਵਿਚ ਇਨ੍ਹਾਂ ਲਈ 10324 ਕਰੋੜ ਰੁਪਏ ਦੀ ਤਜਵੀਜ਼ ਹੈ। ਇੰਜਨੀਅਰਿੰਗ ਅਤੇ ਮੈਨੇਜਮੈਂਟ ਦੀਆਂ ਵੱਕਾਰੀ ਸੰਸਥਾਵਾਂ ਦਾ ਬਜਟ ਘਟਾਉਣਾ ਸਰਕਾਰ ਦੀ ਦੂਰ-ਅੰਦੇਸ਼ੀ ਦੀ ਕਮੀ ਉਜਾਗਰ ਕਰਦਾ ਹੈ।

ਅੰਤਰਿਮ ਬਜਟ ਵਿਚ ਭਾਵੇਂ ਕੇਂਦਰੀ ਯੂਨੀਵਰਸਿਟੀਆਂ (12000 ਕਰੋੜ ਤੋਂ 15472 ਕਰੋੜ ਰੁਪਏ) ਅਤੇ ਇੰਸਟੀਚਿਊਟ ਆਫ ਐਕਸੀਲੈਂਸ (1200 ਕਰੋੜ ਤੋਂ 1500 ਕਰੋੜ) ਦੇ ਫੰਡਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਕੁਝ ਵਾਧਾ ਕੀਤਾ ਗਿਆ ਹੈ ਪਰ ਜਿਸ ਪ੍ਰਕਾਰ ਯੂਜੀਸੀ, ਆਈਆਈਐੱਮ ਅਤੇ ਆਈਆਈਟੀ ਫੰਡਾਂ ਵਿਚ ਕਟੌਤੀ ਕੀਤੀ ਗਈ ਹੈ, ਇਹ ਮਾਮੂਲੀ ਵਾਧਾ ਭਰਪਾਈ ਕਰਨ ਵਿਚ ਸਮਰਥ ਨਹੀਂ।

**ਸਕੂਲ ਸਿੱਖਿਆ ਲਈ ਬਜਟ**

ਕੋਰੋਨਾ ਮਹਾਮਾਰੀ ਤੋਂ ਬਾਅਦ ਸਕੂਲ ਸਿੱਖਿਆ ਦੀ ਹਾਲਤ ਬਦਤਰ ਹੋ ਚੁੱਕੀ ਹੈ।

ਕੇਂਦਰ ਸਰਕਾਰ ਦਾ ਭਾਵੇਂ ਇਹ ਦਾਅਵਾ ਹੈ ਕਿ ਸਕੂਲੀ ਸਿੱਖਿਆ ਮੰਤਰਾਲੇ ਨੂੰ ਇਸ ਵਾਰ ਬਜਟ ਦੀ ਵੰਡ ਪਿਛਲੇ ਸਾਲ ਨਾਲੋਂ 20% ਜ਼ਿਆਦਾ ਹੈ ਪਰ ਅੰਕੜੇ ਦੱਸਦੇ ਹਨ ਕਿ ਪਿਛਲੇ ਵਿੱਤ ਵਰ੍ਹੇ ਦੇ ਮੁਕਾਬਲੇ ਇਸ ਵਾਰ ਸਕੂਲੀ ਸਿੱਖਿਆ ਮੰਤਰਾਲੇ ਨੂੰ ਕੇਵਲ 700 ਕਰੋੜ ਰੁਪਏ ਵੱਧ ਮਿਲੇ ਹਨ। ਪਿਛਲੇ ਸਾਲ ਸੋਧੇ ਹੋਏ ਅਨੁਮਾਨਾਂ ਅਨੁਸਾਰ ਸਕੂਲੀ ਸਿੱਖਿਆ ਮੰਤਰਾਲੇ ਨੂੰ ਵੰਡ 72247 ਕਰੋੜ ਰੁਪਏ ਦੀ ਸੀ, ਐਤਕੀਂ ਇਹ 73000 ਕਰੋੜ ਰੁਪਏ ਦੀ ਹੈ। ਪਿਛਲੇ ਬਜਟ ਵਿੱਚ ਐਲਾਨੇ ਨਵੇਂ ਏਕਲਵਿਆ ਸਕੂਲਾਂ ਦੇ ਨਾਲ ਨਾਲ ਪ੍ਰੀ ਤੇ ਪੋਸਟ ਮੈਟ੍ਰਿਕ ਸਕਾਲਰਸਿ ?ਪ ਸਕੀਮਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਉਂ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਵਿੱਦਿਆ ਤੋਂ ਮਰਹੂਮ ਰੱਖਿਆ ਜਾ ਰਿਹਾ ਹੈ। ਇਸੇ ਪ੍ਰਕਾਰ ਪੀਐੱਮ ਪੋਸ਼ਣ ਸਕੀਮ ਜਿਸ ਵਿਚ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਮਿਲਦਾ ਹੈ, ਵਿੱਚ 800 ਕਰੋੜ ਰੁਪਏ ਵਾਧਾ ਹੋਇਆ ਹੈ ਜੋ ਲਾਭਪਾਤਰੀ ਵਿਦਿਆਰਥੀਆਂ ਦੇ ਆਕਾਰ ਅਨੁਸਾਰ ਮਾਮੂਲੀ ਹੀ ਹੈ। ਜਿੱਥੇ ਇਹ ਸਕੀਮ ਬੱਚਿਆਂ ਦੀ ਸਕੂਲ ਛੱਡਣ ਦੀ ਦਰ ਘਟਾਉਂਦੀ ਹੈ, ਉਥੇ ਕੁਪੋਸ਼ਣ ਨਾਲ਼ ਜੂਝ ਰਹੇ ਬੱਚਿਆਂ ਲਈ ਦਵਾਈ ਦਾ ਕੰਮ ਵੀ ਕਰਦੀ ਹੈ ਪਰ ਹੁਣ ਫੰਡਾਂ ਦੀ ਅਣਹੋਂਦ ਵਿੱਚ ਇਹ ਸਕੀਮ ਕੇਵਲ ਕਾਗਜ਼ਾਂ ਵਿਚ ਹੀ ਅਸਰਦਾਰ ਦਿਸਦੀ ਹੈ। ਪੀਐੱਮ ਪੋਸ਼ਣ ਅਤੇ ਸਮੱਗਰ ਸਿੱਖਿਆ ਸਕੀਮ (ਜਿਸ ਅਧੀਨ ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ ਆਉਂਦੇ ਹਨ) ਨੂੰ ਕੋਰੋਨਾ ਤੋਂ ਪਹਿਲਾਂ ਦੇ ਸਾਲਾਂ ਦੇ ਮੁਕਾਬਲੇ ਘਟ ਫੰਡ ਮਿਲੇ ਹਨ। ਕੋਠਾਰੀ ਕਮਿਸ਼ਨ ਦੀ ਸਿੱਖਿਆ ਖੇਤਰ ਲਈ ਸਿਫ਼ਾਰਿਸ਼ਾਂ ਅਨੁਸਾਰ ਵਿੱਦਿਆ ਖੇਤਰ 'ਤੇ ਜੀਡੀਪੀ ਦੇ 6% ਦਾ ਖਰਚ ਹੋਣਾ ਚਾਹੀਦਾ ਹੈ ਪਰ ਬਜਟ ਵਿੱਚ ਉਸ ਦਿਸ਼ਾ ਵੱਲ ਜਾਣ ਲਈ ਕੋਈ ਕਦਮ ਨਹੀਂ ਚੁੱਕੇ ਗਏ।

ਜ਼ਾਹਿਰ ਹੈ ਕਿ ਕਿਸੇ ਮੁਲਕ ਦੀ ਕਿਰਤ ਸ਼ਕਤੀ ਦਾ ਹੁਨਰ ਵਿਕਾਸ ਅਤੇ ਮਾਨਵੀ ਪੂੰਜੀ ਦਾ ਵਿਕਾਸ ਸਕੂਲ ਸਿੱਖਿਆ ਪੱਧਰ 'ਤੇ ਨਿਰਭਰ ਕਰਦਾ ਹੈ। ਹੁਣ ਜਦੋਂ ਸਾਡੀ ਕਿਰਤ ਸ਼ਕਤੀ ਦਾ ਹੁਨਰ ਵਿਕਾਸ, ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਪਹਿਲਾਂ ਹੀ ਘੱਟ ਹੈ, ਸਕੂਲ ਸਿੱਖਿਆ ਫੰਡਾਂ ਵਿਚ ਘਾਟ ਆਉਣ ਵਾਲੀਆਂ ਪੀੜ੍ਹੀਆਂ ਲਈ ਘਾਤਕ ਹੈ। ਜਿੱਥੋਂ ਤਕ ਸੰਭਵ ਹੋਵੇ, ਉੱਚ ਪੱਧਰ ਦੀ ਸਿੱਖਿਆ ਕੇਵਲ ਸਰਕਾਰ ਦੁਆਰਾ ਹੀ ਮੁਹੱਈਆ ਹੋਣੀ ਚਾਹੀਦੀ ਹੈ ਜਿਸ ਨੂੰ ਸਿੱਖਿਆ ਮਾਹਿਰ 'ਵਨ ਸਕੂਲ ਸਿਸਟਮ' ਕਹਿੰਦੇ ਹਨ। ਪੀਐੱਮ ਸ਼੍ਰੀ ਸਕੀਮ ਤਹਿਤ 6500 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਪਰ ਇਹ ਯੂਨੀਫਾਰਮ ਜਾਂ ਕਾਮਨ ਸਕੂਲ ਸਿਸਟਮ ਦੇ ਬਦਲ ਦੇ ਉਲਟ ਹੈ; ਇੱਥੋਂ ਤਕ ਕਿ ਇਹ 'ਸਬ ਕਾ ਸਾਥ, ਸਬ ਕਾ ਵਿਕਾਸ' ਦੇ ਸੰਕਲਪ ਦੇ ਵਿਰੁੱਧ ਹੈ।

ਇਸ ਵਿਸ਼ਲੇਸ਼ਣ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਵਿੱਦਿਆ ਦਾ ਸੰਦੇਸ਼ ਸਿਰਫ਼ ਭਾਸ਼ਣਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਸਾਨੂੰ ਵਿਕਸਿਤ ਦੇਸ਼ਾਂ ਤੋਂ ਸਬਕ ਲੈਣ ਦੀ ਲੋੜ ਹੈ ਤਾਂ ਜੋ ਬਜਟ ਵਿੱਚ ਸਿੱਖਿਆ ਫੰਡ ਵਧਾ ਕੇ ਅਸੀਂ ਅਸਲ ਸ਼ਬਦਾਂ ਵਿਚ ਵਿਸ਼ਵ ਗੁਰੂ ਬਣ ਜਾਈਏ।

# ਸਿਹਤ ਮੰਤਰੀ ਵੱਲੋਂ ਪੁੱਡਾ ਖੇਤਰ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ

## ਘੱਗਰ ਤੇ ਪਟਿਆਲਾ ਕੀ ਰਾਓ ਨਦੀਆਂ 'ਚ ਹੜ੍ਹਾਂ ਦੀ ਸਮੱਸਿਆ ਦੇ ਹੱਲ ਲਈ ਤਜਵੀਜ਼ਾਂ ਤਿਆਰ: ਡਾ. ਬਲਬੀਰ

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪੁੱਡਾ ਅਧੀਨ ਆਉਂਦੇ ਅਰਬਨ ਅਸਟੇਟ ਵਿੱਚ ਵਿਕਾਸ ਲਈ ਕਰੀਬ 14 ਕਰੋੜ ਰੁਪਏ ਦੇ ਵੱਖ-ਵੱਖ ਕਾਰਜਾਂ ਦੀ ਸ਼ੁਰੂਆਤ ਕਰਵਾਈ। ਇੱਥੇ ਅਰਬਨ ਅਸਟੇਟ ਫੇਜ਼ 3 ਵਿੱਚ ਸਮਾਗਮ ਮੌਕੇ ਇਨ੍ਹਾਂ ਕੰਮਾਂ ਦੇ ਨੀਂਹ ਪੱਥਰ ਰੱਖਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਪਿਛਲੇ ਸਮੇਂ 'ਚ ਆਏ ਹੜ੍ਹਾਂ ਨੂੰ ਦੇਖਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਘੱਗਰ ਅਤੇ ਪਟਿਆਲਾ ਕੀ ਰਾਓ ਨਦੀਆਂ 'ਚ ਹੜ੍ਹਾਂ ਦੀ ਸਮੱਸਿਆ ਦੇ ਪੱਕੇ ਹੱਲ ਲਈ ਤਜਵੀਜ਼ਾਂ ਉਲੀਕੀਆਂ ਹਨ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ



ਅਰਬਨ ਅਸਟੇਟ ਵਿੱਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਉਂਦੇ ਹੋਏ ਸਿਹਤ ਮੰਤਰੀ ਡਾ. ਬਲਬੀਰ ਸਿੰਘ।

ਪਟਿਆਲਾ ਸ਼ਹਿਰ 'ਚ ਜਿੱਥੇ 100 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਉੱਥੇ ਹੀ ਨਹਿਰੀ ਪਾਣੀ ਦੇ ਪ੍ਰਾਜੈਕਟ ਦਾ ਕੰਮ ਵੀ ਜੰਗੀ ਪੱਧਰ 'ਤੇ ਜਾਰੀ ਹੈ। ਉਨ੍ਹਾਂ ਕਿਹਾ ਕਿ ਅਰਬਨ ਅਸਟੇਟ ਵਾਸੀਆਂ ਲਈ ਇਹ ਖ਼ੁਸ਼ੀ ਦੀ ਗੱਲ ਹੈ ਕਿ ਹੁਣ ਇੱਥੋਂ ਦੇ ਨਿਵਾਸੀਆਂ ਨੂੰ ਵੀ ਇਸ ਪ੍ਰਾਜੈਕਟ ਦਾ ਪਾਣੀ 24 ਘੰਟੇ ਮਿਲੇਗਾ। ਇਸ ਤੋਂ ਬਿਨਾਂ ਪ੍ਰਦੂਸ਼ਣ ਨਾਲ ਨਜਿੱਠਣ ਲਈ ਨਵੇਂ ਬੂਟੇ ਵੀ ਲਗਾਏ ਜਾਣਗੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਹੜ੍ਹਾਂ ਕਰਕੇ ਨੁਕਸਾਨੀ ਗਈ 1.1 ਕਿਲੋਮੀਟਰ ਸਾਧੂ ਬੇਲਾ ਰੋਡ ਦੇ ਨਵੀਨੀਕਰਨ 'ਤੇ 183.13 ਲੱਖ ਰੁਪਏ ਖ਼ਰਚੇ ਜਾਣਗੇ। ਇਸ ਤੋਂ ਬਿਨਾਂ ਸਾਧੂ ਬੇਲਾ ਤੋਂ ਸਰਹਿੰਦ ਰੋਡ ਬਾਈਪਾਸ ਨੂੰ ਜੋੜਦੀ ਅਰਬਨ ਅਸਟੇਟ ਦੀ ਪੈਰੀਫੇਰੀ ਸੜਕ ਨੂੰ 1.5 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਕਰ ਕੇ ਉਸਾਰੀ ਕੀਤੀ ਜਾਵੇਗੀ ਜਦੋਂ ਕਿ ਨਾਭਾ ਰੋਡ 'ਤੇ ਉਸਾਰੇ ਗਏ ਪੁੱਡਾ ਐਨਕਲੇਵ-1 ਵਿੱਚ 1.20 ਕਰੋੜ ਰੁਪਏ ਦੀ ਲਾਗਤ ਨਾਲ 3 ਪਾਰਕ ਬਣਾਏ ਜਾਣਗੇ। ਸਿਹਤ ਮੰਤਰੀ ਨੇ ਦੱਸਿਆ ਕਿ ਅਰਬਨ ਅਸਟੇਟ ਦੇ ਫੇਜ਼ 3 ਵਿੱਚ ਇੱਕ ਕਮਰਸ਼ੀਅਲ ਮਾਰਕੀਟ 5.42 ਏਕੜ ਰਕਬੇ ਵਿੱਚ ਤਿਆਰ ਕੀਤੀ ਜਾ ਰਹੀ ਹੈ ਜਿਸ ਵਿੱਚ 32 ਸ਼ੋਰੂਮ ਤੇ 34 ਦੁਕਾਨਾਂ ਬਣਾਈਆਂ ਜਾਣਗੀਆਂ ਤੇ ਇਸ ਕੰਮ ਉਪਰ 571.10 ਲੱਖ ਰੁਪਏ ਖਰਚੇ ਜਾਣਗੇ ਜਦੋਂਕਿ ਸਾਧੂ ਬੇਲਾ ਸੜਕ ਦੇ ਨਾਲ ਨਵੇਂ ਬਣਾਏ ਗਏ ਫੇਜ਼-4 ਵਿੱਚ 1.86 ਏਕੜ ਜ਼ਮੀਨ ਅੰਦਰ 256.86 ਲੱਖ ਰੁਪਏ ਦੀ ਲਾਗਤ ਨਾਲ ਦੋ ਕਮਰਸ਼ੀਅਲ ਮਾਰਕੀਟਾਂ ਤਿਆਰ ਕੀਤੀਆਂ ਜਾਣਗੀਆਂ, ਜਿੱਥੇ 42 ਸ਼ੋਰੂਮ, 48 ਸ਼ਾਪਸ ਅਤੇ 7 ਬੂਥ ਕੱਟੇ ਜਾਣਗੇ। ਇਸ ਦੇ ਨਾਲ ਹੀ 26.76 ਏਕੜ ਸਕੀਮ ਅਰਬਨ ਅਸਟੇਟ ਫੇਜ਼ 1 ਨੂੰ ਜੋੜਦੀ ਸੜਕ 80 ਫੁੱਟੀ ਤੇ 300 ਮੀਟਰ ਸੜਕ ਦੀ ਉਸਾਰੀ ਵੀ ਵੀ 36.32 ਲੱਖ ਦੀ ਲਾਗਤ ਨਾਲ ਕੀਤੀ ਜਾਵੇਗੀ।

# ਕੈਪਟਨ ਅਮਰਿੰਦਰ ਤੇ ਅਗਰਵਾਲ ਦੇ ਘਰਾਂ ਅੱਗੇ ਧਰਨੇ ਜਾਰੀ

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਭੂ ਅਤੇ ਖਨੌਰੀ ਦੇ ਬਾਰਡਰਾਂ 'ਤੇ ਧਰਨੇ ਮਾਰ ਕੇ ਬੈਠੇ ਕਿਸਾਨਾਂ 'ਤੇ ਹਰਿਆਣਾ ਪੁਲੀਸ ਵੱਲੋਂ ਢਾਹੇ ਗਏ ਤਸ਼ੱਦਦ ਦੇ ਵਿਰੋਧ 'ਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਭਾਜਪਾ ਆਗੂਆਂ ਦੇ ਘਰਾਂ ਮੂਹਰੇ ਕਿਸਾਨਾ ਦੇ ਧਰਨੇ ਅੱਜ ਵੀ ਜਾਰੀ ਰਹੇ। ਉਂਜ ਅੱਜ ਦੇ ਇਨ੍ਹਾਂ ਧਰਨਿਆਂ ਦੌਰਾਨ ਮੁੱਖ ਤੌਰ 'ਤੇ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਕਿਸਾਨ ਸ਼ੁਭਕਰਨ ਸਿੰਘ ਬੱਲੋ ਦੀ ਮੌਤ 'ਤੇ ਦੁੱਖ ਜ਼ਾਹਰ ਕਰਦਿਆਂ ਉਸ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਇਸ ਘਟਨਾ ਲਈ ਜਿੱਥੇ ਹਰਿਆਣਾ ਤੇ ਕੇਂਦਰ ਸਰਕਾਰ ਦੀ ਕਰੜੀ ਆਲੋਚਨਾ ਕੀਤੀ ਗਈ, ਉੱਥੇ ਹੀ ਪੰਜਾਬ ਸਰਕਾਰ ਨੂੰ ਵੀ ਖ਼ੂਬ ਕੋਸਿਆ ਗਿਆ। ਕਿਸਾਨਾਂ ਦਾ ਤਰਕ ਸੀ ਕਿ ਇਸ ਕਦਰ ਪੰਜਾਬ ਦੇ ਖੇਤਰ 'ਚ ਦਾਖਲ ਹੋ ਕੇ ਇੱਕ ਕਿਸਾਨ ਨੂੰ ਮੌਤ ਦੇ ਘਾਟ ਉਤਾਰਨ ਅਤੇ ਅਨੇਕਾਂ ਹੋਰਨਾ ਕਿਸਾਨਾਂ ਦੀ ਕੁੱਟਮਾਰ ਕਰਨ ਤੋਂ ਇਲਾਵਾ ਉਨ੍ਹਾਂ ਦੇ ਟਰੈਕਟਰਾਂ ਦੀ ਤੋੜ-ਭੰਨ ਕਰਨ ਦੀ ਕਾਰਵਾਈ ਸਿੱਧੇ ਤੌਰ 'ਤੇ ਵੱਡੀ ਅਪਰਾਧਿਕ ਘਟਨਾ ਹੈ ਜਿਸ ਕਰਕੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸਬੰਧੀ ਫੌਰੀ ਤੌਰ 'ਤੇ ਹਰਿਆਣਾ ਪੁਲੀਸ ਦੇ ਖਿਲਾਫ਼ ਕੇਸ ਦਰਜ ਕੀਤਾ ਜਾਵੇ।



ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਅੱਗੇ ਧਰਨਾ ਦਿੰਦੀਆਂ ਹੋਈਆਂ ਕਿਸਾਨ ਬੀਬੀਆਂ। ਫ਼ੋਟੋ ਤੇ ਵੇਰਵਾ: ਪ੍ਰੈਸ ਕੀ ਤਾਕਤ

ਇਸ ਕੜੀ ਵਜੋਂ ਕਿਸਾਨ ਨੇਤਾ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਹੇਠਲੀ 'ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ)' ਦਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਥੇ ਸਥਿਤ 'ਨਿਊ ਮੋਤੀ ਬਾਗ ਪੈਲੇਸ' ਦੇ ਮੂਹਰੇ ਧਰਨਾ ਅੱਜ ਛੇਵੇਂ ਦਿਨ ਵੀ ਜਾਰੀ ਰਿਹਾ। ਯੂਨੀਅਨ ਆਗੂ ਦਰਬਾਰਾ ਸਿੰਘ ਛਾਜਲਾ, ਪਟਿਆਲਾ ਜਿਲ੍ਹੇ ਦੇ ਪ੍ਰਧਾਨ ਜਸਵਿੰਦਰ ਸਿੰਘ ਬਰਾਸ, ਸੰਗਰੂਰ ਜਿਲ੍ਹੇ ਦੇ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਦੀ ਅਗਵਾਈ ਹੇਠਲੇ ਇਸ ਧਰਨੇ ਨੂੰ ਜਗਤਾਰ ਕਾਲ੍ਹਾਝਾੜ, ਦਰਬਾਰਾ ਸਿੰਘ ਛਾਜਲਾ, ਮਾਸਟਰ ਬਲਰਾਜ ਜੋਸ਼ੀ, ਗੋਬਿੰਦਰ ਮੰਗਵਾਲ, ਸੁਖਵਿੰਦਰ ਬਾਰਨ, ਜਗਮੇਲ ਗਾਜੇਵਾਸ, ਭਰਭੂਰ ਗਾਜੇਵਾਸ, ਜਸਵਿੰਦਰ ਬਿਸ਼ਨਪੁਰਾ, ਰਜਿੰਦਰ ਕਕਰਾਲਾ, ਅਵਤਾਰ ਸਿੰਘ ਬੋਹੜ, ਤੇ ਰਵਿੰਦਰ ਕਾਸਾਪੁਰ ਆਦਿ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ। ਉਧਰ 'ਸੰਯੁਕਤ ਕਿਸਾਨ ਮੋਰਚੇ' ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਮੋਰਚੇ ਭਾਜਪਾ ਦੇ ਸੂਬਾਈ ਆਗੂ ਭੁਪੇਸ਼ ਅਗਰਵਾਲ ਦੇ ਘਰ ਮੂਹਰੇ ਦਿੱਤੇ ਗਏ ਧਰਨੇ ਨੂੰ ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਪ੍ਰੇਮ ਸਿੰਘ ਭੰਗੂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਗੁਰਮੀਤ ਦਿੱਤੂਪੁਰ, ਅਵਤਾਰ ਕੌਰਜੀਵਾਲ਼ਾ ਤੇ ਦਵਿੰਦਰ ਪੂਨੀਆਂ ਸਮੇਤ ਕਈ ਹੋਰਨਾ ਨੇ ਵੀ ਸੰਬੋਧਨ ਕੀਤਾ।

# ਕੁਲਤਾਰ ਸਿੰਘ ਸੰਧਵਾਂ ਵੱਲੋਂ ਪੰਜਾਬ ਟੈਕਨੀਕਲ ਕਾਲਜਾਂ ਦੇ ਵਿਦਿਆਰਥੀਆਂ ਦੇ ਐਮ.ਐਸ.ਪੀ. 'ਤੇ ਲੇਖ ਲਿਖਣ ਦੇ ਮੁਕਾਬਲੇ ਕਰਵਾਉਣ ਦਾ ਐਲਾਨ

**➢ ਜੇਤੂ ਵਿਦਿਆਰਥੀਆਂ ਨੂੰ ਵਿਧਾਨ ਸਭਾ 'ਚ ਦੇਵਾਂਗੇ ਨਗ਼ਦ ਇਨਾਮ ➢ ਸਪੀਕਰ ਨੇ ਵਿਦਿਆਰਥੀਆਂ ਨੂੰ ਰਾਜਨੀਤੀ 'ਚ ਆਉਣ ਦਾ ਸੱਦਾ ਵੀ ਦਿੱਤਾ ➢ਦੇਸ਼ ਦੇ ਕਿਸਾਨਾਂ ਦੀ ਆਰਥਿਕ ਆਜ਼ਾਦੀ ਦੀ ਲੜਾਈ ਲੜ ਰਹੇ ਨੇ ਪੰਜਾਬ ਦੇ ਕਿਸਾਨ: ਸੰਧਵਾਂ**

**ਪਟਿਆਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਐਲਾਨ ਕੀਤਾ ਹੈ ਕਿ ਕੇਂਦਰ ਅਤੇ ਹਰਿਆਣਾ ਦੀ ਭਾਜਪਾ ਵੱਲੋਂ ਕਿਸਾਨਾਂ ਉਤੇ ਕੀਤੇ ਜਾ ਰਹੇ ਜ਼ੁਲਮਾਂ ਦੇ ਚੱਲਦਿਆਂ ਕਿਸਾਨੀ ਮੰਗਾਂ 'ਚ ਸ਼ਾਮਲ 'ਐਮ.ਐਸ.ਪੀ. ਦੀ ਲੋੜ ਕਿਉਂ ?' ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਰਾਜ ਦੇ ਸਾਰੇ ਤਕਨੀਕੀ ਸਿੱਖਿਆ ਕਾਲਜਾਂ ਦੇ ਫਾਈਨਲ ਸਾਲ ਦੇ ਵਿਦਿਆਰਥੀਆਂ ਦੇ ਐਮ.ਐਸ.ਪੀ. 'ਤੇ ਲੇਖ ਲਿਖਣ ਦੇ ਮੁਕਾਬਲੇ ਕਰਵਾਏ ਜਾਣਗੇ।

ਅੱਜ ਇੱਥੇ ਪੰਜਾਬ ਰਾਜ ਅੰਤਰ ਪੌਲੀਟੈਕਨਿਕ ਯੁਵਕ ਮੇਲੇ ਦੇ ਦੂਜੇ ਦਿਨ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡਣ ਪੁੱਜੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਜੇਤੂ ਵਿਦਿਆਰਥੀਆਂ ਨੂੰ 51 ਹਜ਼ਾਰ,



ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਸੰਬੋਧਨ ਕਰਦੇ ਹੋਏ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

31 ਹਜ਼ਾਰ ਤੇ 21 ਹਜ਼ਾਰ ਰੁਪਏ ਦੇ ਨਗ਼ਦ ਇਨਾਮ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦੇ ਸੰਦਰਭ 'ਚ ਅਤੇ ਹਿੰਦੁਸਤਾਨ ਦੇ ਖੇਤੀਬਾੜੀ ਅਰਥਚਾਰੇ ਵਿੱਚ ਐਮ.ਐਸ.ਪੀ. ਦੀ ਮਹੱਤਤਾ ਤੇ ਮੰਗ ਦੀ ਲੋੜ ਬਾਰੇ ਸਭ ਤੋਂ ਬਿਹਤਰ ਲੇਖ ਲਿਖਣ ਵਾਲੇ ਵਿਦਿਆਰਥੀਆਂ ਦਾ ਸਨਮਾਨ ਪੰਜਾਬ ਵਿਧਾਨ ਸਭਾ ਵਿਖੇ ਬੁਲਾਕੇ ਕੀਤਾ ਜਾਵੇਗਾ।

ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਸਾਨਾਂ ਦੇ ਚੱਲ ਰਹੇ ਅੰਦੋਲਨ ਦੇ ਸਮਰਥਨ 'ਚ ਕਿਸਾਨ ਮਜ਼ਦੂਰ ਏਕਤਾ ਦੇ ਨਾਅਰੇ ਨੂੰ ਬੁਲੰਦ ਕਰਦਿਆਂ ਕਿਹਾ ਕਿ ਪੰਜਾਬ ਦੀ ਕਿਸੇ ਹੋਰ ਮਜ਼ਹਬ, ਜਾਂ ਵਿਅਕਤੀ ਨਾਲ ਕੋਈ ਦੁਸ਼ਮਣੀ ਨਹੀਂ ਬਲਕਿ ਸਾਡਾ ਰੋਸ ਧੱਕੇਸ਼ਾਹੀ ਵਿਰੁੱਧ ਹੈ।

ਉਨ੍ਹਾਂ ਨੇ ਦੇਸ਼ ਦੀ ਰਾਜਨੀਤੀ ਵਿੱਚ ਸੁਧਾਰ ਲਿਆਉਣ ਲਈ ਨੌਜਵਾਨ ਵਿਦਿਆਰਥੀਆਂ ਵੀ ਨੂੰ ਰਾਜਨੀਤੀ ਵਿੱਚ ਆਉਣ ਦਾ ਸੱਦਾ ਦਿੱਤਾ।

ਸਪੀਕਰ ਨੇ ਕਿਹਾ ਕਿ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਦੇਸ਼ ਅੰਦਰ ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ ਦਾ ਡਾਟਾ ਇਕੱਠਾ ਕਰਕੇ ਰੱਖਣਾ ਹੀ ਬੰਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਦੇਸ਼ ਦੀ ਆਜ਼ਾਦੀ ਦੀ ਲੜਾਈ, ਪੰਜਾਬ, ਹਰਿਆਣਾ (ਉਦੋਂ ਇਕੱਠਾ) ਤੇ ਬੰਗਾਲ ਨੇ ਲੜੀ ਉਸੇ ਤਰ੍ਹਾਂ ਹੀ ਹੁਣ ਦੇਸ਼ ਦੇ ਕਿਸਾਨਾਂ ਦੀ ਆਰਥਿਕ ਆਜ਼ਾਦੀ ਦੀ ਲੜਾਈ ਪੰਜਾਬ ਤੇ ਹਰਿਆਣਾ ਦੇ ਕਿਸਾਨ ਲੜ ਰਹੇ ਹਨ।

ਸਪੀਕਰ ਸੰਧਵਾਂ ਨੇ ਕਿਹਾ ਕਿ ਕਿਸਾਨਾਂ ਦੇ ਸ਼ਾਂਤਮਈ ਪ੍ਰਦਰਸ਼ਨ ਦੌਰਾਨ ਗੋਲੀਆਂ ਤੇ ਅੱਥਰੂ ਗੈਸ ਦੇ ਗੋਲੇ ਆਪਣੇ ਉਪਰ ਝੱਲਣ ਵਾਲੇ, ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਕਿਸਾਨਾਂ ਤੇ ਜਿਨ੍ਹਾਂ ਦੇ ਸਰੀਰ ਬੁਰੀ ਤਰ੍ਹਾਂ ਜਖਮੀ ਹੋਏ ਹਨ, ਕਿਸਾਨਾਂ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਪੂਰੀ ਹਮਦਰਦੀ ਹੈ ਤੇ ਉਨ੍ਹਾਂ ਦਾ ਇਲਾਜ ਮੁਫ਼ਤ ਹੋ ਰਿਹਾ ਹੈ।

# ਆਉਂਦੀ ਕੁੜੀਏ ਜਾਂਦੀ ਕੁੜੀਏ...

ਸੁਖਦੇਵ ਮਾਦਪੁਰੀ

'ਆਉਂਦੀ ਕੁੜੀਏ ਜਾਂਦੀਏ ਕੁੜੀਏ' ਪੰਜਾਬੀ ਲੋਕ-ਕਾਵਿ ਦਾ ਲੋਪ ਹੋ ਰਿਹਾ ਵਲੱਖਣ ਕਾਵਿ ਰੂਪ ਹੈ ਜਿਸ ਨੂੰ ਵਿਆਹ ਦੇ ਅਵਸਰ ਤੇ ਮੇਲਣਾਂ, ਬੜੇ ਚਾਵਾਂ ਨਾਲ਼ ਗਾਉਂਦੀਆਂ ਹਨ। ਇਹ ਸਿੱਠਣੀਆਂ ਦਾ ਹੀ ਇੱਕ ਹੋਰ ਰੂਪ ਹੈ ਜੋ ਮਾਲਵੇ ਵਿਚ ਹੀ ਪ੍ਰਚੱਲਤ ਰਿਹਾ ਹੈ। ਇਹ ਉੱਚੀ ਸੁਰ ਤੇ ਸਮੂਹਕ ਰੂਪ ਵਿਚ, ਚਲਦਿਆਂ-ਚਲਦਿਆਂ ਗਾਏ ਜਾਣ ਵਾਲੇ ਹਾਸ-ਵਿਅੰਗ ਭਰਪੂਰ ਲੋਕ ਗੀਤ ਹਨ ਜਿਨ੍ਹਾਂ ਨੂੰ ਗਾ ਕੇ ਔਰਤਾਂ ਆਪਣੇ ਦਿਲਾਂ ਦੇ ਗੁਭ-ਗੁਭਾੜ ਹੀ ਨਹੀਂ ਕੱਢਦੀਆਂ ਬਲਕਿ ਸਮੁੱਚੇ ਵਾਤਾਵਰਣ ਵਿਚ ਹਾਸ-ਵਿਨੋਦ ਦਾ ਸੰਚਾਰ ਵੀ ਕਰਦੀਆਂ ਹਨ। ਇਨ੍ਹਾਂ ਗੀਤਾਂ ਵਿਚ ਪੌਣੀ ਸਦੀ ਪਹਿਲਾਂ ਦੇ ਪੇਂਡੂ ਪੰਜਾਬ ਦੇ ਇਤਿਹਾਸ ਦੇ ਅਵਿਸ਼ੇਸ਼ ਵਿਦਮਾਨ ਹਨ ਜਿਨ੍ਹਾਂ ਵਿੱਚੋਂ ਪੁਰਾਣੇ ਪੰਜਾਬ ਦੇ ਸਮਾਜਿਕ ਤੇ ਸੱਭਿਆਚਾਰਕ ਦ੍ਰਿਸ਼ ਸਾਫ਼ ਦਿਸ ਆਉਂਦੇ ਹਨ।

ਓਦੋਂ ਵਿਆਹ ਦਾ ਅਵਸਰ ਸਮੁੱਚੇ ਭਾਈਚਾਰੇ ਲਈ ਖ਼ੁਸ਼ੀਆਂ ਦਾ ਢੋਆ ਲੈ ਕੇ ਆਉਂਦਾ ਸੀ ਤੇ ਪੰਜਾਬ ਦਾ ਲੋਕ ਮਾਨਸ ਇਸ ਦੇ ਪਲ-ਪਲ ਨੂੰ ਮਾਣਦਾ ਹੋਇਆ ਆਪਣੇ ਪੱਬ ਧਰਤੀ 'ਤੇ ਨਹੀਂ ਸੀ ਲਾਉਂਦਾ। ਔਰਤਾਂ ਅੱਜ ਵਾਂਗ ਬਰਾਤ ਵਿਚ ਸ਼ਾਮਲ ਨਹੀਂ ਸੀ ਹੁੰਦੀਆਂ। ਓਧਰ ਧੂੜਾਂ ਪੁੱਟਦਿਆਂ ਬਰਾਤ ਨੇ ਤੁਰਨਾ ਇਧਰ ਵਿਆਹ ਵਾਲੇ ਘਰ ਨਾਨਕਾ ਮੇਲ਼ ਅਤੇ ਹੋਰ ਰਿਸ਼ਤੇਦਾਰੀਆਂ 'ਚੋਂ ਆਈਆਂ ਮੇਲਣਾਂ ਨੇ ਨੱਚ ਟੱਪ ਕੇ ਕੋਈ ਸਮਾਂ ਬੰਨ੍ਹ ਦੇਣਾ-ਕਿਧਰੇ ਛੱਜ ਕੁਟਣੇ, ਕਿਧਰੇ ਗਿੱਧੇ-ਫਰੂਹੇ ਨੇ ਮੱਘ ਪੈਣਾ ਤੇ ਕਿਧਰੇ ਜਾਗੋ ਕੱਢਣੀ।

ਖੌਰੂ ਪਾਉਂਦੀਆਂ ਚਾਵਾਂ ਮੱਤੀਆਂ ਮੇਲਣਾਂ ਨੇ ਜਦੋਂ ਵਿਆਹ ਵਾਲੇ ਘਰ ਤੋਂ ਸਵੇਰ-ਸ਼ਾਮ ਬਾਹਰ ਬੈਠਣ ਲਈ ਜਾਣਾ ਜਾਂ ਸ਼ਰੀਕੇ ਵਿਚ ਪਰੋਸੇ ਫੇਰਨ ਜਾਂ ਜਠੇਰਿਆਂ ਤੇ ਮੱਥਾ ਟਕਾਉਣ ਲਈ ਬਾਹਰ ਨਿਕਲਣਾ ਤਾਂ ਸਾਰੀਆਂ ਮੇਲਣਾਂ ਨੇ ਤੁਰਦਿਆਂ ਫਿਰਦਿਆਂ ਸਮੂਹਕ ਰੂਪ ਵਿਚ 'ਆਉਂਦੀ ਕੁੜੀਏ ਜਾਂਦੀਏ ਕੁੜੀਏ' ਨਾਮੀ ਗੀਤ ਲੰਮੀ ਹੇਕ ਨਾਲ ਗਾ ਕੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣਾ! ਵਿਆਹੀਆਂ ਔਰਤਾਂ-ਮੁਟਿਆਰਾਂ ਘੱਗਰੇ ਪਾਉਂਦੀਆਂ ਸਨ ਤੇ ਅਲ੍ਹੜ ਮੁਟਿਆਰਾਂ ਫਬਵੇਂ ਰੰਗ-ਬਰੰਗੇ ਸੂਟਾਂ ਵਿਚ ਸਜੀਆਂ ਮਨੋਹਰ ਨਜ਼ਾਰਾ ਪੇਸ਼ ਕਰਦੀਆਂ ਹਨ। ਉਨ੍ਹਾਂ ਤੁਰਨ ਸਮੇਂ ਮੰਗਲਾ ਚਰਨ ਵਜੋਂ ਗੁਰੂਆਂ ਨੂੰ ਯਾਦ ਕਰਦਿਆਂ ਗੀਤ ਆਰੰਭ ਦੇਣੇ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚੱਕ ਲਿਆ ਬਜ਼ਾਰ ਵਿੱਚੋਂ ਕਾਨਾ*
*ਭਗਤੀ ਦੋ ਕਰਗੇ*
*ਗੁਰੂ ਨਾਨਕ ਤੇ ਮਰਦਾਨੇ*
*ਭਗਤੀ ਦੋ ਕਰਗੇ...*

ਕਿਸੇ ਗੋਬਿੰਦ ਦਾ ਜਸ ਗਾਉਣਾ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਬਹਿ ਪਟੜੇ ਪਰ ਨਾਹ ਲੈ*
*ਭਜਨ ਕਰ ਗੋਬਿੰਦ ਦਾ*
*ਮੁੱਖੋਂ ਮੰਗੀਆਂ ਮੁਰਾਦਾਂ ਪਾ ਲੈ*
*ਭਜਨ ਕਰ ਗੋਬਿੰਦ ਦਾ...*

ਕਿਸੇ ਝਾਂਜਰਾਂ ਵਾਲੀ ਨੇ ਸ਼ਰੀਕੇ ਵਾਲਿਆਂ ਨੂੰ ਸੱਦਾ ਦੇਣਾ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਭਰ ਲਿਆ ਕਣਦ ਦੀ ਥਾਲ਼ੀ*
*ਭੋਗ ਪੈਂਦਾ ਖੰਡ ਪਾਠ ਦਾ*
*ਸੱਦਾ ਦੇਗੀ ਝਾਜਰਾਂ ਵਾਲੀ*
*ਭੋਗ ਪੈਂਦਾ ਖੰਡ ਪਾਠ ਦਾ...*

ਭਗਤੀ ਭਾਵਨਾ ਵਾਲੇ ਗੀਤਾਂ ਤੋਂ ਬਾਅਦ ਉਨ੍ਹਾਂ ਵੀਰ-ਪਿਆਰ ਦੀ ਭਾਵਨਾ ਵਾਲੇ ਗੀਤ ਆਰੰਭ ਦੇਣੇ। ਭੈਣ ਤਾਂ ਮਾਣ-ਤਾਣ ਦੀ ਭੁੱਖੀ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚੱਕ ਲਿਆ ਬਜ਼ਾਰ ਵਿੱਚੋਂ ਝਾਵਾਂ*
*ਕਹਿ ਦਿਉ ਮੇਰੇ ਚੰਦ ਵੀਰ ਨੂੰ*
*ਮੇਰੀ ਆਮਨਾ ਰੱਖੇ ਤਾਂ ਆਵਾਂ*
*ਕਹਿ ਦਿਉ ਮੇਰੇ ਚੰਦ ਵੀਰ ਨੂੰ...*

ਭੈਣਾਂ ਤਾਂ ਵੀਰ ਦਾ ਪਿਆਰ ਲੋਚਦੀਆਂ ਹਨ, ਜੇ ਪਿਆਰ ਹੀ ਨਾ ਮਿਲੇ ਤਾਂ ਹਰਖਣਾਂ ਤਾਂ ਜਾਇਜ਼ ਹੀ ਹੈ :

ਆਉਂਦੀ ਕੁੜੀਏ ਜਾਂਦੀ ਕੁੜੀਏ






### ਮੇਲਣਾਂ

*ਵਿਆਹ ਸਮਾਗਮਾਂ ਵਿਚ ਆਈ ਤਬਦੀਲੀ ਕਾਰਨ ਅੱਜ ਕੱਲ੍ਹ ਵਿਆਹ ਵਿਚ ਸ਼ਰੀਕ ਹੋਈਆਂ ਮੇਲਣਾਂ ਨੂੰ ਇਹ ਗੀਤ ਗਾਉਣ ਦਾ ਅਵਸਰ ਹੀ ਪ੍ਰਾਪਤ ਨਹੀਂ ਹੁੰਦਾ। ਇਸ ਕਰਕੇ ਇਨ੍ਹਾਂ ਦੀ ਸਿਰਜਣ ਪ੍ਰਕਿਰਿਆ ਵੀ ਸਮਾਪਤ ਹੋ ਗਈ ਹੈ। ਬੇਸ਼ੱਕ ਇਹ ਸੈਂਕੜਿਆਂ ਦੀ ਗਿਣਤੀ ਵਿਚ ਉਪਲੱਬਧ ਹਨ। ਇਨ੍ਹਾਂ ਨੂੰ ਸਾਂਭਣ ਦੀ ਫੌਰੀ ਲੋੜ ਹੈ।*

ਚੱਕ ਲਿਆ ਬਜ਼ਾਰ ਵਿੱਚੋਂ ਖੀਰਾ
ਹਰਖਾਂ ਨਾਲ ਮੈਂ ਭਰਗੀ
ਮੇਰਾ ਸਿਰ ਨਾ ਪਲੋਸਿਆ ਵੀਰਾ
ਹਰਖਾਂ ਨਾਲ ਮੈਂ ਭਰਗੀ...

ਕੋਈ ਭੈਣ ਨਹੀਂ ਚਾਹੁੰਦੀ ਕਿ ਉਹਦਾ ਭਰਾ ਉਹਦੇ ਨਾਲੋ ਨਾਤਾ ਤੋੜ ਲਵੇ :

ਆਉਂਦੀ ਕੁੜੀਏ ਜਾਂਦੀ ਕੁੜੀਏ
ਰਿਝਦੀ ਖੀਰ ਵਿਚ ਡੋਈ
ਟੁੱਟ ਕੇ ਨਾ ਬਹਿਜੀਂ ਵੀਰਨਾ
ਭੈਣਾਂ ਵਰਗਾ ਸਾਕ ਨਾ ਕੋਈ
*ਟੁਟਕੇ ਨਾ ਬਹਿਜੀਂ ਵੀਰਨਾ...*

ਭੈਣ ਵੀਰ ਦਾ ਮੁਖੜਾ ਤੱਕਦੇ ਸਾਰ ਹੀ ਖਿੜ ਜਾਂਦੀ ਹੈ। ਜਦੋਂ ਉਹ ਨਵੀਂ ਵਹੁਟੀ ਲੈ ਕੇ ਘਰ ਆਉਂਦਾ ਹੈ ਤਾਂ ਬਾਬਲ ਦਾ ਘਰ ਚਾਨਣ ਨਾਲ ਭਰ ਜਾਂਦਾ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚਕ ਲਿਆਂ ਬਜ਼ਾਰ ਵਿੱਚੋਂ ਡੋਈ*
*ਵੀਰ ਘਰ ਆਉਂਦੇ ਨੂੰ*
*ਚੰਦ ਵਰਗੀ ਰੋਸ਼ਨੀ ਹੋਈ*
*ਵੀਰ ਘਰ ਆਉਂਦੇ ਨੂੰ...*

ਵੀਰਾਂ ਦੇ ਘਰ ਜਦੋਂ ਖ਼ੁਸ਼ੀਆਂ ਆਉਂਦੀਆਂ ਹਨ ਉਦੋਂ ਭੈਣਾਂ ਉਨ੍ਹਾਂ ਪਾਸੋਂ ਗਹਿਣੇ ਦੀ ਸੁਗਾਤ ਮੰਗਦੀਆਂ ਹਨ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਹਰੀਆਂ ਹਰੀਆਂ ਕਣਕਾਂ*
*ਉੱਤੇ ਉੱਡਣ ਭੰਬੀਰੀਆਂ*
*ਬੋਲੋ ਵੀਰੋ ਵੇ*
*ਭੈਣਾਂ ਮੰਗਣ ਜੰਜੀਰੀਆਂ...*

ਸਮਾਜਿਕ ਆਰਥਿਕ ਕਾਰਨਾਂ ਕਾਰਨ ਕਈ ਵੇਰ ਵੀਰ ਭੈਣਾਂ ਨਾਲੋਂ ਨਾਤਾ ਤੋੜ ਲੈਂਦੇ ਹਨ ਤਾਂ ਭੈਣ ਦਾ ਦੁੱਖ ਝਲਿਆ ਨੀ ਜਾਂਦਾ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਅੱਗੇ ਤਾਂ ਭੈਣਾਂ ਨੂੰ ਭਾਈ ਲੈਣ ਆਉ*
*ਹੁਣ ਕਿਉਂ ਆਉਂਦੇ ਨਾਈ*
*ਮੁਹੱਬਤਾਂ ਤੋੜ ਗਏ*
*ਭੈਣਾਂ ਨਾਲੋਂ ਭਾਈ*
*ਮੁਹੱਬਤਾਂ ਤੋੜ ਗਏ...*

ਪੰਜਾਬ ਵਿਚ ਚੱਲੀਆਂ ਸਮਾਜ ਸੁਧਾਰ ਲਹਿਰਾਂ-ਅਕਾਲੀ ਲਹਿਰ, ਸਿੰਘ ਸਭਾ ਲਹਿਰ, ਆਜ਼ਾਦੀ ਲਹਿਰ ਅਤੇ ਸੰਸਾਰ ਜੰਗਾਂ ਦੇ ਪ੍ਰਭਾਵ ਨੂੰ ਵੀ ਪੰਜਾਬ ਦੀ ਔਰਤ ਦੀ ਚੇਤਨਾ ਨੇ ਕਬੂਲਿਆ ਹੈ। ਇਨ੍ਹਾਂ ਲਹਿਰਾਂ ਦਾ ਗੀਤਾਂ ਵਿਚ ਜ਼ਿਕਰ, ਇਨ੍ਹਾਂ ਗੀਤਾਂ ਦੀ ਇਤਿਹਾਸਕ ਤੇ ਸਮਾਜਿਕ ਮਹੱਤਤਾ ਨੂੰ ਮੂਰਤੀਮਾਨ ਕਰਦਾ ਹੈ।

ਦੀਵਾਨ ਵਿਚ ਬੈਠੇ ਸਿੰਘ ਸਭੀਏ ਭਰਾ ਦੀ ਵਾਸ਼ਨਾ ਉਸ ਨੂੰ ਫੁੱਲਾਂ ਸਮਾਨ ਜਾਪਦੀ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਵਿਚ ਨਾ ਹੁੱਕੇ ਵਾਲਾ ਆਵੇ*
*ਸਭਾ ਦੇ ਵਿਚ ਰੰਗ ਵੀਰ ਦਾ*
*ਸਾਨੂੰ ਵਾਸ਼ਨਾ ਫੁੱਲਾਂ ਦੀ ਆਵੇ*
*ਸਭਾ ਦੇ ਵਿਚ ਰੰਗ ਵੀਰ ਦਾ*

ਆਜ਼ਾਦੀ ਲਹਿਰ ਬਾਰੇ ਵੀ ਪੰਜਾਬ ਦੀ ਮੁਟਿਆਰ ਚੇਤੰਨ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਸਿਰ 'ਤੇ ਟੋਕਰਾ ਨਰੰਗੀਆਂ ਦਾ*
*ਕਿੱਥੇ ਰੱਖਾਂ ਵੇ ਕਿੱਥੇ ਰੱਖਾਂ ਵੇ*
*ਰਾਜ ਫਰੰਗੀਆਂ ਦਾ*
*ਕਿੱਥੇ ਰੱਖਾਂ ਵੇ...*

ਸਮਾਜਕ ਅਤੇ ਰਾਜਸੀ ਚੇਤਨਾ ਵਾਲੇ ਗੀਤਾਂ ਤੋਂ ਇਲਾਵਾ ਮੇਲਣਾ ਹਾਸੇ-ਠੱਠੇ ਦਾ ਮਾਹੌਲ ਪੈਦਾ ਕਰਨ ਲਈ ਨਸੰਗ ਹੋ ਕੇ ਰੁਮਾਂਚਕ ਗੀਤ ਵੀ ਗਾਉਂਦੀਆਂ ਤੇ ਇਕ ਦੂਜੀ ਨਾਲ ਨੋਕ-ਝੋਕ ਵੀ ਕਰਦੀਆਂ ਹਨ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚੱਕ ਲਿਆ ਬਜ਼ਾਰ ਵਿੱਚੋਂ ਥਾਲ਼ੀ*
*ਤੈਂ ਕੀ ਸ਼ੇਰ ਮਾਰਨਾ*
*ਤੇਰੇ ਬਾਪ ਨੇ ਬਿੱਲੀ ਨਾ ਮਾਰੀ*
*ਤੈਂ ਕੀ ਸ਼ੇਰ ਮਾਰਨਾ...*

ਜੋਬਨ ਮੱਤੀਆਂ ਸਰੂ ਕੱਦ ਸ਼ੌਕੀਨ ਮੇਲਣਾਂ ਦੇ ਬਣ-ਬਣ ਪੈਂਦੇ ਰੂਪ ਦੀ ਝਾਲ ਝੱਲੀ ਨਹੀਂ ਜਾਂਦੀ। ਵੇਖਣ ਵਾਲਿਆਂ ਦੀਆਂ ਅੱਖਾਂ ਚੁੰਧਿਆਂ ਜਾਂਦੀਆਂ ਹਨ। ਉਹ ਆਪਣੇ ਕਾਰਜ ਛੱਡ ਕੇ ਉਨ੍ਹਾਂ ਵੱਲ ਵੇਖਦੇ ਰਹਿੰਦੇ ਹਨ:

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚੱਕ ਲਿਆ ਬਜ਼ਾਰ ਵਿੱਚੋਂ ਸ਼ੀਸ਼ੀ*
*ਘਗਰੇ ਦਾ ਫੇਰ ਦੇਖ ਕੇ*
*ਥਾਣੇਦਾਰ ਨੇ ਕਚਹਿਰੀ ਬੰਦ ਕੀਤੀ*
*ਘਗਰੇ ਦਾ ਫੇਰ ਦੇਖ ਕੇ...*

ਪੁਰਾਣੇ ਸਮਿਆਂ ਵਿਚ ਪੰਜਾਬੀ ਕਿਸਾਨਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ। ਆਰਥਿਕ ਮੰਦਹਾਲੀ ਕਾਰਨ ਉਹ ਆਪਣੀਆਂ ਧੀਆਂ ਦੇ ਵਿਆਹ ਤਾਂ ਨਿੱਕੀ ਉਮਰ ਵਿਚ ਕਰ ਦਿੰਦੇ ਸਨ। ਪਰੰਤੂ ਮੁਕਲਾਵਾ ਤੋਰਨ ਵਿਚ ਕਾਫ਼ੀ ਸਮਾਂ ਲੰਘਾ ਦਿੰਦੇ ਜਿਸ ਕਾਰਨ ਵਿਆਹੀਆਂ ਮੁਟਿਆਰਾਂ ਦੇ ਚਾਅ ਮਧੋਲੇ ਜਾਂਦੇ। ਉਨ੍ਹਾਂ ਦੀਆਂ ਦਬੀਆਂ ਭਾਵਨਾਵਾਂ ਨੂੰ ਮੇਲਣਾਂ ਵਿਅੰਗ ਦੇ ਰੂਪ ਵਿਚ ਪ੍ਰਗਟਾਉਂਦੀਆਂ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚਕ ਲਿਆ ਬਜ਼ਾਰ ਵਿੱਚੋਂ ਚਾਂਦੀ*
*ਤੇਰੇ ਨਾਲੋਂ ਬਾਂਦਰੀ ਚੰਗੀ*
*ਜਿਹੜੀ ਨਿਤ ਮੁਕਲਾਵੇ ਜਾਂਦੀ*
*ਤੇਰੇ ਨਾਲੋਂ ਬਾਂਦਰੀ ਚੰਗੀ...*

ਰੁਮਾਂਚਕ ਗੀਤਾਂ ਤੋਂ ਇਲਾਵਾਂ ਮੇਲਣਾਂ ਹੋਰਨਾਂ ਵਿਸ਼ਿਆਂ 'ਤੇ ਵੀ ਹਾਸਾ ਪੈਦਾ ਕਰਨ ਵਾਲੇ ਗੀਤ ਗਾਉਂਦੀਆਂ। ਕਿਧਰੇ ਬੁੜ੍ਹੇ-ਬੁੜ੍ਹੀ ਦੀ ਦੁਰਦਸ਼ਾ ਦਾ ਵਰਨਣ ਹੈ, ਕਿਧਰੇ ਸੱਸਾਂ ਦੇ ਚਾਲੂ ਹੋਣ ਦਾ, ਕਿਧਰੇ ਹਾਣੀ ਨੂੰ ਕੇਸਾਂ ਤੋਂ ਫੜਨ ਦਾ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚਕ ਲਿਆ ਬਜ਼ਾਰ ਵਿੱਚੋਂ ਪਾਵੇ*
*ਤੂੜੀ ਵਾਲੇ ਅੱਗ ਲੱਗ ਗੀ*
*ਬੁੜ੍ਹਾ-ਬੁੜ੍ਹੀ ਨੂੰ ਘੜੀਸੀ ਜਾਵੇ...*

ਸਹੁਰੇ ਜਾਂਦੀ ਧੀ ਦੀ ਵਿਲਕਣੀ ਮਾਂ ਦਾ ਹਿਰਦਾ ਵਲੂੰਧਰ ਦਿੰਦੀ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਸੱਚ ਦੇ ਬਚਨਾਂ ਦੀ ਆਰੀ*
*ਆਹ ਲੈ ਮਾਏਂ ਸਾਂਭ ਕੁੰਜੀਆਂ*
*ਧੀਆਂ ਕਰ ਚਲੀਆਂ ਸਰਦਾਰੀ*
*ਆਹ ਲੈ ਮਾਏਂ ਸਾਂਭ ਕੁੰਜੀਆਂ*

ਘਰਾਂ ਨੂੰ ਪਰਤਦੀਆਂ ਹੋਈਆਂ ਮੇਲਣਾਂ ਸਮਾਜ ਵਿਚ ਨੇਕੀ ਖੱਟਣ ਦਾ ਰਾਜ਼ ਵੀ ਸਮਝਾ ਜਾਂਦੀਆਂ ਹਨ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਮੁਰਕੀ ਚੁਰਕੀ ਕੰਨਾਂ ਦੇ ਵਾਲੇ*
*ਬਈ ਨੇਕੀ ਖੱਟ ਜਾਣਗੇ*
*ਮਿੱਠੀਆਂ ਜ਼ਬਾਨਾਂ ਵਾਲੇ*
*ਬੇਈ ਨੇਕੀ ਖੱਟ ਜਾਣਗੇ...*

ਵਿਆਹ ਸਮਾਗਮਾਂ ਵਿਚ ਆਈ ਤਬਦੀਲੀ ਕਾਰਨ ਅੱਜ ਕੱਲ੍ਹ ਵਿਆਹ ਵਿਚ ਸ਼ਰੀਕ ਹੋਈਆਂ ਮੇਲਣਾਂ ਨੂੰ ਇਹ ਗੀਤ ਗਾਉਣ ਦਾ ਅਵਸਰ ਹੀ ਪ੍ਰਾਪਤ ਨਹੀਂ ਹੁੰਦਾ ਜਿਸ ਕਰਕੇ ਇਨ੍ਹਾਂ ਦੀ ਸਿਰਜਣ ਪ੍ਰਕਿਰਿਆ ਵੀ ਸਮਾਪਤ ਹੋ ਗਈ ਹੈ। ਇਹ ਸੈਂਕੜਿਆਂ ਦੀ ਗਿਣਤੀ ਵਿਚ ਉਪਲੱਬਧ ਹਨ। ਇਨ੍ਹਾਂ ਨੂੰ ਸਾਂਭਣ ਦੀ ਫੌਰੀ ਲੋੜ ਹੈ। ਇਹ ਪੰਜਾਬੀ ਲੋਕ ਸਾਹਿਤ ਦਾ ਅਨਿਖੜਵਾਂ ਅੰਗ ਹਨ। •

94630-34472



---



# ਤਿੜਕਣ ਲੱਗੇ ਜਦੋਂ ਪਤੀ- ਪਤਨੀ ਦਾ ਰਿਸ਼ਤਾ

ਕੈਲਾਸ਼ ਚੰਦਰ ਸ਼ਰਮਾ

ਮਨੁੱਖ ਇਕ ਅਜਿਹਾ ਜੀਵ ਹੈ ਜੋ ਸਵਰਗ-ਨਰਕ ਦੀਆਂ ਧਾਰਨਾਵਾਂ ਵਿਚ ਬੱਝਿਆ ਹੋਇਆ ਹੈ। ਇਸ ਧਰਤੀ ਉੱਪਰ ਰਹਿਣ ਵਾਲੇ ਜੀਵਾਂ ਨੂੰ ਜਦੋਂ ਆਪਣੇ ਕਾਰਜਾਂ ਵਿਚ ਖ਼ੁਸ਼ੀ ਅਤੇ ਅਨੰਦ ਮਿਲਦਾ ਹੈ ਤਾਂ ਉਨ੍ਹਾਂ ਦਾ ਜੀਵਨ ਸਵਰਗ ਦੀ ਨਿਆਈਂ ਹੈ ਅਤੇ ਜਦੋਂ ਵਿਅਕਤੀ ਆਪਣੇ ਜੀਵਨ ਵਿਚ ਡਰ, ਪਛਤਾਵਾ ਅਤੇ ਚਿੰਤਾ ਨਾਲ ਸਦਾ ਗ੍ਰਸਤ ਰਹਿੰਦਾ ਹੈ ਤਾਂ ਉਹ ਨਰਕ ਵਰਗਾ ਜੀਵਨ ਬਤੀਤ ਕਰਦਾ ਹੈ। ਰਿਸ਼ਤੇ ਜ਼ਿੰਦਗੀ ਦੇ ਖ਼ੂਬਸੂਰਤ ਪਲਾਂ ਦਾ ਅਨੰਦ ਮਾਣਨ ਲਈ ਅਹਿਮ ਰੋਲ ਅਦਾ ਕਰਦੇ ਹਨ ਭਾਵੇਂ ਇਹ ਜਨਮ ਤੋਂ ਜੁੜੇ ਹੋਣ ਜਾਂ ਆਪ ਹੀ ਜੋੜੇ ਹੋਣ। ਇਨ੍ਹਾਂ ਰਿਸ਼ਤਿਆਂ ਤੋਂ ਸਦੀਵੀ ਖ਼ੁਸ਼ੀ ਪ੍ਰਾਪਤ ਕਰਨ ਲਈ ਵਿਸ਼ਵਾਸ ਅਹਿਮ ਰੋਲ ਅਦਾ ਕਰਦਾ ਹੈ ਕਿਉਂਕਿ ਵਿਸ਼ਵਾਸ ਅਜਿਹੀ ਅਨਮੋਲ ਦਵਾਈ ਹੈ ਜੋ ਮਨਾਂ ਵਿਚ ਉਪਜੀ ਸ਼ੱਸ਼ੋਪੰਜ ਨੂੰ ਖ਼ਤਮ ਕਰ ਕੇ ਇਨ੍ਹਾਂ ਵਿਚ ਸਥਿਰਤਾ ਨੂੰ ਸ਼ਾਮਲ ਕਰਦਾ ਹੈ।

## ਨਫ਼ਰਤ

ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਪਤੀ-ਪਤਨੀ ਦੇ ਰਿਸ਼ਤੇ ਉਦੋਂ ਤਿੜਕਣ ਲੱਗਦੇ ਹਨ ਜਦੋਂ ਦੋਵਾਂ ਵਿਚ 'ਉਹ' ਆ ਜਾਵੇ। 'ਉਹ' ਕੋਈ ਵੀ ਹੋ ਸਕਦਾ ਹੈ, ਲੜਕੇ ਦੇ ਮਾਂ-ਬਾਪ, ਭੈਣ-ਭਰਾ, ਲੜਕੀ ਦੇ ਮਾਂ-ਬਾਪ, ਭੈਣ-ਭਰਾ ਜਾਂ ਕੋਈ ਦੋਸਤ ਜਾਂ ਕੋਈ ਹੋਰ ਰਿਸ਼ਤੇਦਾਰ। ਜਿੱਥੇ ਪਤੀ-ਪਤਨੀ ਦੇ ਆਪਸੀ ਤਾਲਮੇਲ ਨੂੰ 'ਉਹ' ਪ੍ਰਭਾਵਿਤ ਨਾ ਕਰ ਸਕੇ ਉੱਥੇ ਦੋਵਾਂ ਦਾ ਰਿਸ਼ਤਾ ਸੋਨ-ਸੁਨਹਿਰੀ ਬਣਿਆ ਰਹਿੰਦਾ ਹੈ ਨਹੀਂ ਤਾਂ ਨਰਕ ਬਣ ਜਾਂਦਾ ਹੈ। 'ਉਹ' ਕੇਵਲ ਉਦੋਂ ਹੀ ਪਤੀ-ਪਤਨੀ ਦੇ ਰਿਸ਼ਤੇ ਨੂੰ ਪ੍ਰਭਾਵਿਤ ਕਰਦਾ ਹੈ ਜਦੋਂ ਪਤੀ-ਪਤਨੀ ਵਿਚ ਵਿਸ਼ਵਾਸ ਦੀ ਕਮੀ ਹੋਵੇ। ਕਹਿੰਦੇ ਹਨ ਕਿ ਇਕ ਵਾਰ ਕਿਸੇ ਲੜਕੀ ਨੇ ਬੇਟੇ ਨੂੰ ਜਨਮ ਦਿੱਤਾ। ਘਰ ਵਿਚ ਖ਼ੁਸ਼ੀਆਂ ਦੀ ਚਹਿਲ-ਪਹਿਲ ਸੀ। ਅਚਾਨਕ ਲੜਕੀ ਦੀ ਕਿਸੇ ਸਹੇਲੀ ਨੇ ਉਸ ਨੂੰ ਪੁੱਛਿਆ ਕਿ ਉਸ ਦੇ ਪਤੀ ਨੇ ਇਸ ਦੇ ਇਵਜ਼ ਵਿਚ ਉਸ ਨੂੰ ਕੀ ਤੋਹਫ਼ਾ ਦਿੱਤਾ ਹੈ। ਜਦੋਂ ਜਵਾਬ ਨਾਂਹ ਵਿਚ ਮਿਲਿਆ ਤਾਂ ਤੁਰੰਤ ਉਸ ਨੂੰ ਕਿਹਾ, 'ਇਸ ਦਾ ਅਰਥ ਹੈ ਕਿ ਤੇਰੇ ਪਤੀ ਦੀ ਨਜ਼ਰ ਵਿਚ ਤੇਰੀ ਕੋਈ ਕੀਮਤ ਨਹੀਂ।' ਇਸ ਗੱਲ ਨੇ ਲੜਕੀ ਦੇ ਮਨ ਵਿਚ ਪਤੀ ਪ੍ਰਤੀ ਨਫ਼ਰਤ ਪਾ ਦਿੱਤੀ ਤੇ ਆਖ਼ਰ ਉਨ੍ਹਾਂ ਦਾ ਹੱਸਦਾ-ਵੱਸਦਾ ਘਰ ਬਰਬਾਦ ਹੋ ਗਿਆ। ਜੇਕਰ ਪਤਨੀ ਸਮਝ ਜਾਂਦੀ ਕਿ ਬੱਚਾ ਕੇਵਲ ਉਸ ਦਾ ਜਾਂ ਉਸ ਦੇ ਪਤੀ ਦਾ ਹੀ ਨਹੀਂ ਬਲਕਿ ਦੋਵਾਂ ਦਾ ਹੈ।

## ਵਿਕਾਸ ਵਿਚ ਰੋੜਾ

ਪਤੀ-ਪਤਨੀ ਦੇ ਮਨ-ਮਟਾਵ ਦਾ ਸਭ ਤੋਂ ਜ਼ਿਆਦਾ ਅਸਰ ਉਨ੍ਹਾਂ ਦੇ ਬੱਚਿਆਂ ਦੇ ਪਾਲਣ-ਪੋਸ਼ਣ 'ਤੇ ਪੈਂਦਾ ਹੈ। ਅਕਸਰ ਅਸੀਂ ਸੋਚ ਲੈਂਦੇ ਹਾਂ ਕਿ ਬੱਚੇ ਨੂੰ ਕਿਸੇ ਗੱਲ ਦੀ ਸਮਝ ਨਹੀਂ ਹੁੰਦੀ ਪਰ ਬੱਚਾ ਕੇਵਲ ਬੋਲਦਾ ਨਹੀਂ ਸਮਝਦਾ ਸਭ ਕੁਝ ਹੈ। ਬੱਚੇ ਦੀ ਇਸ ਉਮਰ ਵਿਚ ਬੀਤੀਆਂ ਘਟਨਾਵਾਂ ਉਸ ਦੀਆਂ ਯਾਦਾਂ ਦਾ ਇਕ ਅਹਿਮ ਹਿੱਸਾ ਬਣ ਜਾਂਦੀਆਂ ਹਨ। ਪਰਿਵਾਰ ਵਿਚ ਬੋਲੀ ਜਾਂਦੀ ਮੰਦੀ ਭਾਸ਼ਾ ਤੇ ਮਾਰ ਕੁਟਾਈ ਦਾ ਅਸਰ ਬੱਚਿਆਂ ਉੱਪਰ ਅਜਿਹਾ ਪ੍ਰਭਾਵ ਛੱਡ ਜਾਂਦੇ ਹਨ ਜੋ ਬੱਚਿਆਂ ਦੀ ਸ਼ਖ਼ਸੀਅਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਅਕਸਰ ਬੱਚੇ ਘਰ ਵਿਚ ਜ਼ਿਆਦਾ ਸਮਾਂ ਆਪਣੇ ਮਾਂ-ਬਾਪ ਨਾਲ ਗੁਜ਼ਾਰਨਾ ਚਾਹੁੰਦੇ ਹਨ ਜਿਸ ਨਾਲ ਉਨ੍ਹਾਂ ਦੇ ਚਿਹਰਿਆਂ 'ਤੇ ਸਦਾ ਖ਼ੁਸ਼ੀ ਚਹਿਕਦੀ ਰਹਿੰਦੀ ਹੈ ਪਰ ਉਹ ਸਮਾਂ ਬਹੁਤ ਦੁਖਦਾਈ ਹੁੰਦਾ ਹੈ ਜਦੋਂ ਪਤੀ-ਪਤਨੀ ਇਕ-ਦੂਜੇ ਨਾਲ ਕਈ-ਕਈ ਦਿਨ ਗੱਲ ਹੀ ਨਹੀਂ ਕਰਦੇ ਜਾਂ ਗਾਲ੍ਹੀ-ਗਲੋਚ ਕਰਦੇ ਹਨ। ਇਸ ਨਾਲ ਬੱਚਿਆਂ ਅੰਦਰ ਡਰ ਅਤੇ ਸਹਿਮ ਪਸੇਰਾ ਕਰ ਲੈਂਦੇ ਹਨ ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਸੰਤੁਲਿਤ ਵਿਕਾਸ ਵਿਚ ਰੋੜਾ ਬਣਦੇ ਹਨ ਅਤੇ ਘਰ ਨਰਕ ਬਣਦਿਆਂ ਦੇਰ ਨਹੀਂ ਲੱਗਦੀ। ਮਾਪਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਅਸਲ ਪੂੰਜੀ ਉਨ੍ਹਾਂ ਦੀ ਔਲਾਦ ਹੁੰਦੀ ਹੈ। ਇਸ ਲਈ ਜ਼ਰੂਰੀ ਹੈ ਕਿ ਇਕ-ਦੂਸਰੇ ਦੇ ਵਿਚਾਰਾਂ ਨੂੰ ਅਹਿਮੀਅਤ ਦੇਈਏ ਕਿਉਂਕਿ ਮਹੱਤਵ ਵਿਚ ਕੋਈ ਵੀ ਘੱਟ ਨਹੀਂ ਹੁੰਦਾ। ਕਦੇ ਵੀ ਆਪਣੀ ਨਰਾਜ਼ਗੀ ਨੂੰ ਲੰਬੇ ਸਮੇਂ ਤਕ ਨਾ ਚੱਲਣ ਦੇਈਏ। ਆਪਣੇ ਅੰਦਰ ਦੀ ਹਉਮੈ ਤੇ ਵਖਰੇਵੇਂ ਵਾਲੇ ਵਿਚਾਰਾਂ 'ਤੇ ਕਦੇ ਵੀ ਬੁਰਿਆਈ ਦੀ ਧੁੰਦ ਨਾ ਜੰਮਣ ਦਿਉ। •

80540-16816

### ਸੋਚਣ ਸ਼ਕਤੀ

*ਕੁਦਰਤ ਨੇ ਹਰ ਵਿਅਕਤੀ ਨੂੰ ਸੋਚਣ ਸ਼ਕਤੀ ਦਿੱਤੀ ਹੈ ਪਰ ਫ਼ਰਕ ਸੋਚਣ ਵਿਚ ਹੈ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਓ। ਜੇਕਰ ਕਿਸੇ ਕੋਲੋਂ ਕੋਈ ਗ਼ਲਤੀ ਹੋ ਗਈ ਹੋਵੇ ਤਾਂ ਇਕ-ਦੂਸਰੇ ਨੂੰ ਬੁਰਾ-ਭਲਾ ਕਹਿਣ ਦੀ ਥਾਂ ਸੁਧਾਰਨ ਦੀ ਕੋਸ਼ਿਸ਼ ਕਰੋ। ਸ਼ੱਕ ਰੋਗ ਤੋਂ ਬਚਣ ਦੀ ਕੋਸ਼ਿਸ਼ ਕਰੋ। ਜੇ ਇਹ ਨੇੜੇ-ਤੇੜੇ ਵੀ ਫੜਕਣ ਲੱਗੇ ਤਾਂ ਮਨ ਵਿਚ ਜੋ ਹੈ ਸਾਫ਼-ਸਾਫ਼ ਕਹਿ ਦੇਣਾ ਚਾਹੀਦਾ ਹੈ ਕਿਉਂਕਿ ਸੱਚ ਬੋਲਣ 'ਤੇ ਫ਼ੈਸਲੇ ਹੁੰਦੇ ਹਨ ਪਰ ਝੂਠ ਬੋਲਣ ਨਾਲ ਫ਼ਾਸਲੇ ਵਧਦੇ ਹਨ। ਜੇਕਰ ਆਪਣੀ ਹਉਮੈ ਨੂੰ ਬਰਕਰਾਰ ਰੱਖਾਂਗੇ ਤਾਂ ਇਹ ਰਿਸ਼ਤਾ ਤਾਰ-ਤਾਰ ਹੁੰਦਿਆਂ ਵੀ ਦੇਰ ਨਹੀਂ ਲੱਗਦੀ। ਆਚਾਰੀਆ ਚਾਣਕਿਆ ਅਨੁਸਾਰ ਜਿਸ ਵਿਅਕਤੀ ਦਾ ਪਤਨੀ ਨਾਲ ਵਿਚਾਰਕ ਅਤੇ ਭਾਵਨਾਤਮਿਕ ਤਾਲਮੇਲ ਰਹਿੰਦਾ ਹੈ ਉਸ ਲਈ ਇਹ ਸੰਸਾਰ ਸਵਰਗ ਹੁੰਦਾ ਹੈ ਪਰ ਕਿਸੇ ਪੁਰਸ਼ ਦੇ ਜੀਵਨ 'ਚ ਪਤਨੀ ਹੋਣ ਤੋਂ ਬਾਅਦ ਵੀ ਉਸ ਤੋਂ ਕਿਸੇ ਤਰ੍ਹਾਂ ਦਾ ਸੁੱਖ ਤੇ ਸਹਿਯੋਗ ਨਾ ਮਿਲੇ ਤੇ ਜਿਸ ਔਰਤ ਦੇ ਜੀਵਨ 'ਚ ਪਤੀ ਹੋਣ ਤੋਂ ਬਾਅਦ ਵੀ ਉਸ ਤੋਂ ਕਿਸੇ ਤਰ੍ਹਾਂ ਦਾ ਸੁੱਖ ਅਤੇ ਸੁਰੱਖਿਆ ਨਾ ਮਿਲੇ ਤਾਂ ਅਜਿਹੇ ਲੋਕਾਂ ਦਾ ਜੀਵਨ ਬੇਕਾਰ ਹੁੰਦਾ ਹੈ। ਇਸ ਲਈ ਪਤੀ ਤੇ ਪਤਨੀ ਦਾ ਗੁਣਵਾਨ ਹੋਣਾ ਜ਼ਰੂਰੀ ਹੁੰਦਾ ਹੈ। ਦੋਵਾਂ ਨੂੰ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਦਾ ਗਿਆਨ ਹੋਣਾ ਚਾਹੀਦਾ ਹੈ। ਇਹ ਸੁੱਖ ਹਰ ਵਿਅਕਤੀ ਦੇ ਜੀਵਨ 'ਚ ਨਹੀਂ ਹੁੰਦਾ। ਇਸ ਲਈ ਸਮਝੌਤਾ ਕਰਨਾ ਸਿੱਖਣਾ ਚਾਹੀਦਾ ਹੈ।*



ਡਿਜ਼ਾਈਨ : ਵਰੁਣ ਚੈਸ

### ਅਵਿਸ਼ਵਾਸ

*ਜੇ ਕਿਸੇ ਕਾਰਨ ਇਨ੍ਹਾਂ ਵਿਚਲੀ ਭਰੋਸਗੀ ਖ਼ਤਮ ਹੋ ਜਾਵੇ ਜਾਂ ਸ਼ੰਕਾ ਆਪਣਾ ਪਸਾਰਾ ਕਰ ਲਵੇ ਤਾਂ ਜੀਵਨ ਨਰਕ ਵਾਂਗ ਮਹਿਸੂਸ ਹੋਣ ਲੱਗਦਾ ਹੈ ਕਿਉਂਕਿ ਅਵਿਸ਼ਵਾਸ ਉਸ ਹਲਕੇ ਜ਼ਹਿਰ ਸਮਾਨ ਹੁੰਦਾ ਹੈ ਜੋ ਦਿਮਾਗ਼ 'ਤੇ ਉਲਟ ਪ੍ਰਭਾਵ ਪਾ ਕੇ ਉਸ ਦੀ ਕੁਦਰਤੀ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ। ਜ਼ਿੰਦਗੀ ਵਿਚ ਹੰਢਾਏ ਜਾਣ ਵਾਲੇ ਰਿਸ਼ਤਿਆਂ ਵਿੱਚੋਂ ਇਕ ਅਹਿਮ ਰਿਸ਼ਤਾ ਹੁੰਦਾ ਹੈ ਪਤੀ-ਪਤਨੀ ਦਾ। ਇਕ-ਦੂਜੇ ਦੇ ਵਿਚਾਰਾਂ ਦੀ ਸਾਂਝ ਤੋਂ ਅਣਜਾਣ ਵੱਖੋ-ਵੱਖਰੇ ਸੰਸਕਾਰਾਂ ਦੇ ਪਾਲਣ-ਪੋਸ਼ਣ ਨਾਲ ਜਵਾਨ ਹੋਏ ਵਿਅਕਤੀਆਂ ਵਿਚ, ਬਿਨਾਂ ਕਿਸੇ ਲਿਖਤ-ਪੜ੍ਹਤ ਦੇ ਵਿਆਹ ਰੂਪੀ ਸਮਾਗਮ ਨਾਲ ਸਿਰਜਿਆ ਅਜਿਹਾ ਰਿਸ਼ਤਾ ਹੈ ਜੋ ਕਈ ਸਮਾਜਿਕ ਬੰਧਨਾਂ ਨਾਲ ਬੱਝਾ ਹੋਇਆ ਹੈ। ਸਮਾਜ ਨੇ ਪਤੀ ਅਤੇ ਪਤਨੀ ਦੋਵਾਂ ਲਈ ਹੱਕ ਅਤੇ ਜ਼ਿੰਮੇਵਾਰੀਆਂ ਨਿਸ਼ਚਤ ਕੀਤੀਆਂ ਹਨ।*

---

# ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ

ਜਸਪ੍ਰੀਤ ਕੌਰ ਸੰਘਾ

ਸ਼ੈਕਸਪੀਅਰ ਦਾ ਕਥਨ ਹੈ, 'ਪਹਿਰਾਵਾ ਆਦਮੀ ਦੀ ਸ਼ਖ਼ਸੀਅਤ ਦਾ ਪ੍ਰਤੀਕ ਹੈ।' ਜੁੱਤੀ ਨਾਲ ਹੀ ਇਨਸਾਨ ਦਾ ਪਹਿਰਾਵਾ ਪੂਰਨ ਸਮਝਿਆ ਜਾਂਦਾ ਹੈ। ਇਹ ਇਨਸਾਨ ਦੇ ਪਹਿਰਾਵੇ ਦਾ ਜ਼ਰੂਰੀ ਹਿੱਸਾ ਹੈ। ਇਨਸਾਨ ਦੇ ਪੈਰ ਦੀ ਜੁੱਤੀ ਤੋਂ ਹੀ ਉਸ ਦੀ ਸੂਝ-ਬੂਝ ਅਤੇ ਸੁਭਾਅ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪੰਜਾਬਣ ਦੀ ਤੋਰ ਦੀ ਸਿਫ਼ਤ ਜਿੱਥੇ ਹੁੰਦੀ ਹੈ ਉੱਥੇ ਹੀ ਪੰਜਾਬੀ ਜੁੱਤੀ ਦੀ ਗੱਲ ਵੀ ਹੁੰਦੀ ਹੈ। ਲੋਕ ਗੀਤਾਂ ਵਿਚ ਇਸ ਦਾ ਵਰਨਣ ਬਾਖ਼ੂਬੀ ਮਿਲਦਾ ਹੈ :

*ਜੁੱਤੀ ਖੱਲ ਦੀ*
*ਮਰੋੜਾ ਨਹੀਂ ਝੱਲਦੀ*
*ਤੋਰ ਪੰਜਾਬਣ ਦੀ...*

*ਇਹ ਜੁੱਤੀਆ ਧੌੜੀ , ਸਾਬਰ* , ਕੁਰਮ ਆਦਿ ਚਮੜੇ ਤੋਂ ਤਿਆਰ ਕੀਤੀਆ ਜਾਂਦੀਆ ਹਨ। ਇਹ ਵੱਖ-ਵੱਖ ਨਾਂਵਾ ਤੋਂ ਪ੍ਰਚਲਿੱਤ ਹਨ। ਜਿਸ ਸ਼ਹਿਰ ਦੇ ਕਾਰੀਗਰ ਦਾ ਡਿਜ਼ਾਇਨ ਮਸ਼ਹੂਰ ਹੋ ਗਿਆ ਉਸੇ ਸ਼ਹਿਰ ਦੇ ਨਾਂ ਨਾਲ ਜੁੱਤੀ ਜਾਣੀ ਜਾਣ ਲੱਗੀ। ਜਿਵੇਂ ਜੋਧਪੁਰੀ ਜੁੱਤੀ, ਕਸੂਰੀ ਜੁੱਤੀ, ਨਾਰੋਵਾਲ ਦੀ ਜੁੱਤੀ ਆਦਿ। ਨਾਰੋਵਾਲ ਦੀ ਜੁੱਤੀ ਦੀ ਪ੍ਰਸ਼ੰਸ਼ਾ ਤਾਂ ਲੋਕ ਗੀਤਾਂ ਵਿਚ ਵੀ ਹੁੰਦੀ ਹੈ :

*ਜੁੱਤੀ ਨਾਰੋਵਾਲ ਦੀ*
*ਸਿਤਾਰਿਆਂ ਜੜ੍ਹਤ ਜੜੀ*
*ਤਾਂ ਮੈਂ ਜੀਵਾਂਗੀ ਸੱਜਣਾ*
*ਜੱਤੀ ਹੋਵੇ ਇਹੋ ਜਿਹੀ...*

ਜੁੱਤੀਆਂ ਦੀ ਖ਼ੂਬਸੂਰਤੀ ਨੂੰ ਵਧਾਉਣ ਲਈ ਇਨ੍ਹਾਂ 'ਤੇ ਮੋਤੀ, ਘੁੰਗਰੂ , ਸਿਤਾਰੇ ਆਦਿ ਵੀ ਲਗਾਏ ਜਾਂਦੇ ਹਨ। ਤਿੱਖੀ ਨੋਕ ਵਾਲੀ ਜੁੱਤੀ ਦੀ ਨੋਕ 'ਤੇ ਲੋਗੜੀ ਤੋਂ ਬਣਿਆ ਫੁੱਲ ਲਗਾਇਆ ਜਾਂਦਾ ਹੈ। ਮੁਟਿਆਰ ਅਕਸਰ ਆਪਣੇ ਮਾਹੀ ਨੂੰ ਜੁੱਤੀ ਨੂੰ ਘੁੰਗਰੂ ਲਗਾਕੇ ਦੇਣ ਦੀ ਮੰਗ ਕਰਦੀ ਹੋਈ ਆਖਦੀ ਹੈ :

*ਜੁੱਤੀ ਨੂੰ ਲਵਾ ਦੇ ਘੁੰਗਰੂ*
*ਜੇ ਤੂੰ ਮੇਰੀ ਚਾਲ ਦੇਖਣੀ...*

ਪੰਜਾਬ ਦਾ ਪ੍ਰਸਿੱਧ ਸ਼ਹਿਰ ਪਟਿਆਲਾ ਫੈਸ਼ਨ ਦਾ ਗੜ੍ਹ ਮੰਨਿਆ ਜਾਂਦਾ ਹੈ। ਪਟਿਆਲਾ ਸ਼ਾਹੀ ਪੱਗਾ, ਪਟਿਆਲਾ ਸ਼ਾਹੀ ਸਲਵਾਰਾ, ਪਰਾਂਦੇ, ਰੇਸ਼ਮੀ ਨਾਲਿਆ ਅਤੇ ਪੰਜਾਬੀ ਜੁੱਤੀਆਂ ਲਈ ਪਟਿਆਲਾ ਸ਼ਹਿਰ ਪ੍ਰਸਿੱਧ ਹੈ। ਇਸ ਦਾ ਵਰਨਣ ਲੋਕ ਗੀਤਾਂ ਵਿਚ ਇਸ ਤਰ੍ਹਾਂ ਮਿਲਦਾ ਹੈ । ਸਾਡੇ ਸਮਾਜ ਦੇ ਰਸਮਾਂ-ਰਿਵਾਜਾਂ ਵਿਚ ਵੀ ਜੁੱਤੀ ਦਾ ਮਹੱਤਵ ਦੇਖਣ ਨੂੰ ਮਿਲਦਾ ਹੈ। ਵਿਆਹ ਦੀ ਮਹੱਤਵਪੂਰਣ ਰਸਮ ਜੁੱਤੀ ਚੁੱਕਣ ਦੀ ਹੁੰਦੀ ਹੈ। ਵਿਆਹ ਦੇ ਮੌਕੇ ਤੇ ਆਨੰਦ ਕਾਰਜ ਦੀ ਰਸਮ ਸਮੇਂ ਸਾਲੀਆਂ ਵੱਲੋਂ ਜੀਜੇ ਦੀ ਜੁੱਤੀ ਚੁੱਕ ਕੇ ਲੁਕਾ ਦਿੱਤੀ ਜਾਂਦੀ ਹੈ। ਜੁੱਤੀ ਦੇ ਬਦਲੇ ਸਾਲੀਆਂ ਸ਼ਗਨ ਦੀ ਮੰਗ ਕਰਦੀਆਂ ਹਨ। ਇਸ ਰਸਮ ਨਾਲ ਵਿਆਹ ਦਾ ਮਾਹੌਲ ਹੋਰ ਖ਼ੁਸ਼ਗਵਾਰ ਹੋ ਜਾਂਦਾ ਹੈ। ਜੀਜੇ ਅਤੇ ਸਾਲੀਆਂ ਵਿਚਕਾਰ ਹਾਸਾ ਮਾਹੌਲ ਹੁੰਦਾ ਹੈ ਤੇ ਜੀਜੇ ਦੁਆਰਾ ਸਾਲੀਆਂ ਨੂੰ ਸ਼ਗਨ ਦਿੱਤੇ ਜਾਣ ਤੋਂ ਬਾਅਦ ਹੀ ਸਾਲੀਆਂ ਜੁੱਤੀ ਵਾਪਸ ਕਰਦੀਆਂ ਹਨ। ਮੁੰਡੇ ਦੇ ਵਿਆਹ 'ਤੇ ਜਦੋਂ ਘੋੜੀਆਂ ਗਾਈਆਂ ਜਾਂਦੀਆਂ ਹਨ ਤਾਂ ਮੁੰਡੇ ਦੇ ਜਾਮੇ, ਕਲਗੀ ਅਤੇ ਸਿਹਰੇ ਦੇ ਨਾਲ-ਨਾਲ ਉਸ ਦੀ ਜੁੱਤੀ ਦੀ ਵੀ ਪ੍ਰਸ਼ੰਸਾਂ ਕੀਤੀ ਜਾਂਦੀ ਹੈ। ਜਿਵੇਂ :

*ਜੁੱਤੀ ਤੇਰੀ ਵੇ ਮੱਲਾ ਸੋਹਣੀ*
*ਵਾਹਵਾ ਜੜੀ ਏ ਤਿਲੇ ਨਾਲ*
*ਕੇਰੀ ਸੋਹਣੀ ਤੇਰੀ ਚਾਲ*
*ਵੇ ਮਾਂ ਦਿਆ ਸੁਰਜਣਾ...*

ਜੁੱਤੀ ਦੇ ਆਧਾਰ 'ਤੇ ਹੀ ਵਿਅਕਤੀ ਦੀ ਆਰਥਿਕ ਸਥਿਤੀ ਦਾ ਅੰਦਾਜ਼ਾ ਵੀ ਲੱਗਾ ਲਿਆ ਜਾਂਦਾ ਹੈ। ਮਖ਼ਮਲ ਦੀ ਜੁੱਤੀ ਰੱਜਦੇ-ਪੁੱਜਦੇ ਘਰ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਮਖ਼ਮਲ ਦੀ ਜੁੱਤੀ ਪਾਉਣਾ ਗ਼ਰੀਬ ਦੇ ਵੱਸ ਦੀ ਗੱਲ ਨਹੀਂ ਹੈ। ਇਸੇ ਲਈ ਤਾਂ ਮੁਟਿਆਰ ਆਪਣੇ ਮਾਹੀ ਨੂੰ ਨੌਕਰੀ ਕਰ ਕੇ ਪੈਸੇ ਕਮਾਉਣ ਲਈ ਆਖਦੀ ਹੈ ਤਾਂ ਕਿ ਉਹ ਮਖ਼ਮਲ ਦੀ ਜੁੱਤੀ ਖ਼ਰੀਦ ਸਕੇ :

*ਮਖ਼ਮਲ ਦੀ ਜੁੱਤੀ ਪੈਰਾਂ ਨੂੰ ਨਾ ਜੁੜਦੀ*
*ਚੰਮ ਦੀ ਜੁੱਤੀ ਸਾਡੇ ਪਾਵੇ ਛਾਲੇ*
*ਨੌਕਰ ਜਾਹ ਮੁੰਡਿਆ*
*ਕਮਾ ਲਿਆ ਡਾਲੇ...*

ਸੋਹਣੀ ਜੁੱਤੀ ਜਿੱਥੇ ਮੁਟਿਆਰ ਦੀ ਖ਼ੂਬਸੂਰਤੀ ਨੂੰ ਚਾਰ ਚੰਦ ਲਗਾਉਂਦੀ ਹੈ ਉੱਥੇ ਹੀ ਜੇਕਰ ਜੁੱਤੀ ਸਹੀ ਨਾਪ ਦੀ ਨਾ ਹੋਵੇ, ਪੈਰ ਵਿਚ ਤੰਗ ਹੋਵੇ ਤਾਂ ਅਜਿਹੀ ਜੁੱਤੀ ਤਕਲੀਫ਼ ਵੀ ਬਹੁਤ ਦਿੰਦੀ ਹੈ। ਅਜਿਹੀ ਜੁੱਤੀ ਪਾ ਕੇ ਤੁਰਨਾ ਬਹੁਤ ਹੀ ਤਕਲੀਫ਼ ਦੇਹ ਹੁੰਦਾ ਹੈ। ਲੋਕ ਗੀਤ ਵੀ ਅਜਿਹੀ ਸਥਿਤੀ ਦਾ ਵਰਨਣ ਬਾਖ਼ੂਬੀ ਕਰਦੇ ਹਨ :

*ਜੁੱਤੀ ਕਸੂਰੀ ਪੈਰੀਂ ਨਾ ਪੂਰੀ*
*ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ*
*ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ*
*ਉਨ੍ਹੀ ਰਾਹੀਂ ਵੇ ਸਾਨੂੰ ਤੁਰਨਾ ਪਿਅ...*

ਜਦੋਂ ਮੁਟਿਆਰਾਂ ਇਕੱਠੀਆਂ ਹੋ ਕੇ ਗਿੱਧਾ ਪਾਉਂਦੀਆਂ ਹਨ ਤਾਂ ਉਹ ਬੜ੍ਹੇ ਸ਼ੌਕ ਨਾਲ ਬੋਲੀ ਪਾਉਂਦੀਆਂ ਹਨ :

*ਤੇਰੀ ਮਾਂ ਬੜੀ ਕੁਪੱਤੀ*
*ਮੈਨੂੰ ਪਾਉਣ ਨਾ ਦੇਵੇ ਜੁੱਤੀ*
*ਮੈਂ ਵੀ ਜੁੱਤੀ ਪਾਉਣੀ ਆ*
*ਮੁੰਡਿਆ ਰਾਜੀ ਰਹਿ ਜਾਂ ਗੁੱਸੇ*
*ਮੈਂ ਤੇਰੀ ਮਾਂ ਖੜ੍ਹਕਾਉਣੀ ਆ...*

ਇਕ ਸਮਾਂ ਸੀ ਜਦੋਂ ਹਰ ਪਿੰਡ ਵਿਚ ਜੁੱਤੀਆਂ ਬਣਾਉਣ ਵਾਲੇ ਕਾਰੀਗਰ ਹੁੰਦੇ ਸਨ ਜੋ ਬੜੀ ਮਿਹਨਤ ਨਾਲ ਹੱਥੀ ਜੁੱਤੀਆਂ ਤਿਆਰ ਕਰਦੇ ਸਨ। ਇਹ ਜੁੱਤੀਆਂ ਵੇਖਣ ਨੂੰ ਜਿੰਨੀਆਂ ਸੋਹਣੀਆਂ ਹੁੰਦੀਆਂ ਸਨ ਉਨੀਆਂ ਹੀ ਮਜ਼ਬੂਤ ਹੁੰਦੀਆਂ ਸਨ ਪਰ ਅੱਜ ਦੇ ਮਸ਼ੀਨੀ ਯੁੱਗ ਵਿਚ ਜੁੱਤੀਆਂ ਬਣਾਉਣ ਦਾ ਕੰਮ ਮਸ਼ੀਨਾ ਰਾਹੀਂ ਹੋਣ ਲੱਗ ਪਿਆ ਹੈ। ਜਿਸ ਕਾਰਨ ਕਾਰੀਗਰਾਂ ਦਾ ਕੰਮ ਠੱਪ ਹੋ ਗਿਆ ਹੈ। ਬਾਜ਼ਾਰ ਵਿਚ ਅਨੇਕਾ ਚੱਪਲ, ਸੈਂਡਲ, ਸਲੀਪਰ ਆਦਿ ਵੇਖਣ ਨੂੰ ਮਿਲਦੇ ਹਨ ਪਰ ਜੋ ਸਰਦਾਰੀ ਪੰਜਾਬੀ ਜੁੱਤੀ ਦੀ ਹੈ ਉਹ ਕਿਸੇ ਹੋਰ ਦੀ ਨਹੀਂ ਹੋ ਸਕਦੀ। ਪੰਜਾਬੀਆਂ ਦੇ ਜੀਵਨ ਵਿਚ ਪੰਜਾਬੀ ਜੁੱਤੀ ਦੀ ਜਗ੍ਹਾ ਹੋਰ ਕੋਈ ਨਹੀਂ ਲੈ ਸਕਦਾ। •

99150 - 33176

### ਪੁਸ਼ਾਕ ਦਾ ਹਿੱਸਾ

*ਪੰਜਾਬੀ ਜੁੱਤੀ ਪਰੰਪਰਾਗਤ ਰੂਪ ਵਿਚ ਚਮੜੇ ਤੇ ਸੋਨੇ, ਚਾਂਦੀ ਦੇ ਧਾਗੇ ਨਾਲ ਕਢਾਈ ਕਰ ਕੇ ਬਣਾਈ ਜਾਂਦੀ ਸੀ। ਹਾਲਾਂਕਿ ਅੱਜ ਕੱਲ ਵੱਖ-ਵੱਖ ਤਰ੍ਹਾਂ ਦੀਆਂ ਜੁੱਤੀਆਂ ਉਪਲਬਧ ਹਨ। ਅੰਮ੍ਰਿਤਸਰ, ਪਟਿਆਲਾ ਇਸ ਦੇ ਵਪਾਰਕ ਕੇਂਦਰ ਹਨ। ਬਦਲਦੇ ਸਮੇਂ ਵਿਚ ਇਹ ਜੁੱਤੀ ਵਿਸ਼ੇਸ਼ ਤੌਰ 'ਤੇ ਵਿਆਹ ਵਿਚ, ਰਸਮੀ ਪੋਸ਼ਾਕ ਦਾ ਹਿੱਸਾ ਬਣੀ ਹੋਈ ਹੈ। ਬਿਨਾਂ ਕਢਾਈ ਵਾਲੀ ਜੁੱਤੀ ਪੰਜਾਬ ਵਿਚ ਪੁਰਸ਼ਾਂ ਅਤੇ ਔਰਤਾਂ ਵੱਲੋਂ ਹਰ ਰੋਜ਼ ਇਸਤੇਮਾਲ ਕੀਤੀ ਜਾਂਦੀ ਹੈ। ਇਸ ਨੂੰ ਅਸੀਂ ਅਸਾਨ ਭਾਸ਼ਾ 'ਚ ਜਲਸਾ ਕਹਿੰਦੇ ਹਾਂ। ਜੋ ਜ਼ਿਆਦਾ ਤਰ ਕਾਲੇ ਰੰਗ ਦਾ ਹੁੰਦੇ ਤੇ ਆਮ ਪਾਇਆ ਜਾਂਦਾ।*





# ਸਾਹਿਤਕ ਪੰਨਾ

## ਬਦਲ ਗਏ



ਭੁਪਿੰਦਰ ਕੌਰ
ਮੋਬਾ. 6284310772
ਪਿੰਡ ਬਲੇਸ਼, ਜਿਲ੍ਹਾ ਸੰਗਰੂਰ,

ਕਾਗਜ਼ ਉਹੀ ਹੈ, ਕਲਮ ਉਹੀ ਹੈ,
ਲਿਖਣ ਵਾਲੇ ਬਦਲ ਗਏ,
ਗੱਲ ਉਹੀ ਹੈ, ਅੰਦਾਜ਼ ਉਹੀ ਹੈ,
ਸਮਝਾਉਣ ਵਾਲੇ ਬਦਲ ਗਏ,

ਭੈਣ ਭਰਾ ਉਹੀ ਹੈ, ਮਾਂ ਬਾਪ ਉਹੀ ਹੈ,
ਰਿਸ਼ਤੇ ਬਨਾਉਣ ਵਾਲੇ ਬਦਲ ਗਏ,
ਯਾਦ ਉਹੀ ਹੈ, ਦੋਸਤ ਉਹੀ ਹੈ,
ਸਾਥ ਨਿਭਾਉਣ ਵਾਲੇ ਬਦਲ ਗਏ,

ਸਟ ਉਹੀ ਹੈ, ਜਖਮ ਉਹੀ ਹੈ,
ਮਲ੍ਹਮ ਲਾਉਣ ਵਾਲੇ ਬਦਲ ਗਏ,
ਦਰਦ ਉਹੀ ਹੈ, ਦੁੱਖ ਉਹੀ ਹੈ,
ਦੁੱਖ ਵੰਡਾਉਣ ਵਾਲੇ ਬਦਲ ਗਏ।

ਕਿਤਾਬ ਉਹੀ ਹੈ, ਸਿੱਖਿਆ ਉਹੀ ਹੈ,
ਗਿਆਨ ਲੈਣ ਵਾਲੇ ਬਦਲ ਗਏ,
ਦੇਸ਼ ਉਹੀ ਹੈ, ਤਿਰੰਗਾ ਉਹੀ ਹੈ,
ਜਾਨ ਨਿਛਾਵਰ ਕਰਨ ਵਾਲੇ ਬਦਲ ਗਏ,

ਸਭਿਆਚਾਰ ਉਹੀ ਹੈ, ਤੇ ਧਰਮ ਵੀ ਉਹੀ ਹੈ,
ਪਰ ਲੋਕ ਬਦਲ ਗਏ,
ਇਤਿਹਾਸ ਉਹੀ ਹੈ, ਮਿਥਿਹਾਸ ਉਹੀ ਹੈ,
ਜਾਣਨ ਵਾਲੇ ਬਦਲ ਗਏ,

ਆਸਮਾਨ ਉਹੀ ਹੈ, ਤਾਰੇ ਉਹੀ ਹੈ,
ਪਰ ਟਿਮਟਮਾਉਣ ਵਾਲੇ ਬਦਲ ਗਏ,
ਮੌਸਮ ਉਹੀ ਹੈ, ਬਹਾਰ ਉਹੀ ਹੈ,
ਬਹਾਰਾਂ ਵਾਲੇ ਦਿਨ ਬਦਲ ਗਏ।

ਪੈਸਾ ਉਹੀ ਹੈ, ਦੌਲਤ ਉਹੀ ਹੈ,
ਮੱਦਦ ਕਰਨ ਵਾਲੇ ਬਦਲ ਗਏ,
ਜਗ ਉਹੀ ਹੈ, ਸਮਾਜ ਉਹੀ ਹੈ,
ਲੋਕਾਂ ਦੇ ਢੰਗ ਬਦਲ ਗਏ,

ਰੱਬ ਉਹੀ ਹੈ, ਲੋਕ ਉਹੀ ਹੈ,
ਬਸ ਦੁਆਵਾਂ ਕਰਨ ਵਾਲੇ ਬਦਲ ਗਏ,
ਹੋਰ ਬਦਲਣਾ ਕੀ ਹੈ 'ਭੁਪਿੰਦਰ',
ਜਦੋ ਰੱਬ ਦੇ ਹੀ ਰੰਗ ਬਦਲ ਗਏ।।

## ਰੁੱਖ ਨੂੰ ਜਦ ਅੱਗ ਲੱਗੀ



ਰੁੱਖ ਨੂੰ ਜਦ ਅੱਗ ਲੱਗੀ
ਕੁਲ ਪਰਿੰਦੇ ਉਡ਼ ਗਏ, ਉਡ਼ਨਾ ਹੀ ਸੀ
ਇਕ ਚਿੜੀ ਪਰ ਜਾਂਦੀ ਜਾਂਦੀ ਮੁੜ ਪਈ
ਉਸ ਦੇ ਮਨ ਵਿਚ ਸੋਚ ਆਈ
ਰੁੱਖ ਕੀ ਸੋਚੂ ਵਿਚਾਰਾ
ਉਸ ਨੂੰ ਲੱਗਾ ਰੁੱਖ ਦੇ ਪੱਤੇ ਜਿਵੇਂ
ਹੋਵਣ ਹਜ਼ਾਰਾਂ ਅੱਖੀਆਂ
ਉਡਦਿਆਂ ਪੰਖੇਰੂਆਂ ਨੂੰ ਤੱਕਦੀਆਂ
ਕੋਲ਼ ਇਕ ਤਾਲਾਬ ਸੀ
ਉਸ ਦੇ ਜਲ 'ਚੋਂ ਭਰ ਕੇ ਚੁੰਝਾਂ ਉਹ ਚਿੜੀ
ਬਲ਼ ਰਹੇ ਰੁੱਖ ਉੱਤੇ ਤ੍ਰੌਂਕਣ ਲੱਗ ਪਈ
ਕੋਲੋਂ ਦੀ ਕੋਈ ਮੁਸਾਫ਼ਿਰ ਲੰਘਿਆ
ਦੇਖ ਕੇ ਦ੍ਰਿਸ਼ ਡਰ ਗਿਆ
ਸੜ ਹੀ ਨਾ ਜਾਏ ਕਿਤੇ ਝੱਲੀ ਚਿੜੀ
ਕਹਿਣ ਲੱਗਾ
ਭੋਲ਼ੀਏ ਚਿੜੀਏ ਤੂੰ ਸੋਚ
ਤੇਰੀਆਂ ਚੁੰਝ-ਚੂਲ਼ੀਆਂ ਦੇ ਨਾਲ਼ ਕੀ
ਅੱਗ ਬਲ਼ਦੇ ਬਿਰਖ ਦੀ ਬੁਝ ਜਾਏਗੀ?
ਜਾਣਦੀ ਹਾਂ ਐ ਮੁਸਾਫ਼ਿਰ
ਕਹਿਣ ਲੱਗੀ ਉਹ ਚਿੜੀ
ਮੇਰੀਆਂ ਚੁੰਝ-ਚੂਲ਼ੀਆਂ ਦੇ ਨਾਲ਼ ਤਾਂ
ਅੱਗ ਬਲ਼ਦੇ ਬਿਰਖ ਦੀ ਬੁਝਣੀ ਨਹੀਂ
ਫੇਰ ਵੀ ਪਰ ਸੋਚਦੀ ਹਾਂ
ਜਦੋਂ ਜੰਗਲ਼ ਦਾ ਕਦੀ ਇਤਿਹਾਸ ਲਿਖਿਆ ਜਾਏਗਾ
ਨਾਮ ਮੇਰਾ ਅੱਗ ਬੁਝਾਵਣ ਵਾਲ਼ਿਆਂ ਵਿਚ ਆਏਗਾ
ਤੇ ਇਨ੍ਹਾਂ ਰੁੱਖਾਂ ਦੇ ਵਾਰਿਸ ਕਹਿਣਗੇ:
ਸਾਨੂੰ ਜਦ ਲੱਗਦੀ ਹੈ ਅੱਗ
ਸਭ ਪਰਿੰਦੇ ਤ੍ਰਭਕ ਕੇ ਉਡ਼ਦੇ ਹੀ ਨੇ
ਪਰ ਕਈ ਮੁੜਦੇ ਵੀ ਨੇ
ਗੱਲ ਸੁਣ ਕੇ ਚਿੜੀ ਦੀ
ਰਾਹਗੀਰ ਵੀ
ਲੱਗ ਪਿਆ ਉਸ ਰੁੱਖ ਉੱਤੇ ਪਾਣੀ ਝੱਟਣ
ਹੋਰ ਤੇ ਇਕ ਹੋਰ ਤੇ ਇਕ ਹੋਰ ਰਾਹੀ ਆ ਗਿਆ
ਤੇ ਪਰਿੰਦੇ ਵੀ ਹਜ਼ਾਰਾਂ ਪਰਤ ਆਏ
ਚੁੰਝਾਂ ਦੇ ਵਿਚ ਨੀਰ ਭਰ ਕੇ
ਆਖਦੇ ਨੇ
ਬੁਝ ਗਈ ਸੀ ਅੱਗ ਬਲ਼ਦੇ ਬਿਰਖ ਦੀ
ਤੇ ਕਿਸੇ ਅਗਲੀ ਬਹਾਰ
ਰੁੱਖ ਦੇ ਝੁਲ਼ਸੇ ਤਨੇ 'ਚੋਂ
ਫੁੱਟ ਆਏ ਸੀ ਹਰੇ ਪੱਤੇ ਮਹੀਨ
ਜਿਸ ਤਰਾਂ ਕਿ ਹਰੇ ਅੱਖਰ ਹੋਣ ਕਾਲ਼ੇ ਸਫ਼ੇ 'ਤੇ
ਰੁੱਖ ਉਹ ਇਕ ਆਸ ਤੇ ਧਰਵਾਸ ਦੀ
ਸ਼ੁਕਰਾਨੇ ਤੇ ਵਿਸ਼ਵਾਸ ਦੀ
ਨਜ਼ਮ ਵਰਗਾ ਹੋ ਗਿਆ ਸੀ।
ਮੇਰੀ ਮਾਂ ਨੇ ਇਹ ਸੁਣਾਈ ਸੀ ਕਹਾਣੀ
ਤੇ ਕਿਹਾ ਸੀ:
ਇਹ ਕਦੀ ਨਾ ਸਮਝੀਂ ਕਿ ਲਿੱਸਾ ਹੈਂ ਤੂੰ
ਇਹ ਕਦੀ ਨਾ ਸੋਚੀਂ ਕਿ ਕੱਲਾ ਹੈਂ ਤੂੰ
ਰੁੱਖ ਨੂੰ ਜਦ ਅੱਗ ਲੱਗੇ ਉਡ਼ ਪਵੀਂ
ਪਰ ਮੁੜ ਪਵੀਂ
ਚੁੰਝ ਦੇ ਵਿਚ ਨੀਰ ਭਰ ਕੇ
ਉਸ ਚਿੜੀ ਨੂੰ ਯਾਦ ਕਰ ਕੇ।



### ਮਿੰਨੀ ਕਹਾਣੀ

## ਸੱਚਾਈ ਦਾ ਰਾਹ

ਸਕੂਲ ਦੀ ਪ੍ਰਾਰਥਨਾ ਸਭਾ ਵਿੱਚ ਹੈੱਡਮਾਸਟਰ ਸਾਹਿਬ ਬੜੇ ਹੀ ਜ਼ੋਸੀਲੇ ਅੰਦਾਜ਼ ਵਿੱਚ ਬੱਚਿਆਂ ਨੂੰ ਸੱਚਾਈ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕਰ ਰਹੇ ਸਨ। ਬੱਚਿਆਂ ਦੀ ਇਕਾਗਰ ਬਿਰਤੀ ਤੋਂ ਵੀ ਜਾਪਦਾ ਸੀ ਕਿ ਉਹ ਆਪਣੇ ਗੁਰੂ ਜੀ ਵੱਲੋਂ ਦਿੱਤੇ ਜਾ ਰਹੇ ਗਿਆਨ ਨੂੰ ਆਪਣੇ ਜੀਵਨ ਵਿੱਚ ਅਮਲੀ ਜਾਮਾ ਜ਼ਰੂਰ ਪਹਿਨਾਉਣਗੇ। ਅਚਾਨਕ ਹੀ ਹੈੱਡਮਾਸਟਰ ਸਾਹਿਬ ਦੇ ਮੋਬਾਈਲ ਦੀ ਘੰਟੀ ਵੱਜੀ। ਹਾਲ-ਚਾਲ ਪੁੱਛਣ ਉਪਰੰਤ ਹੈੱਡਮਾਸਟਰ ਨੇ ਕਿਹਾ, "ਵੀਰ ਜੀ, ਤੁਹਾਡੇ ਪੈਸੇ ਤਾਂ ਹੱਥ ਬੰਨ੍ਹ ਕੇ ਦੇਣੇ ਹਨ, ਪਰ ਮੈਂ ਤਾਂ ਹੁਣ ਕਈ ਦਿਨਾਂ ਤੋਂ ਬਿਮਾਰੀ ਕਰਕੇ ਛੁੱਟੀ 'ਤੇ ਚੱਲ ਰਿਹਾ ਹਾਂ। ਮੈਂ ਤੁਹਾਡੇ ਰੁਪਏ ਖ਼ੁਦ ਆ ਕੇ ਦੇ ਜਾਵਾਂਗਾ।" ਬੱਚੇ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ ਇਕਾਗਰ ਹੋ ਕੇ ਉਨ੍ਹਾਂ ਨੂੰ ਤੱਕ ਰਹੇ ਸਨ, ਪਰ ਇਸ ਗੱਲ ਤੋਂ ਅਣਜਾਣ ਹੈੱਡਮਾਸਟਰ ਸਾਹਿਬ ਨੇ ਵਿਦਿਆਰਥੀਆਂ ਨੂੰ ਆਪਣਾ ਅਧੂਰਾ ਭਾਸ਼ਣ ਸੁਣਾਉਣਾ ਸ਼ੁਰੂ ਕਰ ਦਿੱਤਾ।

- **ਚਮਨਦੀਪ ਸ਼ਰਮਾ**
ਸੰਪਰਕ: 94633-77709

# ਮਾਂ ਬੋਲੀ ਦਾ ਲਾਡਲਾ ਸਪੂਤ ਰਮੇਸਵਰ ਸਿੰਘ



ਰਾਜਨਦੀਪ ਕੌਰ ਮਾਨ
6239326166



ਇੰਜਨੀਅਰ ਹੋਣਾ ਤੇ ਓਹ ਵੀ ਮਰਚੈਂਟ ਨੇਵੀ ਵਿੱਚ ਤੇ ਮਾਂ ਬੋਲੀ ਨਾਲ ਅੰਤਾਂ ਦਾ ਮੋਹ ਪਾਲਣਾ ,ਆਪਣੇ ਆਪ ਹੀ ਅਨੋਖਾ ਸੁਮੇਲ ਹੈ।ਆਮ ਤੌਰ ਤੇ ਦੇਖਦੇ ਹਾਂ ਕਿ ਜੋ ਲੋਕ ਪੰਜਾਬ ਤੋਂ ਬਾਹਰ ਨੌਕਰੀਆਂ ਕਰਦੇ ਨੇ ,ਉਹ ਜਿਆਦਾਤਰ ਅੰਗਰੇਜੀ ਨੂੰ ਮੂੰਹ ਮਾਰਨਾ ਸੁਰੂ ਕਰ ਦਿੰਦੇ ਨੇ, ਪਰ ਜਿਸ ਸਖਸ ਦੀ ਗੱਲ ਮੈ ਕਰ ਰਹੀ ਹਾਂ, ਉਹਨਾਂ ਨੇ ਪੰਜਾਬ ਤੇ ਪੰਜਾਬੀ ਨਾਲ ਮੋਹ ਛੱਡਿਆ ਹੀ ਨਹੀਂ ,ਸਗੋਂ ਇਸਦੇ ਵਿਕਾਸ ਲਈ ਵੀ ਆਪਣੀ ਪੂਰੀ ਊਰਜਾ ਝੋਕ ਦਿੱਤੀ ਹੋਈ ਹੈ। ਓਹਨਾਂ ਦਾ ਨਾਮ ਅੱਜ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ।' ਰਮੇਸਵਰ ਸਿੰਘ ' ਨੂੰ ਅੱਜ ਹਰ ਪੰਜਾਬੀ ਪਿਆਰਾ ਜਾਣਦਾ ਹੈ।

ਉਨ੍ਹਾਂ ਦਾ ਜੀਵਨ ਬਚਪਨ ਤੋਂ ਹੀ ਸੰਘਰਸ਼ਮਈ ਦੁੱਖਾਂ ਅਤੇ ਤਕਲੀਫਾਂ ਨਾਲ ਭਰਿਆ ਹੋਇਆ ਸੀ । ਕਿਉਂਕਿ ਬਚਪਨ ਵਿੱਚ ਹੀ ਉਨ੍ਹਾਂ ਦੇ ਸਿਰ ਤੋਂ ਉਨ੍ਹਾਂ ਦੇ ਪਿਤਾ ਦਾ ਸਾਇਆ ਉੱਠ ਗਿਆ । ਉਨ੍ਹਾਂ ਦੇ ਇਰਾਦਿਆਂ ਵਿਚ ਬਚਪਨ ਤੋਂ ਹੀ ਦ੍ਰਿੜ੍ਹਤਾ ਤੇ ਪ੍ਰਸਥਿਤੀਆਂ ਨਾਲ ਲੜ ਕੇ ਉਨ੍ਹਾਂ ਵਿੱਚੋਂ ਨਿੱਕਲਣ ਦਾ ਹੁਨਰ ਪੈਦਾ ਹੋਇਆ। ਜਦੋਂ ਮੈਂ ਉਨ੍ਹਾਂ ਦੇ ਜੀਵਨ ਬਾਰੇ ਹੋਰ ਡੂੰਘਾਈ ਨਾਲ ਪੁੱਛਿਆ ਤਾਂ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਤੋਂ ਮੈਨੂੰ ਬਹੁਤ ਪ੍ਰੇਰਨਾ ਮਿਲੀ।

ਉਨ੍ਹਾਂ ਨੇ ਆਪਣੇ ਪਿਤਾ ਨੂੰ ਵੇਖਿਆ ਤੱਕ ਨਹੀਂ ਸੀ।ਆਪਣੀ ਪੜ੍ਹਾਈ ਤੋਂ ਲੈ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਤੱਕ ਦਾ ਸਫ਼ਰ ਉਨ੍ਹਾਂ ਨੇ ਖ਼ੁਦ ਹੀ ਆਪਣੀਆਂ ਨਿੱਕੀਆਂ ਨਿੱਕੀਆਂ ਲੜਖੜਾਉਂਦੀਆਂ ਪੁਲਾਘਾਂ ਤੋਂ ਸੁਰੂ ਕਰਕੇ ਮਰਚੈਂਟ ਨੇਵੀ ਤੱਕ ਆਪਣੀ ਮਿਹਨਤ ਅਤੇ ਸਿਦਕ ਨਾਲ ਕੀਤਾ। ਉਨ੍ਹਾਂ ਨੇ ਬਿਨਾਂ ਕਿਸੇ ਸਹਾਰੇ ਤੋਂ ਜੋ ਸੁਪਨਾ ਵੇਖਿਆ ਉਸ ਨੂੰ ਆਪਣਾ ਉਦੇਸ਼ ਸਮਝ ਕੇ ਉਸ ਲਈ ਮੁੜਕਾ ਵਹਾ ਕੇ ਕਰੜੀ ਮਿਹਨਤ ਨਿੱਕੇ ਹੁੰਦਿਆਂ ਉਨ੍ਹਾਂ ਨੂੰ ਕੰਮ ਕਰਨ ਦੀ ਚੇਟਕ ਲੱਗੀ ਤੇ ਉਹ ਖੇਤਾਂ ਵਿੱਚ ਕੰਮ ਕਰਦੇ ਤੇ ਨਾਲ ਹੀ ਆਪਣੀ ਪੜ੍ਹਾਈ ਵੀ ਕਰਦੇ । ਉਨ੍ਹਾਂ ਨੇ ਆਪਣਾ ਬਚਪਨ ਅਡੋਲ ਰਹਿ ਕੇ ਇੱਕ ਕਰੜੀ ਤਪੱਸਿਆ ਵਾਂਗ ਗੁਜ਼ਾਰਿਆ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਅਰਜੁਨ ਵਾਂਗ ਸਿਰਫ ਮਛਲੀ ਦੀ ਅੱਖ ਹੀ ਵਿਖਾਈ ਦਿੰਦੀ ਸੀ । ਉਹ ਕਦੇ ਵੀ ਆਪਣੇ ਮਕਸਦ ਆਪਣੇ ਉਦੇਸ਼ ਤੋਂ ਨਹੀਂ ਭਟਕੇ ਅਤੇ ਇੱਕ ਵਧੀਆ ਜ਼ਿੰਦਗੀ ਦੇ ਉਦੇਸ਼ ਨੂੰ ਪੂਰਾ ਕੀਤਾ। ਕਮਾਲ ਦੀ ਗੱਲ ਹੈ ਆਰਟਸ ਵਿਸ਼ਿਆਂ ਵਿੱਚ ਪੜ੍ਹਾਈ ਕਰ ਕੇ ਮਿਹਨਤ ਨਾਲ ਸਮੁੰਦਰੀ ਜਹਾਜ਼ ਵਿੱਚ ਇੰਜੀਨੀਅਰ ਬਣ ਗਏ ਸ਼ਾਇਦ ਇਹੋ ਕਾਰਨ ਹੈ ਕਿ ਉਨ੍ਹਾਂ ਦੀ ਕਲਮ ਉਨ੍ਹਾਂ ਵਾਂਗ ਅਡੋਲ ਨਿਧੜਕ ਇਕ ਤਪੱਸਵੀ ਦੀ ਤਰ੍ਹਾਂ ਮਾਂ ਬੋਲੀ ਪੰਜਾਬੀ ਦੀ ਸੇਵਾ ਕਰ ਰਹੀ ਹੈ।

ਉਨ੍ਹਾਂ ਦਾ ਜਨਮ ਪਿੰਡ ਸਹਾਰਨ ਮਾਜਰਾ, ਜ਼ਿਲ੍ਹਾ ਲੁਧਿਆਣਾ ਪਿਤਾ ਪ੍ਰੀਤਮ ਸਿੰਘ ਮਾਤਾ ਮਨਜੀਤ ਕੌਰ ਦੀ ਕੁੱਖੋਂ ਸੰਨ 1960 ਨੂੰ ਜੂਨ ਮਹੀਨੇ ਹੋਇਆ ਪਰ ਤਰੀਕ ਦਾ ਸਹੀ ਪਤਾ ਨਹੀਂ। ਆਪ ਦੇ ਮਾਤਾ ਕਹਿੰਦੇ ਸਨ ਕਿ ਜਨਮ ਉਦੋਂ ਹੋਇਆ ਜਦੋਂ ਇਕਾਦਸੀ ਨੂੰ ਠੰਡੀ ਲੱਸੀ ਦੇ ਲੰਗਰ ਲਾਉਂਦੇ ਸੀ। ਆਪ ਸਾਧਾਰਨ ਕਿਸਾਨੀ ਪਰਿਵਾਰ ਨਾਲ ਸਬੰਧ ਰੱਖਦੇ ਹੋ । ਆਪਦਾ ਨਾਨਕਾ ਪਿੰਡ ਲੋਹਾਰਾ ਮਾਜਰਾ, ਜ਼ਿਲ੍ਹਾ ਸੰਗਰੂਰ ਵਿਖੇ ਹੈ । ਆਪ ਨੇ ਨਾਨਕੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਿਆਂ ਆਪ ਦੇ ਮੁੱਖ ਆਧਿਆਪਕ ਅਤੇ ਗੀਤਕਾਰ ਹਰਨੇਕ ਸਿੰਘ ਸੋਹੀ ਨੇ ਆਪ ਦੀ ਕਾਬਲੀਅਤ ਨੂੰ ਉਸ ਸਮੇਂ ਪਛਾਣ ਲਿਆ ਜਦੋਂ ਉਹ ਹੋਰ ਸਕੂਲਾਂ ਨੂੰ ਭੇਜਣ ਲਈ ਚਿੱਠੀਆਂ ਲਿਖਣ ਲਈ ਕਹਿੰਦੇ ਸਨ। ਚਿੱਠੀਆਂ ਪੜ੍ਹ ਕੇ ਉਹ ਕਹਿੰਦੇ ਤੂੰ ਇੱਕ ਦਿਨ ਜਰੂਰ ਲੇਖਕ ਬਣੇਗਾ। ਉਸ ਤੋਂ ਬਾਅਦ ਆਪਨੇ ਮੋਦੀ ਕਾਲਜ ਪਟਿਆਲਾ ਵਿਖੇ ਬੀ.ਏ. ਦੀ ਡਿਗਰੀ ਕੀਤੀ ਤੇ ਮਨ ਵਿਚ ਜਹਾਜ ਉਪਰ ਸਫਰ ਕਰਨ ਦਾ ਸੁਪਨਾ ਵੇਖਿਆ । ਉਸ ਸੁਪਨੇ ਨੂੰ ਪੂਰਾ ਕਰਨ ਲਈ ਦਿਨ ਰਾਤ ਮਿਹਨਤ ਕਰਦਿਆਂ ਆਪ ਨੇ ਮਾਰਚੈਂਟ ਨੇਵੀ ਵਿੱਚ ਨੌਕਰੀ ਪ੍ਰਾਪਤ ਕਰ ਲਈ। ਇਸਤੋਂ ਬਾਅਦ ਆਪ ਦਾ ਵਿਆਹ ਹੋਇਆ ਅਤੇ ਘਰ ਵਿੱਚ ਇੱਕ ਬੇਟੇ ਗੁਰਇੱਕ ਸਿੰਘ ਦਾ ਜਨਮ ਹੋਇਆ , ਜੋ ਕਾਲਜ ਤੱਕ ਦੀ ਪੜ੍ਹਾਈ ਕਰਨ ਤੋਂ ਬਾਅਦ ਅੱਗੇ ਪੜ੍ਹਾਈ ਲਈ ਕੈਨੇਡਾ ਵਿੱਚ ਰਹਿ ਰਿਹਾ ਹੈ। ਆਪ ਦੀ ਪਤਨੀ ਬਲਵਿੰਦਰ ਕੌਰ ਸਕੂਲ ਟੀਚਰ ਹੈ ਅਤੇ ਆਪ ਦੀ ਲੇਖਣੀ ਵਿੱਚ ਬਹੁਤ ਮਦਦ ਕਰਦੇ ਹਨ। ਜਿਵੇਂ ਸਮੇਂ-ਸਮੇਂ 'ਤੇ ਚਾਹ-ਪਾਣੀ ਬਣਾ ਕੇ ਦੇਣਾ, ਮਿਲਣ ਆਏ ਪਾਠਕਾਂ ਲਈ ਨਾਸ਼ਤੇ ਪਾਣੀ ਦਾ ਪ੍ਰਬੰਧ ਕਰਨਾ।

ਆਪ ਜੀ ਦੱਸਦੇ ਹਨ ਕਿ ਮੇਰੇ ਲੇਖਾਂ ਨੂੰ ਪੜ੍ਹਨ ਵਾਲੀ ਮੇਰੀ ਪਹਿਲੀ ਪਾਠਕ ਮੇਰੀ ਪਤਨੀ ਹੈ,ਦੂਸਰਾ ਬੇਟਾ ਜੋ ਕਿ ਪੰਜਾਬ ਪਬਲਿਕ ਸਕੂਲ ਨਾਭਾ ਇੰਗਲਿਸ਼ ਮੀਡੀਅਮ ਚ ਪੜ੍ਹਾਈ ਕਰਦੇ ਹੋਏ ਵਾਧੂ ਵਿਸ਼ੇ ਵਿਚ ਪੰਜਾਬੀ ਨੂੰ ਪੜ੍ਹਿਆ। ਜਿੰਨ੍ਹੇ ਜ਼ਿਆਦਾ ਆਪ ਆਪਣੀ ਲੇਖਣੀ ਵਿੱਚ ਸਾਫ ਅਤੇ ਸਪੱਸ਼ਟ ਹੋ , ਉਸ ਤੋਂ ਵੀ ਜ਼ਿਆਦਾ ਉੱਚੀ-ਸੁੱਚੀ ਸਖਸ਼ੀਅਤ ਅਤੇ ਮਿਲਣਸਾਰਤਾ ਵਾਲੇ ਇਨਸਾਨ ਹਨ। ਜਦੋਂ ਆਪ ਤੋਂ ਪੁੱਛਿਆ ਗਿਆ ਕਿ ਆਪ ਕਿਸ ਧਰਮ ਨੂੰ ਮੰਨਦੇ ਹੋ ਤਾਂ ਆਪ ਦਾ ਜਵਾਬ ਸੀ ਕਿ ਮੈਂ ਬਾਬੇ ਨਾਨਕ ਤੋਂ ਸਿਵਾਏ ਹੋਰ ਕਿਸੇ ਵੀ ਧਰਮ ਨੂੰ ਨਹੀਂ ਮੰਨਦਾ । ਮੈਂ ਉਨ੍ਹਾਂ ਦੀ ਵਿਚਾਰਧਾਰਾ ਉੱਪਰ ਚੱਲਦਾਂ ਹਾਂ ਅਤੇ ਆਪਣੇ ਦੇਸ਼ ਵਾਸੀਆਂ ਨੂੰ ਵੀ ਇਸੇ ਵਿਚਾਰਨ ਨੂੰ ਜੀਵਨ ਵਿੱਚ ਅਪਣਾਉਣ ਲਈ ਕਹਿੰਦਾ ਹਾਂ ਜੇ ਪੜ੍ਹਨ ਦੀ ਗੱਲ ਕਰੀਏ ਤਾਂ ਉਨ੍ਹਾਂ ਦੱਸਿਆ ਕਿ ਉਹ ਸਿਰਫ਼ ਪੰਜਾਬੀ ਟ੍ਰਿਬਿਊਨ ਅਖਬਾਰ ਪੜ੍ਹਦੇ ਹਨ । ਇਹ ਅਖਬਾਰ ਉਨ੍ਹਾਂ ਦੀ ਰੂਹ ਦੀ ਖੁਰਾਕ ਹੈ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ' ਦੀ ਟ੍ਰਿਬਿਊਨ ' ਅਖਬਾਰ ਪੰਜਾਬੀ ਵਿੱਚ ਛਪਣਾ ਸ਼ੁਰੂ ਹੋ ਗਿਆ ਹੈ ਤਾਂ ਉਨ੍ਹਾਂ ਨੇ 1978 ਤੋਂ ਸਵੇਰੇ ਜਲਦੀ ਉੱਠ ਕੇ ਬੱਸ ਅੱਡੇ ਦੇ ਬਾਹਰੋ ਪੱਚੀ ਪੈਸੇ ਵਿੱਚ ਇਹ ਅਖ਼ਬਾਰ ਖਰੀਦਣਾ ਸ਼ੁਰੂ ਕਰ ਦਿੱਤਾ। ਉਹ ਪਹਿਲੇ ਦਿਨ ਤੋਂ ਹੀ ਪੰਜਾਬੀ ਟ੍ਰਿਬਿਊਨ ਦੇ ਪਾਠਕ ਹਨ ਅਤੇ ਲੇਖਕਾਂ ਦੀਆਂ ਲਿਖੀਆਂ ਰਚਨਾਵਾਂ ਦੇ ਜਵਾਬ ਚਿੱਠੀਆਂ ਦੇ ਰੂਪ ਵਿੱਚ ਦਿੰਦੇ ਹਨ । ਇੱਕ ਦਿਨ ਅਖਬਾਰ ਦੇ ਸੰਪਾਦਕ ਸਾਹਿਬ ਦਾ ਖਤ ਆਇਆ ਕਿ ਤੁਸੀਂ ਲੇਖ ਬਹੁਤ ਵਧੀਆ ਲਿਖ ਸਕਦੇ ਹੋ ਲੇਖ ਲਿਖਿਆ ਕਰੋ ।

ਪੰਜਾਬੀ ਟ੍ਰਿਬਿਊਨ ਵਿੱਚ ਆਪ ਦੇ ਸਭ ਤੋਂ ਵੱਧ ਲੇਖ ਪ੍ਰਤੀਕਰਮ ਦੇ ਰੂਪ ਵਿਚ ਆਪਣੇ ਪੰਜਾਬ ਦੇ ਅਖਬਾਰਾਂ 'ਤੇ ਰਸਾਲਿਆਂ ਉੱਤੇ ਛੱਪ ਰਹੇ ਸਾਹਿਤਕ ਮਾਫੀਆ ਦੇ ਗਰੁੱਪਾ ਉੱਪਰ ਹੈ । ਜਿਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਨਹੀਂ ਸਗੋਂ ਨਾਮ ਨਾਲ ਛਪ ਜਾਂਦੀਆਂ ਹਨ । ਜਿਸ ਕਰਕੇ ਪੰਜਾਬ ਵਿੱਚ ਨਵੇਂ ਸਾਹਿਤਕ ਲੇਖਕਾਂ ਦੀ ਬਹੁਤ ਭਾਰੀ ਕਮੀ ਹੈ। ਪੰਜਾਬੀ ਸਾਹਿਤ ਦੇ ਵਿੱਚ ਇੱਕ ਬੀਬੀ ਜੀ ਕੈਬਨਿਟ ਮੰਤਰੀ ਵੀ ਰਹੇ ਹਨ ਉਨ੍ਹਾਂ ਦੀਆਂ ਰਚਨਾਵਾਂ ਤਕਰੀਬਨ ਸਾਰੇ ਅਖਬਾਰਾਂ ਤੇ ਰਸਾਲਿਆਂ ਵਿੱਚ ਛਪਦੀਆਂ ਹਨ। ਜੋ ਅਣਘੜ ਹੀ ਹੁੰਦੀਆਂ ਹਨ ਜਾਂ ਜਾਤੀਵਾਦ ਉਤੇ ਭਾਰੂ ਹੁੰਦੀਆਂ ਹਨ।

ਰਮੇਸ਼ਵਰ ਸਿੰਘ ਦੀ ਸਮਾਜ ਸੇਵੀ ਸੇਵਾ ਨੂੰ ਮੁੱਖ ਰੱਖ ਕੇ ਜ਼ਿਆਦਾ ਰਚਨਾਵਾਂ ਲਿਖਦੇ ਹਨ। ਜੋ ਆਮ ਜਨਤਾ ਨੂੰ ਬਹੁਤ ਵੱਡੀਆਂ ਸੇਧਾਂ ਦਿੰਦੀਆਂ ਹਨ। ਵਿਦੇਸ਼ਾਂ ਵਿੱਚ ਘੁੰਮਦੇ ਹੋਏ ਇਨ੍ਹਾਂ ਨੇ ਵੇਖਿਆ ਕਿ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਭੈਣ ਤੇ ਭਰਾ ਪੰਜਾਬੀ ਮਾਂ ਬੋਲੀ ਦੀ ਸੇਵਾ ਆਪਣੇ ਪੰਜਾਬ ਵਿੱਚ ਰਹਿਣ ਵਾਲਿਆਂ ਨਾਲੋਂ ਵੱਧ ਕਰਦੇ ਹਨ। ਕੰਮਕਾਰ ਕਾਰਨ ਤਾਂ ਪੰਜਾਬੀਆਂ ਨੂੰ ਵਿਦੇਸ਼ਾਂ ਵਿੱਚ ਸਭ ਤੋਂ ਵੱਧ ਪਸੰਦ ਕੀਤਾ ਜਾਂਦਾ ਹੈ। ਅਨੇਕਾਂ ਲੇਖਕ ਭੈਣ ਭਰਾਵਾਂ ਨੇ ਵਿਦੇਸ਼ਾਂ ਵਿੱਚ ਪੰਜਾਬੀ ਅਖ਼ਬਾਰ ਰੇਡੀਓ ਤੇ ਯੂ ਟਿਊਬ ਟੀਵੀ ਚਾਲੂ ਕੀਤੇ ਹੋਏ ਹਨ। ਪੰਜਾਬੀ ਸਾਹਿਤ ਵਿਚ ਜੇ ਵੇਖਿਆ ਜਾਵੇ ਆਪਣੇ ਪੰਜਾਬ ਵਿੱਚ ਛਪਦੇ ਅਖਬਾਰਾਂ ਤੋਂ ਬਹੁਤ ਅੱਗੇ ਹਨ। ਵਿਦੇਸੀ ਫੇਰੀਆਂ ਦੇ ਦੌਰਾਨ ਆਪ ਨੇ ਅਨੇਕਾਂ ਵਿਦੇਸ਼ੀ ਅਖਬਾਰਾਂ ਨਾਲ ਚੰਗੇ ਸਬੰਧ ਬਣੇ ਜਿਨ੍ਹਾਂ ਵਿਚੋਂ ਸਾਡੇ ਪੰਜਾਬ ਦੇ ਆਨਲਾਈਨ ' ਦੁਆਬਾ ਐਕਸਪ੍ਰੈੱਸ ' ' ਸਾਂਝ ਵਿਰਾਸਤ' ਅਤੇ ਵਿਦੇਸ਼ ਵਿੱਚ ਛਪਣ ਵਾਲੇ ' ਡੇਲੀ ਹਮਦਰਦ' 'ਸਾਂਝੀ ਸੋਚ' 'ਪੰਜਾਬ ਟਾਇਮ ਯੂ ਕੇ ,ਵਰਲਡ ਪੰਜਾਬ ਟਾਇਮ,ਰੋਜ਼ਾਨਾ ਛਪਣ ਵਾਲੇ ਅਖ਼ਬਾਰ ਹਨ।

ਹਫਤਾਵਾਰੀ ਅਖਬਾਰ ਵਿਚ 'ਪ੍ਰੀਤਨਾਮਾ' 'ਸਮਾਜ ਵੀਕਲੀ' 'ਸਾਡੇ ਲੋਕ' 'ਦੇਸ ਦੋਆਬਾ' ਪੰਜਾਬੀ ਸਾਹਿਤ ਤੇ ਖ਼ਬਰਾਂ ਤੋਂ ਇਲਾਵਾ ਇਨ੍ਹਾਂ ਦਾ ਮੁੱਖ ਮਨੋਰਥ ਨਵੇਂ ਲੇਖਕਾਂ ਨੂੰ ਸਥਾਪਤ ਕਰਨਾ ਹੈ। ਇਸ ਗੱਲ ਤੋਂ ਮੈਂ ਵੀ ਭਲੀ ਭਾਂਤ ਜਾਣੂ ਹਾਂ ਕਿ ਅਖਬਾਰਾਂ ਵਿਚ ਰਚਨਾਵਾਂ ਛਪਵਾਉਣ ਲਈ ਬਹੁਤ ਪਾਪੜ ਵੇਲਣੇ ਪੈਂਦੇ ਹਨ। ਬੀਬਾ ਜੀ ਇਕ ਖਾਸ ਗੱਲ ਜੋ ਮੈਨੂੰ ਪੰਜਾਬੀ ਸਾਹਿਤ ਦੇ ਵਿੱਚ ਰੜਕਦੀ ਹੈ,ਉਨੀ ਸੌ ਸੱਤਰ ਅੱਸੀ ਦੇ ਦਹਾਕੇ ਵਿਚ ਜੋ ਵੀ ਕਿਸੇ ਰੂਪ ਵਿੱਚ ਸਾਹਿਤ ਨਾਲ ਜੁੜ ਗਏ ਉਨ੍ਹਾਂ ਨੇ ਸਾਹਿਤ ਸਭਾਵਾਂ ਦੀਆਂ ਨੀਹਾਂ ਰੱਖੀਆਂ ਇੱਕ ਦੂਸਰੇ ਤੋਂ ਇਨਾਮ ਪ੍ਰਾਪਤ ਕਰ ਕੇ ਪੱਕੇ ਲੇਖਕ ਬਣ ਗਏ ਪਰ ਅਸਲ ਵਿੱਚ ਹੈ ਕੁਝ ਨਹੀਂ।ਪੰਜਾਬੀ ਵਿੱਚ ਐੱਮ ਏ ਕਰ ਗਿਆ ਉਸ ਨੇ ਪੀਐੱਚ ਡੀ ਦਾ ਜੁਗਾੜ ਕਰ ਹੀ ਲੈਣਾ ਹੈ ਜਿਸ ਦੇ ਨਾਮ ਦੇ ਅੱਗੇ ਡਾਕਟਰ ਲੱਗ ਗਿਆ ਉਹ ਪੱਕਾ ਹੁੰਦਾ ਨਹੀਂ ਬਣ ਜਾਂਦਾ ਹੈ।ਬੁੱਧ ਸਿੰਘ ਨੀਲੋਂ ਜੀ ਨੇ ਅਜਿਹੇ ਪੀਐੱਚ ਡੀ ਕਰਨ ਵਾਲਿਆਂ ਤੇ ਇਕ ਬਹੁਤ ਖੋਜ ਕਰਕੇ ਕਿਤਾਬ ਲਿਖੀ ਹੈ,ਉਹ ਕਿਸੇ ਬੀ ਪੰਜਾਬੀ ਲੇਖਕ ਨੂੰ ਪੜ੍ਹਨੀ ਚਾਹੀਦੀ ਹੈ ਜਿਸ ਤੋਂ ਪਤਾ ਲੱਗ ਜਾਂਦਾ ਹੈ ਕਿ ਕੌਣ ਡਾਕਟਰ ਹੈ ?ਅੱਜਕੱਲ੍ਹ ਉਹ ਸਾਹਿਤਕ ਮਾਫੀਆ ਦੇ ਉੱਤੇ ਵੀ ਕਿਤਾਬ ਲਿਖ ਰਹੇ ਹਨ ਜਿਸ ਤੋਂ ਪਤਾ ਲੱਗ ਜਾਵੇਗਾ,ਜੇ ਮੈਂ ਆਪਣੇ ਨੇਤਾ ਇੱਕ ਵਾਰ ਕੁਰਸੀ ਤੇ ਬੈਠ ਜਾਣਾ ਕੁਰਸੀ ਛੱਡਣ ਨੂੰ ਤਿਆਰ ਨਹੀਂ ਹੁੰਦੇ ਇਹੋ ਹੀ ਹਾਲ ਲੇਖਕਾਂ ਦਾ ਹੈ ਮੈਂ ਹੈਰਾਨ ਹਾਂ ਤਿੰਨ ਕੁ ਦਹਾਕੇ ਪਹਿਲਾਂ ਪੈਦਾ ਹੋਏ ਕਲਮ ਫੜ ਲਈ ਅਸਰ ਹੋ ਜਾਵੇਗਾ।ਬਾਬਾ ਨਾਨਕ ਜੀ ਦੀ ਖਾਸ ਸਿੱਖਿਆ ਸੀ ਜੋ ਕੰਮ ਦੂਸਰੇ ਤੋਂ ਕਰਵਾਉਣਾ ਚਾਹੁੰਦੇ ਹੋ ਖ਼ੁਦ ਕਰੋ।ਮੈਂ ਅਖਬਾਰਾਂ ਨੂੰ ਰਚਨਾਵਾਂ ਭੇਜਦਾ ਹਾਂ ਉਨ੍ਹਾਂ ਦਾ ਇਹ ਕਹਿਣਾ ਹੁੰਦਾ ਹੈ ਕਿ ਕਵਿਤਾਵਾਂ ਤੇ ਗੀਤ ਨਾ ਭੇਜੋ,ਸਾਹਿਤਕ ਦੇ ਹੋਰ ਅਨੇਕਾਂ ਰੰਗ ਹਨ ਜਿਸ ਤੋਂ ਪੜ੍ਹਨ ਵਾਲੇ ਨੂੰ ਕੋਈ ਸਿੱਖਿਆ ਮਿਲ ਸਕਦੀ ਹੈ ਕਿ ਉਹ ਨਹੀਂ ਲਿਖੇ ਜਾ ਸਕਦੇ।ਬੀਬਾ ਜੀ ਗੱਲਾਂ ਹੋਰ ਵੀ ਬਹੁਤ ਹਨ ਪਰ ਕੇਂਦਰ ਸਰਕਾਰ ਦੀ ਗਲਤੀ ਨਾਲ ਜੋ ਖੇਤੀ ਬਾਰੇ ਕਾਲੇ ਕਾਨੂੰਨ ਬਣਾਏ ਗਏ ਉਸ ਲਈ ਕਿਸਾਨ ਮਜ਼ਦੂਰ ਮੋਰਚੇ ਤੇ ਜਾ ਕੇ ਖੜ੍ਹੇ ਹੋ ਗਏ ਹਨ ਜਿੱਤ ਸਾਹਮਣੇ ਕੰਧ ਤੇ ਉੱਕਰੀ ਹੋਈ ਹੈ ਹੁਣ ਜੋ ਲਿਖਿਆ ਜਾਵੇਗਾ ਮੋਰਚੇ ਤੋਂ ਪਹਿਲਾਂ ਵਾਲੀ ਸਮੱਗਰੀ ਨਹੀਂ ਹੋਵੇਗੀ ਅੱਜ ਸਾਡੇ ਨੌਜਵਾਨ ਜਿਨ੍ਹਾਂ ਨੂੰ ਨਸ਼ੇੜੀ ਕਹਿੰਦੇ ਸਨ ਉਨ੍ਹਾਂ ਨੇ ਹਰ ਰੂਪ ਵਿੱਚ ਇਨਕਲਾਬ ਦਾ ਰਾਹ ਫੜ ਲਿਆ ਹੈ

ਇਹ ਮੇਰਾ ਮਾਂ ਬੋਲੀ ਦੀ ਸੇਵਾ ਘਰ ਆਉਂਦਾ ਇਹ ਮੇਰੀ ਮਾਂ ਬੋਲੀ ਦੀ ਸੇਵਾ ਹੈ ਜੋ ਮੈਨੂੰ ਕਰਕੇ ਬਹੁਤ ਖੁਸ਼ੀ ਹੁੰਦੀ ਹੈ। ਆਕਾਸ਼ਵਾਣੀ ਤੇ ਦੂਰਦਰਸ਼ਨ ਜਲੰਧਰ ਅੱਜਕੱਲ੍ਹ ਮਾਂ ਬੋਲੀ ਪੰਜਾਬੀ ਦਾ ਘਾਣ ਕਰਨ ਤੇ ਉਤਰੇ ਹੋਏ ਹਨ ਉਸ ਨੂੰ ਸੁਧਾਰਨ ਲਈ ਵੀ ਮੇਰੀਆਂ ਕੋਸ਼ਿਸ਼ਾਂ ਹਮੇਸ਼ਾਂ ਜਾਰੀ ਰਹਿਣਗੀਆਂ। ਇਸ ਤਰ੍ਹਾਂ ਮੈਂ ਲੇਖ ਲਿਖਣੇ ਸ਼ੁਰੂ ਕੀਤੇ ਅਤੇ ਛਪਣਾ ਸ਼ੁਰੂ ਹੋ ਗਿਆ।ਹੁਣ ਤੱਕ ਆਪ ਭਾਰਤ ਦੇ ਇੱਕ ਸੱਚੇ ਸਪੂਤ ਵਾਂਗ ਸਮਾਜ ਵਿੱਚ ਫੈਲੀਆਂ ਅਣਗਿਣਤ ਅਲਾਮਤਾ ਜੜੋਂ ਉਖਾੜਨ ਦਾ ਪ੍ਰਣ ਕਰ ਚੁੱਕੇ ਹਨ ਤੇ ਕਾਫੀ ਹੱਦ ਤੱਕ ਉਸ ਵਿੱਚ ਸਫਲ ਵੀ ਹੋਏ ਹਨ। ਰਮੇਸਵਰ ਜੀ ਨੇ ਮਰਚੈਂਟ ਨੇਵੀ ਵਿੱਚੋਂ ਆਪਣੀ ਤਿੰਨ ਦਹਾਕਿਆਂ ਦੀ ਨੌਕਰੀ ਪੂਰੀ ਕਰਨ ਤੋਂ ਬਾਅਦ ਪੰਜਾਬੀ ਮਾਂ ਬੋਲੀ ਅਤੇ ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਕਰਨ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ। ਮੇਰੇ ਵੱਲੋਂ ਵੀ ਉਹਨਾਂ ਨੂੰ ਸੁਭਕਾਮਨਾਵਾਂ ਹਨ।

## ਦਿੱਲੀਏ !



ਅਮਰਜੀਤ ਸਿੰਘ ਅਮਨੀਤ
8872266066

ਅਸੀਂ ਤਾਂ ਹੱਥਾਂ 'ਚ ਰਬਾਬ ਹੀ ਰੱਖਣੀ ਸੀ
ਪਰ ਤੇਰੇ ਕੰਨੀਂ ਸਿੱਕਾ ਢਲ਼ਿਆ ਰਹਿੰਦਾ ਹੈ
ਤੇ ਇਹ ਤੇਰੇ ਦਮਨ ਦੀ ਹੀ ਅਗਨ ਹੈ
ਕਿ ਰਬਾਬ ਇਸਪਾਤੀ ਸ਼ਮਸ਼ੀਰ ਵਿੱਚ ਵਟ ਗਈ
ਰਬਾਬ ਹੁਣ ਵੀ
ਸਾਡੀ ਰੂਹ ਵਿੱਚ ਹੀ ਵੱਸਦੀ ਹੈ, ਗਾਉਂਦੀ ਹੈ
ਪਰ ਦਿੱਲੀਏ ! ਤੂੰ ਸਾਡੀ ਰੂਹ ਨਹੀਂ ਵੇਖਦੀ
ਸਾਡੇ ਹੱਥੀਂ ਸ਼ਮਸ਼ੀਰ ਹੀ ਵੇਖਦੀ
ਤੇ ਇਸ ਨੂੰ ਹਰ ਵਾਰ ਵੰਗਾਰ ਗਰਦਾਨਦੀ

ਦਿੱਲੀਏ !
ਗੁਰੂ ਤੇ ਗੁਰੂ ਦਾ ਫਲਸਫਾ
ਪੌਣ ਵਾਂਗ ਸਾਡੇ ਸੀਨੇ 'ਚ ਵੀ ਹੈ,
ਸਾਡੇ ਦੁਆਲੇ ਵੀ,
ਤੇ ਸਾਡੀ ਕਰਨੀ ਵਿੱਚ ਵੀ
ਪਾਣੀ ਪਿਤਾ ਸਾਡੇ ਖੇਤਾਂ ਦੀ ਤੇ ਸਾਡੀ ਢੋਈ ਹੈ
ਸਾਡੀਆਂ ਧੀਆਂ, ਸਾਡੀਆਂ ਭੈਣਾਂ, ਸਾਡੀਆਂ ਮਾਂਵਾਂ
ਮਾਤਾ ਭਾਗੋਆਂ ਬਣ ਸਾਡੇ ਨਾਲ਼ ਖਲੋਤੀਆਂ ਨੇ
ਤੇ ਸਾਨੂੰ ਹੁਣ ਬੇਦਾਵਾ ਨਹੀਂ ਲਿਖਣ ਦੇਣਗੀਆਂ
ਸਾਡੀ ਸਭ ਦੀ ਮਾਤਾ ਧਰਤ ਹਰ ਵੇਲੇ
ਸਾਡੇ ਅੰਗ ਸੰਗ ਹੈ
ਤੇ ਹਰ ਦਿੱਲੀ 'ਚ ਤੇ ਸਾਡੇ ਖੇਤਾਂ 'ਚ ਸਾਡੇ ਨਾਲ਼ ਹੈ
ਉਹ ਸਾਡੇ ਕਦਮਾਂ ਦੇ ਨਾਲ ਨਾਲ਼ ਤੁਰਦੀ ਹੈ

ਦਿੱਲੀਏ !
ਅਸੀਂ ਫਿਰ ਤੇਰੇ ਵੱਲ ਤੁਰੇ ਹਾਂ
ਦਰਿਆਵਾਂ ਦੇ ਜਾਏ ਦਰਿਆ ਬਣ ਤੁਰੇ ਹਾਂ
ਦਰਿਆਵਾਂ ਅੱਗੇ ਤਖਤ ਵਹਿ ਜਾਣਗੇ
ਸਾਡੇ ਕੰਨਾਂ 'ਚ ਘੋੜਿਆਂ ਦੀਆਂ ਟਾਪਾਂ ਸੁਣਦੀਆਂ ਨੇ
ਸਾਡਾ ਇਤਿਹਾਸ ਸਾਡੇ ਸਿਰ 'ਤੇ ਹੱਥ ਧਰ
ਉਪਦੇਸ਼ ਅਲਾਹ ਰਿਹਾ ਹੈ
ਸਾਡਾ ਜੋਸ਼ ਸਾਡਾ ਪਰਚਮ ਹੈ
ਸਾਡਾ ਵੇਗ ਸਾਡੀ ਸ਼ਮਸ਼ੀਰ ਹੈ
ਸਾਡੀ ਜਿੱਤ ਅਟੱਲ ਹੈ
ਤੇ ਸਾਡੀ ਜਿੱਤ ਦੇ ਜਸ਼ਨ ਨਹੀਂ ਹੁੰਦੇ
ਕਰਤਾਰ ਦੇ ਸ਼ੁਕਰਾਨੇ ਦੀ ਅਰਦਾਸ ਹੁੰਦੀ ਹੈ
ਹਾਰੇ ਹੋਏ ਵੀ ਸਾਡਾ ਅੰਗ ਬਣਦੇ
ਸਾਡੇ ਭਰਾ ਭੈਣ ਬਣਦੇ

ਅਸੀਂ ਅੱਜ ਖੇਤਾਂ ਦੇ ਧੀਆਂ ਪੁੱਤਰ
ਜਦੋਂ ਆਪਣੇ ਖੇਤਾਂ ਦੀ ਪਾਵਨਤਾ ਲਈ ਡਟ ਗਏ ਹਾਂ
ਅਸੀਂ ਹਰ ਧਰਮ ਤੋਂ ਉੱਪਰ ਉੱਠ
ਨਿਰੋਲ ਧਰਤ ਦੇ ਪੁੱਤਰ ਰਹਿ ਗਏ ਹਾਂ
ਸਾਡੇ ਚਿਹਰਿਆਂ 'ਤੇ ਹਰਿਆਵਲ ਹੈ
ਅਸੀਂ ਫਸਲਾਂ ਵਾਂਗ ਲਹਿਲਹਾ ਰਹੇ ਹਾਂ
ਏਕਤਾ ਏਕਤਾ ਦਾ ਗੀਤ ਗਾ ਰਹੇ ਹਾਂ
ਸਾਡੇ ਤਿਲ ਫੁੱਲ ਨਾਲ਼ ਵੀ ਅਤੁੱਟ ਲੰਗਰ ਵਰਤ ਰਹੇ
ਜੂਠੇ ਬਰਤਨ ਮੱਥੇ ਨਾਲ਼ ਛੁਹਾ ਛੁਹਾ ਮਾਂਜੇ ਜਾ ਰਹੇ
ਦੂਰ ਦੇਸ਼ ਦੀਆਂ ਧੀਆਂ ਆਖਦੀਆਂ
ਇਹ ਪੰਜਾਬ ਉਹਨਾਂ ਦੇ ਨੇੜੇ ਕਿਉਂ ਨਹੀਂ ਹੈ ?
ਮਿੱਤਰ ਪਿਆਰਿਓ! ਕੋਈ ਪਿੱਛੇ ਨਹੀਂ ਰਹੇਗਾ
ਅਸੀਂ ਦਿੱਲੀ ਦੇ ਦਰ 'ਤੇ ਚੌਂਕੜਾ ਮਾਰ ਡਟਾਂਗੇ

ਦਿੱਲੀਏ !
ਤੇਰੇ ਜੁਲਮ ਹਰ ਵਾਰੀ ਹਾਰ ਜਾਂਦੇ ਰਹੇ ਨੇ
ਤੂੰ ਜਦੋਂ ਵੀ ਸੋਚਿਆ ਕਿ
ਅਸੀਂ ਸਭ ਕੁਝ ਹਰ ਗਏ
ਅਸੀਂ ਥੱਕ ਟੁੱਟ ਗਏ
ਯਾਦ ਰੱਖ ਅਸੀਂ ਤਾਂ
ਆਪਣੇ ਸਾਰੇ ਯੋਧੇ ਪੁੱਤਰਾਂ ਦੀ ਸ਼ਹੀਦੀ ਸੁਣ ਕੇ
ਪਹਿਲਾਂ ਤੀਰ ਦੀ ਨੋਕ ਨਾਲ਼ ਜੁਲਮ ਦੀ ਜੜ੍ਹ ਪੁੱਟੀ
ਤੇ ਫਿਰ ਇਨ੍ਹਾਂ ਖੇਤਾਂ 'ਚ ਬੈਠਿਆਂ ਨੇ ਹੀ
ਤੈਨੂੰ ਜਫਰਨਾਮਾ ਲਿਖਿਆ ਹੈ
ਚਲੋ ਯੋਧਿਓ ! ਦਿੱਲੀ ਚੱਲੋ
ਅਸੀਂ ਅੱਜ ਨਹੀਂ ਤਾਂ ਕੱਲ੍ਹ ਫਿਰ ਜਫਰਨਾਮਾ ਲਿਖਣਾ ਹੈ
ਅਸੀਂ ਫਿਰ ਜਫਰਨਾਮਾ ਲਿਖਣਾ ਹੈ...

## ਸੁਰਜੀਤ ਪਾਤਰ ਦੀਆਂ ਦੋ ਕਵਿਤਾਵਾਂ



ਸੁਰਜੀਤ ਪਾਤਰ

ਪੰਛੀ ਤਾਂ ਉਡ ਗਏ ਨੇ...
ਪੰਛੀ ਤਾਂ ਉਡ ਗਏ ਨੇ
ਰੁੱਖ ਵੀ ਸਲਾਹਾਂ ਕਰਨ:
ਚਲੋ ਏਥੋਂ ਚੱਲੀਏ
ਘਰ ਘਰ ਪੁੱਤ ਕਹਿਣ:
ਛੱਡ ਬਾਪੂ ਹੁਣ ਕੀ ਏ ਰੱਖਿਆ ਜ਼ਮੀਨ ਵਿਚ
ਵੇਚ ਕੇ ਸਿਆੜ ਚਾਰ
ਕਰ ਕੇ ਜੁਗਾੜ ਕੋਈ
ਚੱਲ ਏਥੋਂ ਚੱਲੀਏ
ਤੂੰ ਨੀ ਸੁਣੇ, ਟਿਕੀ ਰਾਤੇ
ਪਿੰਡ ਦੇ ਉਜਾੜਾਂ ਵਿਚ
ਮੋਏ ਕਿਰਸਾਨ ਸਾਰੇ
ਏਹੀ ਵ੍ਰਿਦਗਾਨ ਗਾਉਂਦੇ
ਚਲੋ ਏਥੋਂ ਚੱਲੀਏ
ਏਹੀ ਹੈ ਵ੍ਰਿੰਦਗਾਨ
ਏਹੀ ਹੈ ਸਮੂਹ-ਗਾਨ
ਚਲੋ ਏਥੋਂ ਚੱਲੀਏ
ਇਹ ਜਿਹੜੇ
ਨਸ਼ਿਆਂ ਦੇ ਉਡਣ-ਖਟੋਲੇ ਵਿਚ ਬੈਠ ਜਾਂਦੇ
ਓਨ੍ਹਾਂ ਨੇ ਵੀ
ਬੱਸ ਏਥੋਂ ਜਾਣ ਦਾ ਹੀ ਰਾਹ ਜਾਣੀਂ ਲੱਭਿਆ
ਤੇ ਇਹ ਜਿਹੜੇ ਕੁੱਖਾਂ ਵਿਚ
ਨਸ਼ਤਰਾਂ ਦੀ ਭਾਸ਼ਾ ਵਿਚ
ਧੀਆਂ ਨੂੰ ਸੁਨੇਹਾ ਦਿੰਦੇ
ਉਹ ਵੀ ਏਹੋ ਆਖਦੇ ਨੇ:
ਏਥੇ ਕਿੱਥੇ ਆ ਗਈਆਂ
ਏਥੇ ਆ ਕੇ ਕੀ ਲੈਣਾਂ
ਤੁਹਮਤਾਂ ਤੇ ਲਾਹਨਤਾਂ
ਵਹਿਸ਼ਤਾਂ ਤੇ ਸ਼ਹਿਵਤਾਂ
ਦਾਗ ਲੈਣ ਦੁੱਖ ਦੇ
ਜਨਾਹ ਦੇ ਤੇਜ਼ਾਬ ਦੇ ?
ਜਾਓ ਜਾਓ
ਚਲੇ ਜਾਓ
ਏਥੇ ਆ ਕੇ ਕੀ ਲੈਣਾਂ
ਜਿਹੜੇ ਏਥੇ ਆਏ ਹੋਏ
ਉਹ ਤਾਂ ਅੱਗੇ ਆਖਦੇ ਨੇ:
ਚਲੋ ਏਥੋਂ ਚੱਲੀਏ
ਏਹੀ ਏਥੇ ਤਾਲ ਹੈ
ਤੇ ਏਹੀ ਏਥੇ ਰਾਗ ਹੈ
ਏਹੀ ਹੈ ਵ੍ਰਿੰਦਗਾਨ
ਏਹੀ ਹੈ ਸਮੂਹ-ਗਾਨ
ਹੈ ਕੋਈ ਕਵੀ ਏਥੇ
ਹੈ ਕੋਈ ਗਮੰਤਰੀ
ਸਾਜ਼ੀਆਂ ਦੀ ਟੋਲੀ ਕੋਈ
ਹੈ ਕੋਈ ਸੰਗੀਤਕਾਰ
ਜਿਹੜਾ ਹੋਰ ਰਾਗ ਛੇੜੇ
ਮੇਰੀ ਏਸ ਧਰਤ ਤੇ ਹਲੇਮੀ ਰਾਜ ਕਾਇਮ ਹੋਵੇ
ਬੇਗਮਪੁਰੇ ਦਾ ਰੂਪ
ਧਰਤ ਮੇਰੀ ਹੋ ਜਾਏ
ਕੋਈ ਨਾ ਰਵਾਣੇ ਕਿਸੇ
ਕਹੇ ਨਾ ਕੋਈ ਵੀ ਏਥੇ
ਚਲੋ ਏਥੋਂ ਚੱਲੀਏ।
ਹਰ ਕੋਈ ਏਹੀ ਆਖੇ:
ਅਸੀਂ ਏਥੇ ਵੱਸਣਾ
ਅਸੀਂ ਏਥੇ ਵੱਸਣਾ
ਅਸੀਂ ਏਸ ਧਰਤ ਨੂੰ ਬਣਾਉਣਾ ਏ ਵਸਣਯੋਗ
ਰਸਣਯੋਗ
ਹੈ ਕੋਈ ਕਵੀ ਏਥੇ
ਹੈ ਕੋਈ ਗਮੰਤਰੀ
ਸਾਜ਼ੀਆਂ ਦੀ ਟੋਲੀ ਕੋਈ
ਹੈ ਕੋਈ ਸੰਗੀਤਕਾਰ ?

### ਮਿੰਨੀ ਕਹਾਣੀ

## ਬਾਪੂ 'ਚੋਂ ਬਚਪਨ



ਬਿਰਧ ਆਸ਼ਰਮ 'ਚ ਬਜ਼ੁਰਗਾਂ ਨੂੰ ਫਲ ਵੰਡ ਕੇ ਘਰ ਦੀ ਦਹਿਲੀਜ਼ ਵੜਦੀ 'ਅਮਨੀ' ਨੇ ਆਪਣੇ ਪਤੀ ਨੂੰ ਪਿਆਰ ਭਰੇ ਲਹਿਜ਼ੇ 'ਚ ਕਿਹਾ, 'ਅੱਜ ਨਵੇਂ ਰੈਸਟੋਰੈਂਟ 'ਚ ਡਿਨਰ ਕਰਨ ਦਾ ਪ੍ਰੋਗਰਾਮ ਬਣਾਇਆ, ਤੁਸੀਂ ਸਮੇਂ ਸਿਰ ਆ ਜਾਣਾ'।'ਬਹੁਤ ਖੂਬ-ਬਹੁਤ ਖੂਬ ਮੇਰਾ ਵੀ ਮਨ ਕਰਦਾ ਸੀ ਕਿ ਇਕ ਦਿਨ ਬਾਪੂ ਜੀ ਨੂੰ ਰੈਸਟੋਰੈਂਟ ਲਿਜਾਵਾਂ' ਗੁਰਪ੍ਰੀਤ ਨੇ ਮੋੜਵੇਂ ਜਵਾਬ 'ਚ ਕਿਹਾ। ਅਮਨੀ ਨੂੰ ਇਹ ਜਵਾਬ ਭਾਵੇਂ ਚੰਗਾ ਨਾ ਲੱਗਾ, ਪਰ ਪਤੀ ਦੀ ਖੁਸ਼ੀ 'ਚ ਓਪਰੀ ਹਾਂ 'ਚ 'ਹਾਂ' ਮਿਲਾਉਂਦੀ ਬੋਲੀ, 'ਠੀਕ ਏ, ਮੈਂ ਉਨ੍ਹਾਂ ਨੂੰ ਵੀ ਤਿਆਰ ਰੱਖਾਂਗੀ।'

ਪਤਨੀ ਦੇ ਉਲੀਕੇ ਪ੍ਰੋਗਰਾਮ ਅਤੇ ਬਾਪੂ ਜੀ ਨੂੰ ਰੈਸਟੋਰੈਂਟ 'ਚ ਰੋਟੀ ਖਿਲਾਉਣ ਦੇ ਚਾਅ 'ਚ ਗੁਰਪ੍ਰੀਤ ਪਹਿਲਾਂ ਤੋਂ ਜਲਦੀ ਘਰ ਆ ਗਿਆ। ਮਿੱਥੇ ਪ੍ਰੋਗਰਾਮ ਤਹਿਤ ਤਿੰਨੋਂ ਰੈਸਟੋਰੈਂਟ 'ਚ ਰਾਤ ਦਾ ਖਾਣਾ ਖਾਣ ਚਲੇ ਗਏ। ਗੁਜ਼ਰੀ ਜੁਆਨੀ ਬਾਅਦ ਅੱਜ ਬਾਪੂ ਕੇਹਰ ਸਿੰਘ ਨੂੰ ਕਿਸੇ ਵੱਡੇ ਰੈਸਟੋਰੈਂਟ ਵਿਚ ਖਾਣਾ ਖਾਣ ਦਾ ਸੁਭਾਗਾ ਮੌਕਾ ਆਉਣ ਕਰਕੇ ਬਹੁਤ ਖੁਸ਼ੀ ਸੀ। ਸਪੁੱਤਰ ਨੇ ਬਾਪੂ ਤੋਂ ਪੁੱਛ ਉਸ ਦੇ ਮਨ-ਪਸੰਦ ਪਕਵਾਨ ਮੰਗਵਾਉਣ ਦਾ ਵੇਟਰ ਨੂੰ ਆਡਰ ਦਿੱਤਾ, ਨੂੰਹ ਨੇ ਮਜਬੂਰਨ ਹਾਂ 'ਚ ਹਾਂ ਮਿਲਾਈ।

ਵੇਟਰ ਪਕਵਾਨ ਲਿਆਇਆ ਗੁਰਪ੍ਰੀਤ ਨੇ ਬਾਪੂ ਦੇ ਸਤਿਕਾਰ 'ਚ ਉਸ ਨੂੰ ਪਹਿਲ ਕਰਨ ਲਈ ਬੇਨਤੀ ਕੀਤੀ। ਸਪੁੱਤਰ ਦੇ ਮਾਣ 'ਚ ਬਾਪੂ ਕੇਹਰ ਸਿੰਘ ਕੰਬਦੇ ਹੱਥਾਂ ਨਾਲ ਪਕਵਾਨ ਦਾ ਭਰਿਆ ਚਮਚ ਮੂੰਹ 'ਚ ਪਾਉਂਦਾ, ਪਰ ਉਸ 'ਚੋਂ ਕੁਝ ਟੇਬਲ 'ਤੇ ਹੀ ਡਿੱਗ ਪੈਂਦਾ, ਕਦੇ ਕੰਬਦੇ ਹੱਥਾਂ ਨਾਲ ਟੇਬਲ ਦੇ ਭਾਂਡੇ ਖੜਕਦੇ, ਕਦੇ ਕੁਝ ਸਮਾਨ ਡਿੱਗ ਜਾਂਦਾ। ਗੁਰਪ੍ਰੀਤ ਨੂੰ ਇਹ ਵੇਖ ਸਭ ਚੰਗਾ ਲੱਗਦਾ, ਪਰ ਅਮਨੀ ਉਲੀਕੀ ਰੂਪ-ਰੇਖਾ 'ਚ ਪਏ ਵਿਘਨ ਤੋਂ ਖਫਾ ਨੱਕ ਚੜ੍ਹਾਉਂਦੀ ਬੋਲੀ, 'ਜਦੋਂ ਤੁਸੀਂ ਜਾਣਦੇ ਸੀ ਕਿ ਬਾਪੂ ਜੀ ਇਥੇ ਆਉਣ ਦੇ ਕਾਬਲ ਨਹੀਂ, ਫਿਰ ਜ਼ਿੱਦ ਕਿਉਂ ਕੀਤੀ, ਕੀ ਅਸਰ ਪੈਂਦਾ ਹੈ ਸੁਸਾਇਟੀ 'ਚ, ਕਿਹੋ ਜਿਹੀਆਂ ਗੱਲਾਂ ਕਰਨਗੇ ਲੋਕ ?'

'ਮੈਂ ਨਹੀਂ ਕੁਝ ਸਮਝਦਾ ਕਿਸੇ ਨੂੰ, ਮੇਰੇ ਲਈ ਤਾਂ ਮੇਰੇ ਬਾਪੂ ਜੀ ਤੋਂ ਵੱਧ ਕੁਝ ਨਹੀਂ,' ਤੂੰ ਨਹੀਂ ਜਾਣਦੀ ਬਾਪੂ ਜੀ ਨੇ ਸਾਡੇ ਲਈ ਕੀ ਕੁਝ ਕੀਤਾ। ਮਾਂ ਦੇ ਵਿਛੋੜੇ ਤੋਂ ਬਾਅਦ ਮਮਤਾ ਅਤੇ ਸਰਪ੍ਰਸਤੀ ਦਿੱਤੀ ਇਨ੍ਹਾਂ ਹੱਡਭੰਨਵੀਂ ਮਿਹਨਤ ਕੀਤੀ, ਆਪਣੇ ਢਿੱਡ ਨੂੰ ਗੰਢ ਮਾਰ ਸਾਨੂੰ ਪਾਲਿਆ-ਪੜ੍ਹਾਇਆ, ਮਹੀਨੇ 'ਚ ਇਕ ਵਾਰ ਢਾਬੇ 'ਤੇ ਰੋਟੀ ਖਿਲਾਉਣ ਲਿਜਾਂਦਾ, ਅਸੀਂ ਬਚਪਨ 'ਚ ਕੁਝ ਰੋੜਦੇ-ਕੁਝ ਖਿਲਾਰਦੇ ਉਸ ਵੇਲੇ ਬਾਪੂ ਜੀ ਸਭ ਕੁਝ ਵੇਖ ਖੁਸ਼ ਹੁੰਦੇ ਸੀ, ਪਰ ਇਨ੍ਹਾਂ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਬਾਪੂ ਜੀ ਦੀ ਬਦੌਲਤ ਐਡੇ ਵੱਡੇ ਰੁਤਬੇ 'ਤੇ ਪੁੱਜਾਂ, ਤਾਂ ਬਾਪੂ ਨੂੰ ਢਾਬਾ ਤਾਂ ਨਹੀਂ ਰੈਸਟੋਰੈਂਟ 'ਚ ਖਾਣਾ ਖਿਲਾਉਣ ਲਿਆਇਆ ਹਾਂ। ਮੈਨੂੰ ਬਚਪਨ ਦੇ ਦਿਨ ਯਾਦ ਆਉਂਦੇ ਨੇ ਕਿ... ਕਹਿੰਦੇ... ਦੀਆਂ ਅੱਖਾਂ ਭਰ ਆਈਆਂ। ਇਹ ਵੇਖ ਲਿਬੜੇ ਹੱਥਾਂ ਨਾਲ ਬਾਪੂ ਨੇ ਹੋਣਹਾਰ ਸਪੁੱਤਰ ਨੂੰ ਦਿਲਾਸਾ ਦਿੱਤਾ। ਪਰ 'ਅਮਨੀ ਤਾਂ ਪਿਉ-ਪੁੱਤਰ ਦੇ ਪਵਿੱਤਰ ਰਿਸ਼ਤੇ ਦੀਆਂ ਤੰਦਾਂ ਨੂੰ ਸਮਝਣੋਂ ਅਸਮਰੱਥ ਸੀ। ਉਹ ਇਹ ਨਾ ਸਮਝੀ ਕਿ ਜੀਵਨ ਸਾਥਣ ਦੇ ਵਿਛੋੜੇ ਨੂੰ ਜਰਦੇ ਬਾਪੂ ਨੇ ਆਪਣੇ ਜੁਆਕਾਂ ਨੂੰ ਕਿਵੇਂ ਪਾਲਿਆ-ਪੜ੍ਹਾਇਆ, ਕਿਉਂਕਿ ਉਸ ਲਈ ਤਾਂ ਗੁਰਪ੍ਰੀਤ ਇਕ ਪਤੀ ਸੀ ਨਾ ਕਿ ਕਿਸੇ ਦਾ ਸਪੁੱਤਰ।

ਆਪਣੇ ਜਿਗਰ ਦੇ ਜਾਏ ਦੇ ਸੁਭਾਅ ਅਤੇ ਸੋਚ ਤੋਂ ਜਾਣੂ ਬਾਪੂ ਨੇ ਕੰਬਦੇ ਹੱਥਾਂ ਨਾਲ ਇਸ਼ਾਰਾ ਕਰਕੇ ਸ਼ਾਂਤ ਰਹਿਣ ਦਾ ਆਦੇਸ਼ ਦਿੱਤਾ। ਗੁਰਪ੍ਰੀਤ ਨੇ ਵੇਟਰ ਤੋਂ ਬਿੱਲ ਮੰਗਵਾਇਆ ਅਤੇ ਅਦਾ ਕਰਕੇ ਟਿੱਪ ਦਿੰਦਾ ਰੈਸਟੋਰੈਂਟ ਤੋਂ ਬਾਹਰ ਨਿਕਲ ਤੁਰਿਆ।

ਉਸ ਦੇ ਜਾਣ ਬਾਅਦ ਰੈਸਟੋਰੈਂਟ 'ਚ ਬੈਠੇ ਲੋਕ ਗੱਲਾਂ ਕਰਨ ਲੱਗੇ 'ਜੇ ਇਹੋ ਜਿਹੇ ਸਪੁੱਤਰ ਹੋਣ ਤਾਂ ਬਿਰਧ ਆਸ਼ਰਮਾਂ 'ਚ ਬਜ਼ੁਰਗਾਂ ਨੂੰ ਰੁਲਣਾ ਨਾ ਪਵੇ' ਕੋਈ ਕਹਿ ਰਿਹਾ ਸੀ ਹੁਣ ਯਤੀਮ ਘਰ ਘੱਟ ਪਰ ਬਿਰਧ ਆਸ਼ਰਮ ਵਧੇਰੇ ਨੇ' ਲੋਕਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਅਮਨੀ ਦੇ ਕੰਨੀ ਪਈਆਂ...।

ਉਸ ਨੂੰ ਅਹਿਸਾਸ ਹੋਇਆ ਗੁਰਪ੍ਰੀਤ ਨੇ ਬਜ਼ੁਰਗ ਬਾਪੂ ਦੇ ਕੰਬਦੇ ਹੱਥਾਂ 'ਚੋਂ ਆਪਣੇ ਬਚਪਨ ਨੂੰ ਵੇਖਿਆ ਹੈ।

**-ਬਲਜੀਤ ਸਿੰਘ ਢਿੱਲੋਂ**
**ਮੋਬਾਈਲ : 94178-70492**

# ਸੂਬੇ ਵਿਚ ਲਗਭਗ 28-29 ਹਜਾਰ ਅਹੁਦਿਆਂ ਦੀ ਭਰਤੀ ਦਾ ਨਤੀਜਾ ਆਉਣ ਵਾਲੇ 8 ਦਿਨਾਂ ਵਿਚ ਕੀਤਾ ਜਾਵੇਗਾ ਐਲਾਨ : ਮੁੱਖ ਮੰਤਰੀ ਮਨੋਹਰ ਲਾਲ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬੇ ਵਿਚ ਲਗਭਗ 28 -29 ਹਜਾਰ ਅਹੁਦਿਆਂ ਦੀ ਭਰਤੀ ਦਾ ਨਤੀਜਾ ਆਉਣ ਵਾਲੇ 8 ਦਿਨਾਂ ਵਿਚ ਐਲਾਨ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਦੇ ਪਿਛਲੇ ਸਾਢੇ 9 ਸਾਲ ਦੇ ਕਾਰਜਕਾਲ ਦੌਰਾਨ ਕੀਤੀ ਗਈ ਭਰਤੀਆਂ ਦਾ ਆਂਕੜਾ ਪਿਛਲੀ ਸਰਕਾਰ ਵੱਲੋਂ 10 ਸਾਲ ਵਿਚ ਕੀਤੀ ਗਈ ਭਰਤੀਆਂ ਤੋਂ ਕਿਤੇ ਵੱਧ ਹੈ। ਮੌਜੂਦਾ ਸਰਕਾਰ ਨੇ ਗਰੁੱਪ ਸੀ ਤੇ ਡੀ ਅਹੁਦਿਆਂ 'ਤੇ ਭਰਤੀ ਲਈ ਪ੍ਰੀਖਿਆ ਪ੍ਰਕ੍ਰਿਆ ਨੂੰ ਸਰਲ ਕਰਦੇ ਹੋਏ ਸੀਈਟੀ ਦਾ ਪ੍ਰਾਵਧਾਨ ਲਾਗੂ ਕੀਤਾ। ਸੀਈਟੀ ਨੂੰ ਲਾਗੂ ਕਰਨ ਦਾ ਟੀਚਾ ਇੰਟਰਵਿਊ ਦੀ ਵਿਵਸਥਾ ਨੂੰ ਖਤਮ ਕਰਨਾ ਅਤੇ ਮੈਰਿਟ ਆਧਾਰ 'ਤੇ ਯੋਗ ਨੌਜੁਆਨਾਂ ਦਾ ਚੋਣ ਕਰਨਾ ਹੈ।

ਮੁੱਖ ਮੰਤਰੀ ਅੱਜ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੇ ਦੂਜੇ ਦਿਨ ਰਾਜਪਾਲ ਦੇ ਭਾਸ਼ਨ 'ਤੇ ਜਵਾਬ ਦੇ ਰਹੇ ਸਨ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਹਿਲਾਂ ਤੋਂ ਠੇਕੇਦਾਰਾਂ ਰਾਹੀਂ ਅਸਥਾਈ ਨੌਕਰੀ 'ਤੇ ਲੱਗੇ ਕਰਮਚਾਰੀਆਂ ਨੂੰ ਠੇਕੇਦਾਰਾਂ ਦੇ ਸ਼ੋਸ਼ਨ ਤੋਂ ਬੱਚਣ ਲਈ ਸਰਕਾਰ ਨੇ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਬਣਾਇਆ ਹੈ। ਇਸ ਦੇ ਰਾਹੀਂ ਆਊਟਸੋਰਸਿੰਗ ਨੌਕਰੀ ਨੌਜੁਆਨਾਂ ਨੂੰ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਈਪੀਐਫ, ਈਐਸਆਈ ਸਮੇਤ ਹੋਰ ਲਾਭ ਦਿੱਤੇ ੧ਾ ਰਹੇ ਹਨ। ਇਸ ਤੋਂ ਇਲਾਵਾ, ਆਊਟਸੋਰਸਿੰਗ 'ਤੇ ਪਹਿਲਾਂ ਤੋਂ ਲੱਗੇ ਲਗਭਗ 1 ਲੱਖ 8 ਹਜਾਰ ਕਰਮਚਾਰੀਆਂ ਨੂੰ ਨਿਗਮ ਵਿਚ ਪੋਰਟ ਕੀਤਾ ਗਿਆ ਹੈ। ਨਿਗਮ ਵਿਚ ਪਾਰਦਰਸ਼ੀ ਢੰਗ ਨਾਲ ਨੌਜੁਆਨਾਂ ਦਾ ਚੋਣ ਕੀਤਾ ਜਾਂਦਾ ਹੈ।

ਉਨ੍ਹਾਂ ਨੇ ਕਿਹਾ ਕਿ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਸਬੰਧਿਤ ਵਿਭਾਗ ਵੱਲੋਂ ਜਰੂਰਤ ਅਨੁਸਾਰ ਕਰਮਚਾਰੀਆਂ ਦੀ ਜੋ ਮੰਗ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਨੂੰ ਭੇਜੀ ਗਈ ਹੈ, ਉਸ ਮੰਗ ਵਿਚ ਵਿਭਾਗ ਕਰਮਚਾਰੀਆਂ ਦੇ ਚੋਣ ਤੋਂ ਪਹਿਲਾਂ ਬਦਲਾਅ ਕਰ ਸਕਦਾ ਹੈ। ਚੋਣ ਹੋਣ ਬਾਅਦ ਵਿਭਾਗ ਨੂੰ ਕਰਮਚਾਰੀ ਨੂੰ ਜੁਆਇੰਨ ਕਰਵਾਉਣਾ ਜਰੂਰੀ ਹੋਵੇਗਾ। ਇਸ ਤੋਂ ਇਲਾਵਾ, ਸਬੰਧਿਤ ਜਿਲ੍ਹਾ ਅਤੇ ਸਬੰਧਿਤ ਬਲਾਕ ਵਿਚ ਰਹਿਣ ਵਾਲੇ ਨੌਜੁਆਨਾਂ ਨੂੰ ਹੀ ਨੌਕਰੀ ਦੇਣ ਲਈ



ਉਨ੍ਹਾਂ ਨੌ੧ਆਨਾਂ ਦਾ ਚੋਣ ਕੀਤਾ ਜਾਵੇਗਾ। ਜਿਲ੍ਹੇ ਤੋਂ ਬਾਹਰ ਕਿਸੇ ਨੂੰ ਨੌਕਰੀ ਨਹੀਂ ਦਿੱਤੀ ਜਾਵੇਗੀ।

**ਪਿਛਲੇ ਸਾਢੇ 9 ਸਾਲਾਂ ਵਿਚ ਨਿਜੀ ਖੇਤਰ ਵਿਚ 30 ਤੋਂ ਵੱਧ ਲੋਕਾਂ ਨੂੰ ਰੁਜਗਾਰ ਦੇ ਮੌਕੇ ਉਪਲਬਧ ਕਰਵਾਏ**

ਸ੍ਰੀ ਮਨੋਹਰ ਲਾਲ ਨੇ ਵਿਰੋਧੀ ਧਿਰ ਵੱਲੋਂ ਬੇਰੁਜਗਾਰੀ ਦੇ ਆਂਕੜੇ ਪੇਸ਼ ਕਰਨ 'ਤੇ ਕਟਾਕਸ਼ ਕਰਦੇ ਹੋਏ ਕਿਹਾ ਕਿ ਵਿਰੋਧੀ ਧਿਰ ਦਾ ਧੰਨਵਾਦ ਹੈ ਕਿ ਉਹ 36 ਫੀਸਦੀ ਤੋਂ 9 ਫੀਸਦੀ 'ਤੇ ਆ ਗਏ ਹਨ। ਵਿਰੋਧੀ ਸੀਐਮਆਈਈ ਦੇ ਆਂਕੜੇ ਦਿਖਾਉਂਦਾ ਹੈ। ਸੀਐਮਆਈਈ ਨੇ ਦਸੰਬਰ 2016 ਵਿਚ ਹਰਿਆਣਾ ਵਿਚ 2.6 ਫੀਸਦੀ ਦਿਖਾਈ। ਬਾਅਦ ਵਿਚ 37 ਫੀਸਦੀ ਤਕ ਦਿਖਾਈ। ਅਕਤੂਬਰ-ਦਸੰਬਰ 2023 ਵਿਚ ਸੀਐਮਆਈਈ ਨੇ 8.6 ਫੀਸਦੀ ਬੇਰੁਜਗਾਰੀ ਦਿਖਾਈ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਪਰਿਵਾਰ ਪਹਿਚਾਣ ਪੱਤਰ ਬਣਾਇਆ ਹੈ, ਜਿਸ ਵਿਚ ਲੋਕਾਂ ਨੇ ਖੁਦ ਨੂੰ ਬੇਰੁਜਗਾਰ ਐਲਾਨ ਕੀਤਾ ਹੈ। ਉਸ ਡਾਟਾ ਅਨੁਸਾਰ 7.5 ਤੋਂ 8 ਫੀਸਦੀ ਬੇਰੁਜਗਾਰੀ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਢੇ 9 ਸਾਲਾਂ ਵਿਚ ਨਿਜੀ ਖੇਤਰ ਵਿਚ 30 ਲੱਖ ਤੋਂ ਵੱਧ ਲੋਕਾਂ ਨੂੰ ਰੁਜਗਾਰ ਦੇ ਮੌਕੇ ਉਪਲਬਧ ਕਰਵਾਏ ਹਨ। ਸੂਬੇ ਵਿਚ ਲਗਾਤਾਰ ਨਿਵੇਸ਼ ਵੱਧ ਰਿਹਾ ਹੈ, ਨਤੀਜੇਵਜੋ ਉਦਯੋਗਾਂ ਵਿਚ ਵੀ ਵਾਧਾ ਹੋ ਰਿਹਾ ਹੈ ਅਤੇ ਨੌਜੁਆਨਾਂ ਲਈ ਰੁਜਗਾਰ ਦੇ ਮੌਕੇ ਵੱਧ ਰਹੇ ਹਨ। ਵੱਡੇ ਸੂਬਿਆਂ ਵਿਚ ਪ੍ਰਤੀ ਵਿਅਕਤੀ ਜੀਐਸਟੀ ਕਲੈਕਸ਼ਨ ਦੇ ਮਾਮਲੇ ਵਿਚ ਹਰਿਆਣਾ ਪਹਿਲੇ ਨੰਬਰ 'ਤੇ ਹੈ।

ਹਰਿਆਣਾ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ ਦੇ ਸਬੰਧ ਵਿਚ ਬੋਲਦੇ ਹੋਏ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਚੇਅਰਮੈਨ ਦਾ ਸਿਲੇਕਸ਼ਨ ਇਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ। ਸ੍ਰੀ ਨੰਦ ਲਾਲ ਸ਼ਰਮਾ ਕਈ ਸਾਲਾਂ ਤਕ ਐਸ੧ਵੀਐਨ ਬਿਜਲੀ ਵਿਭਾਗ ਦੇ ਚੇਅਰਮੈਨ ਰਹੇ। ਉਹ ਕੁੱਝ ਸਮੇਂ ਲਈ ਬੀਬੀਐਮਬੀ ਦੇ ਵੀ ਚੇਅਰਮੈਨ ਰਹੇ। ਛਤੀਸਗੜ੍ਹ ਵਿਚ ਉਨ੍ਹਾਂ ਨੇ ਇਕ ਤਾਪ ਬਿਜਲੀ ਪਲਾਂਟ ਵੀ ਸਥਾਪਿਤ ਕੀਤਾ, ਇਸ ਖੇਤਰ ਵਿਚ ਉਨ੍ਹਾਂ ਦਾ ਤਜਰਬਾ ਕਿਤੇ ਵੱਧ ਹੈ।

**ਭ੍ਰਿਸ਼ਟਾਚਾਰ ਸਾਹਮਣੇ ਆਉਣ 'ਤੇ ਸਰਕਾਰ ਨੇ ਕੀਤੀ ਤੁਰੰਤ ਕਾਰਵਾਈ**

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਜਿੱਥੇ ਕਿਤੇ ਵੀ ਭ੍ਰਿਸ਼ਟਾਚਾਰ ਸਾਹਮਣੇ ਆਇਆ ਹੈ, ਅਸੀਂ ਸਪਸ਼ਟ ਕਾਰਵਾਈ ਕੀਤੀ ਹੈ। ਸੰਵਿਧਾਨ ਦੇ ਅਨੁਛੇਦ 311 ਤਹਿਤ ਅਨਿਲ ਨਾਗਰ ਐਚਸੀਐਸ ਅਧਿਕਾਰੀ ਨੂੰ ਬਰਖਾਸਤ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਰੇਲਵੇ ਦੀ ਭਰਤੀ ਨਾਲ ਸਬੰਧਿਤ ਇਕ ਪ੍ਰਸ਼ਾਸਨਿਕ ਅਧਿਕਾਰੀ ਦਾ ਸੂਬਾ ਸਰਕਾਰ ਦੀ ਭਰਤੀ ਏਜੰਸੀਆਂ ਵਿਚ ਸਕੱਤਰਸੰਸੁਕਤ ਸਕੱਤਰ ਦੇ ਅਹੁਦੇ 'ਤੇ ਤੈਨਾ ਕੀਤਾ ਹੈ, ਜਿਸ ਕੰਮ ਸਿਰਫ ਆਫੀਸ਼ਿਅਲ ਕਾਰਜ ਕਰਨਾ ਹੈ। ਪ੍ਰੀਖਿਆ ਲਾਲ ਸਬੰਧਿਤ ਸਾਰੇ ਕੰਮਾਂ ਲਈ ਭਰਤੀ ਏ੧ਸੀ ਦਾ ਚੇਅਰਮੈਨ ਇੰਚਾਰਜ ਹੁੰਦਾ ਹੈ। ਸਚਿਵਸੰਯੁਕਤ ਸਕੱਤਰ ਦਾ ਗੁਪਤਤਾ ਕੰਮਾਂ ਲਾਲ ਕੋਈ ਸਬੰਧ ਨਹੀਂ ਹੈ।

**ਸੂਬੇ ਵਿਚ ਬਿਜਲੀ ਸਰਪਲੱਸ, ਬਿਜਲੀ ਕੰਪਨੀਆਂ ਮੁਨਾਫੇ ਵਿਚ**

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਿਛਲੀ ਸਰਕਾਰ ਦੇ ਸਮੇਂ ਸੂਬੇ ਦੀ ਬਿਜਲੀ ਕੰਪਨੀਆਂ 'ਤੇ 31 ਹਜਾਰ ਕਰੋੜ ਰੁਪਏ ਦਾ ਘਾਟਾ ਸੀ। ਮੌਜੂਦਾ ਸਰਕਾਰ ਨੇ ਲਗਾਤਾਰ ਯਤਨ ਕਰਦੇ ਹੋਏ ਇੰਨ੍ਹਾਂ ਕੰਪਨੀਆਂ ਨੂੰ ਅੱਜ ਲਾਭ ਦੀ ਸਥਿਤੀ ਵਿਚ ਪਹੁੰਚਾਇਆ ਹੈ। ਇਹ ਪਹਿਲੀ ਵਾਰ ਹੈ ਕਿ ਹਰਿਆਣਾ ਦੀ 2 ਬਿਜਲੀ ਕੰਪਨੀਆਂ ਅੱਜ ਏ ਪਲੱਸ ਕੈਟੇਗਰੀ ਵਿਚ ਆ ਗਈਆਂ ਹਨ। ਹਰਿਆਣਾ ਵਿਚ ਅੱਜ ਬਿਜਲੀ ਸਰਪਲੱਸ ਹੈ ਅਤੇ ਪਿਛਲੇ ਸਾਢੇ 9 ਸਾਲਾਂ ਵਿਚ ਵੀ ਬਿਜਲੀ ਦੀਆਂ ਦਰਾਂ ਵਿਚ ਕੋਈ ਵਾਧਾ ਵੀ ਨਹੀਂ ਕੀਤਾ ਗਿਆ ਹੈ, ਇਹ ਵੱਡੀ ਉਪਲਬਧੀ ਹੈ। ਸੂਬੇ ਦੇ 5898 ਪਿੰਡਾਂ ਵਿਚ 24 ਘੰਟੇ ਬਿਜਲੀ ਦੀ ਸਪਲਾਈ ਕੀਤੀ ੧ਾ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਯਮੁਨਾਨਗਰ ਵਿਚ 800 ਮੇਗਾਵਾਟ ਦਾ ਥਰਮਲ ਪਾਵਰ ਪਲਾਂਟ ਲਗਾਇਆ ਜਾਵੇਗਾ, ਜਿਸ ਦੇ ਲਈ ਟੈਂਡਰ ਹੋ ਚੁੱਕਾ ਹੈ। ਇਸ ਤੋਂ ਇਲਾਵਾ, ਉੜੀਸਾ ਵਿਚ ਸਥਾਪਿਤ ਕੀਤੇ ਜਾ ਰਹੇ ਪਾਵਰ ਪਲਾਂਟ ਲਾਲ ਵੀ 800 ਮੇਗਾਵਾਟ ਬਿਜਲੀ ਹਰਿਆਣਾ ਨੂੰ ਮਿਲ ਲਈ ਐਮਓਯੂ ਕੀਤਾ ਗਿਜਾ

## ਰਾਜ ਅਧਿਆਪਕ ਸਿਖਿਆ ਉਨੱਤ ਅਧਿਐਨ ਸੰਸਥਾਨ ਦੇ ਨਿਰਮਾਣ ਲਈ 15 ਕਰੋੜ ਰੁਪਏ ਦੀ ਰਕਮ ਕੀਤੀ ਜਾਰੀ - ਮੁੱਖ ਮੰਤਰੀ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਝੱਜਰ ਵਿਚ ਰਾਜ ਅਧਿਆਪਕ ਸਿਖਿਆ ਉਨੱਤ ਅਧਿਐਨ ਸੰਸਥਾਨ ਦੇ ਨਵੇਂ ਭਵਨ ਲਈ ਜਮੀਨ ਲਈ ਜਾ ਚੁੱਕੀ ਹੈ ਅਤੇ ਭਵਨ ਦਾ ਡਿਜਾਇਨ ਅਗਸਤ, 2023 ਵਿਚ ਅਪਰੂਵਡ ਕੀਤਾ ਜਾ ਚੁੱਕਾ ਹੈ। ਇਸ ਦਾ ਨਿਰਮਾਣ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਵਿਭਾਗ ਵੱਲੋਂ ਕੀਤਾ ਜਾਵੇਗਾ। ਇਸ ਦੇ ਲਈ ਸਰਕਾਰ ਵੱਲੋਂ 15 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੇ ਦੂਜੇ ਦਿਨ ਸੁਆਲ ਸਮੇਂ ਦੌਰਾਨ ਇਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ।ਸ੍ਰੀ ਮਨੋਹਰ ਲਾਲ ਨੇ ਸਦਨ ਨੂੰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸੂਬਾ ਅਧਿਆਪਕ ਸਿਖਿਆ ਉਨੱਤ ਅਧਿਐਨ ਸੰਸਥਾਨ ਪਹਿਲਾਂ ਸਕੂਲ ਸਿਖਿਆ ਵਿਭਾਗ ਤਹਿਤ ਸੀ, ਫਿਰ ਇਸ ਸੰਸਥਾਨ ਨੂੰ ਉੱਚੇਰੀ ਸਿਖਿਆ ਵਿਭਾਗ ਦੇ ਅਧੀਨ ਲਿਆਇਆ ਗਿਆ।ਉਨ੍ਹਾਂ ਨੇ ਕਿਹਾ ਕਿ ਪਹਿਲਾਂ ਇਸ ਸੰਸਥਾਨ ਨੂੰ ਗੁਰੂਗ੍ਰਾਮ ਵਿਚ ਸ਼ਿਫਟ ਕਰਨ ਦੀ ਵੀ ਮੰਗ ਆਈ ਸੀ, ਪਰ ਅਸੀਂ ਫੈਸਲਾ ਕੀਤਾ ਕਿ ਝੱਜਰ ਦੇ ਸੰਸਥਾਨ ਨੂੰ ਸ਼ਿਫਟ ਨਈਂ ਕੀਤਾ ਜਾਵੇਗਾ, ਸਗੋ ਗੁਰੂਗ੍ਰਾਮ ਵਿਚ ਵੱਖ ਤੋਂ ਸੰਸਥਾਨ ਸਥਾਪਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਸਰਕਾਰ ਵੱਲੋਂ ਕੁਰੂਕਸ਼ੇਤਰ ਵਿਚ ਵੀ ਰਾਜ ਅਧਿਆਪਕ ਸਿਖਿਆ ਉਨੱਤ ਅਧਿਐਨ ਸੰਸਥਾਨ ਬਣਾਇਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਤਕ ਰਾਜ ਅਧਿਆਪਕ ਸਿਖਿਆ ਉਨੱਤ ਅਧਿਐਨ ਸੰਸਥਾਨ, ਝੱਜਰ ਦੀ ਮਾਨਤਾ ਦਾ ਵਿਸ਼ਾ ਹੈ, ਤਾਂ ਸੰਸਥਾਨ ਦੀ ਮਾਨਤਾ ਮੁੜ ਪ੍ਰਾਪਤ ਕਰ ਲਈ ਜਾਵੇਗੀ। ਕੌਮੀ ਸਿਖਿਆ ਨੀਤੀ-2020 ਅਨੁਸਾਰ ਇਸ ਸੰਸਥਾਨ ਲਈ ਜੋ ਵੀ ਜਰੂਰੀ ਹੋਵੇਗਾ ਉਹ ਸੱਭ ਪ੍ਰਕ੍ਰਿਆਵਾਂ ਪੂਰੀਆਂ ਕੀਤੀਆਂ ਜਾਣਗੀਆਂ।

# ਕਿਸਾਨਾਂ ਦਾ ਮਸਲਾ ਤੁਰੰਤ ਹੱਲ ਕਰਨ ਪੰਜਾਬ ਅਤੇ ਕੇਂਦਰ ਸਰਕਾਰ: ਜਥੇਦਾਰ ਦਾਦੂਵਾਲ

**ਗੂਹਲਾ ਚੀਕਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਕਿਸਾਨ ਆਪਣੇ ਹੱਕਾਂ ਦੀ ਗੱਲ ਕਰ ਰਹੇ ਹਨ ਅਤੇ ਡਿੱਬਰੂਗੜ੍ਹ ਭੇਜੇ ਸਿੱਖ ਨਸ਼ਾ ਛੁਡਵਾ ਕੇ ਨੌਜਵਾਨਾਂ ਨੂੰ ਗੁਰੂ ਨਾਲ ਜੋੜ ਰਹੇ ਸਨ, ਇਸ ਵਿੱਚ ਕੋਈ ਗੁਨਾਹ ਵਾਲੀ ਗੱਲ ਨਹੀਂ। ਉਨ੍ਹਾਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਇਨ੍ਹਾਂ ਦੋਵੇਂ ਮਸਲਿਆਂ ਨੂੰ ਤੁਰੰਤ ਹੱਲ ਕਰਨ ਦੀ ਅਪੀਲ ਕੀਤੀ ਹੈ।

ਇਕ ਬਿਆਨ ਜਾਰੀ ਕਰਦਿਆਂ ਉਨ੍ਹਾਂ ਕਿਹਾ ਕੇ ਪਹਿਲਾਂ ਵੀ ਦਿੱਲੀ ਵਿੱਚ ਲੱਗੇ ਕਿਸਾਨ ਮੋਰਚੇ ਦੌਰਾਨ 750 ਦੇ ਕਰੀਬ ਕਿਸਾਨਾਂ ਦੀਆਂ ਜਾਨਾਂ ਚੱਲੀਆਂ ਗਈਆਂ ਸਨ।



ਹੁਣ ਵੀ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ 'ਤੇ ਕਈ ਕਿਸਾਨਾਂ ਦੀ ਜਾਨ ਜਾ ਚੁੱਕੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਨਾਲ ਕੀਤਾ ਜਾ ਰਿਹਾ ਹਮਲਾ ਬਹੁਤ ਦੁਖਦਾਈ ਹੈ। ਕਿਸਾਨ ਕੋਈ ਚੋਰ, ਡਾਕੂ ਜਾਂ ਅਤਿਵਾਦੀ ਨਹੀਂ ਹਨ, ਜਿਨ੍ਹਾਂ ਨਾਲ ਅਜਿਹਾ ਵਰਤਾਓ ਕੀਤਾ ਜਾ ਰਿਹਾ ਹੈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਨੂੰ ਮਿਲ ਕੇ ਕਿਸਾਨਾਂ ਦਾ ਮਸਲਾ ਹੱਲ ਕਰਨਾ ਚਾਹੀਦਾ ਹੈ। ਉਥੇ ਹੀ ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਿੱਖ ਨੌਜਵਾਨਾਂ ਨੂੰ ਪਿਛਲੇ ਸਮੇਂ ਪੰਜਾਬ ਦੀ ਧਰਤੀ ਤੋਂ ਗ੍ਰਿਫਤਾਰ ਕਰ ਕੇ ਐੱਨਐੱਸਏ ਵਰਗੀਆਂ ਸਖ਼ਤ ਧਾਰਾਵਾਂ ਲਾ ਕੇ ਅਸਾਮ ਦੀ ਡਿੱਬਰੂਗੜ੍ਹ ਜੇਲ੍ਹ ਵਿੱਚ ਬੰਦ ਕੀਤਾ ਗਿਆ ਅਤੇ ਉੱਥੇ ਉਨ੍ਹਾਂ ਨਾਲ ਬਹੁਤ ਮਾੜਾ ਵਰਤਾਓ ਕੀਤਾ ਜਾ ਰਿਹਾ, ਜੋ ਕਿ ਅਣਮਨੁੱਖੀ ਵਰਤਾਰਾ ਹੈ। ਇਸ ਲਈ ਪੰਜਾਬ ਅਤੇ ਕੇਂਦਰ ਸਰਕਾਰ ਇਨ੍ਹਾਂ ਸਿੱਖ ਨੌਜਵਾਨਾਂ ਨੂੰ ਐੱਨਐੱਸਏ ਹਟਾ ਕੇ ਤੁਰੰਤ ਰਿਹਾਅ ਕਰੇ।

# ਅਣਪਛਾਤੇ ਪੋਕਲੇਨ ਚਾਲਕਾਂ ਖ਼ਿਲਾਫ਼ ਕੇਸ ਦਰਜ



**ਅੰਬਾਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੁਲੀਸ ਨੂੰ ਧਰਨੇ ਦੌਰਾਨ ਕਿਸਾਨਾਂ ਵੱਲੋਂ ਪੋਕਲੇਨ ਮਸ਼ੀਨ ਦੀ ਵਰਤੋਂ ਕਰਕੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਖਦਸ਼ਾ ਹੈ। ਗੁਪਤ ਸੂਚਨਾ ਮਿਲੀ ਹੈ ਕਿ ਕਿਸਾਨ ਪੁਲੀਸ ਵੱਲੋਂ ਲਾਏ ਗਏ ਨਾਕੇ ਤੋੜਨ ਲਈ ਪੋਕਲੇਨ ਮਸ਼ੀਨ, ਜੇਸੀਬੀ ਅਤੇ ਹੋਰ ਭਾਰੀ ਮਸ਼ੀਨਾਂ ਦੀ ਵਰਤੋਂ ਕਰ ਸਕਦੇ ਹਨ। ਇਸ ਸਬੰਧੀ ਪੁਲੀਸ ਪ੍ਰਸ਼ਾਸਨ ਨੇ ਦੋ ਸ਼ੱਕੀ ਅਣਪਛਾਤੇ ਪੋਕਲੇਨ ਚਾਲਕਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਸੂਚਨਾ ਮਿਲੀ ਹੈ ਕਿ ਸ਼ੱਕੀ ਅਣਪਛਾਤੇ ਪੋਕਲੇਨ ਚਾਲਕ ਮਸ਼ੀਨ ਚਲਾ ਕੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਸ ਸਬੰਧ ਵਿੱਚ ਅੰਬਾਲਾ ਪੁਲੀਸ ਵੱਲੋਂ ਸ਼ੱਕੀ ਅਣਪਛਾਤੇ ਪੋਕਲੇਨ ਚਾਲਕਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਪੁਲੀਸ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕਿਸਾਨ ਅੰਦੋਲਨ ਦੌਰਾਨ ਜੇ ਅੰਦੋਲਨਕਾਰੀਆਂ ਵੱਲੋਂ ਟਰੱਕ, ਟਰਾਲੀ, ਬੱਸ, ਹੈਵੀ ਕੰਟੇਨਰ ਜਾਂ ਜੇਸੀਬੀ, ਹਾਈਡਰਾ ਮਸ਼ੀਨ, ਰੋਡ ਰੋਲਰ, ਪੋਕਲੇਨ ਜਾਂ ਕੋਈ ਹੋਰ ਭਾਰੀ ਵਾਹਨ ਵਰਤਿਆ ਜਾਂਦਾ ਹੈ ਤਾਂ ਉਸ ਵਾਹਨ ਨੂੰ ਜ਼ਬਤ ਕਰਕੇ ਅਣ-ਰਜਿਸਟਰਡ ਕਰ ਦਿੱਤਾ ਜਾਵੇਗਾ।

# ਕਿਸਾਨਾਂ ਨੇ ਅਜ਼ੀਜ਼ਪੁਰ ਟੌਲ ਪਲਾਜ਼ੇ ਨੂੰ ਪਰਚੀ ਮੁਕਤ ਕੀਤਾ

**ਬਨੂੜ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਬਨੂੜ-ਜ਼ੀਰਕਪੁਰ ਕੌਮੀ ਮਾਰਗ 'ਤੇ ਪੈਂਦੇ ਪਿੰਡ ਅਜ਼ੀਜ਼ਪੁਰ ਦੇ ਟੌਲ ਪਲਾਜ਼ੇ ਉੱਤੇ ਕਿਸਾਨਾਂ ਦਾ ਧਰਨਾ ਅੱਜ ਦੂਜੇ ਦਿਨ ਵੀ ਜਾਰੀ ਰਿਹਾ। ਸਾਰੇ ਛੋਟੇ-ਵੱਡੇ ਵਾਹਨ ਅੱਜ ਵੀ ਸਾਰਾ ਦਿਨ ਬਿਨਾਂ ਟੌਲ ਦੀ ਅਦਾਇਗੀ ਕੀਤੇ ਲੰਘਦੇ ਰਹੇ। ਕਿਸਾਨ ਆਗੂਆਂ ਨੇ ਦੱਸਿਆ ਕਿ ਇਹ ਧਰਨਾ 25 ਫਰਵਰੀ ਨੂੰ ਸ਼ਾਮ ਤੱਕ ਇਸੇ ਤਰ੍ਹਾਂ ਜਾਰੀ ਰਹੇਗਾ।

ਇਸ ਮਗਰੋਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਜਾਣ ਵਾਲੇ ਅਗਲੇ ਪ੍ਰੋਗਰਾਮ ਅਨੁਸਾਰ ਅਗਲਾ ਫ਼ੈਸਲਾ ਲਿਆ ਜਾਵੇਗਾ। ਕਿਸਾਨਾਂ ਨੇ ਅੱਜ ਦਿੱਲੀ ਅਤੇ ਹਰਿਆਣਾ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ।

ਟੌਲ ਪਲਾਜ਼ੇ ਵਿੱਚ ਦਿੱਤੇ ਧਰਨੇ ਵਿੱਚ ਅੱਜ ਐੱਸਕੇਐੱਮ ਦੇ ਆਗੂ ਪ੍ਰੇਮ ਸਿੰਘ ਭੰਗੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਕੇਂਦਰ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਕੇਂਦਰ ਨੇ ਕਿਸਾਨਾਂ ਨਾਲ ਵਾਅਦਾਖ਼ਿਲਾਫ਼ੀ ਕੀਤੀ ਹੈ।

_ਉਨ੍ਹਾਂ ਹਰਿਆਣਾ ਪੁਲੀਸ ਵੱਲੋਂ ਸਾਂਤਮਈ ਸੰਘਰਸ਼ ਲਈ ਦਿੱਲੀ ਜਾ ਰਹੇ ਕਿਸਾਨਾਂ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਰੋਕਣ ਅਤੇ ਉਨ੍ਹਾਂ ਉੱਤੇ ਅੱਥਰੂ ਗੈਸ ਦੇ ਗੋਲੇ ਛੱਡਣ ਦੀ ਨਿੰਦਾ ਕੀਤੀ। ਉਨ੍ਹਾਂ ਦੱਸਿਆ ਕਿ ਐੱਸਕੇਐੱਮ ਦੀ 25 ਫਰਵਰੀ ਨੂੰ ਮੀਟਿੰਗ ਹੋਵੇਗੀ ਜਿਸ ਵਿੱਚ ਅਗਲੀ ਰਣਨੀਤੀ ਉਲੀਕੀ ਜਾਵੇਗੀ।ਇਸੇ ਦੌਰਾਨ ਖੇਤੀਬਾੜੀ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ ਨੇ 'ਦਿੱਲੀ ਕੂਚ' ਕਰ ਰਹੇ



ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ ਹੈ।

ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਹੁਲਕਾ ਦੀ ਅਗਵਾਈ ਹੇਠ ਕਰਮਚਾਰੀ ਯੂਨੀਅਨ ਨੇ ਸ਼ੰਭੂ ਬਾਰਡਰ 'ਤੇ ਪਹੁੰਚ ਕੇ ਕਿਸਾਨ ਅੰਦੋਲਨ ਨੂੰ ਹਰ ਪੱਖੋਂ ਸਹਿਯੋਗ ਦੇਣ ਦਾ ਅਹਿਦ ਲਿਆ।ਕਿਸਾਨੀ ਸੰਘਰਸ਼ ਦੇ ਹੱਕ ਵਿੱਚ ਬੜੌਦੀ ਟੌਲ ਪਲਾਜ਼ਾ 'ਤੇ ਲੋਕ ਹਿੱਤ ਮਿਸ਼ਨ ਵੱਲੋਂ ਲਗਾਇਆ ਧਰਨਾ ਦੂਜੇ ਦਿਨ ਵੀ ਜਾਰੀ ਰਿਹਾ।

ਇਸ ਮੌਕੇ ਆਗੂਆਂ ਨੇ ਕੇਂਦਰ ਤੇ ਹਰਿਆਣਾ ਦੀਆਂ ਭਾਜਪਾ ਸਰਕਾਰਾਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਰੋਸ ਵਜੋਂ ਸੜਕ ਨੂੰ ਟੌਲ ਮੁਫ਼ਤ ਕੀਤਾ। ਇਸ ਸਬੰਧੀ ਸੁਖਦੇਵ ਸਿੰਘ ਸੁੱਖਾ ਕੰਸਾਲਾ, ਰਵਿੰਦਰ ਸਿੰਘ ਵਜ਼ੀਦਪੁਰ, ਦਰਸ਼ਨ ਸਿੰਘ ਨਾਗਰਾ ਨੇ ਸੰਬੋਧਨ ਕੀਤਾ।ਅੰਬਾਲਾ ਪੁਲੀਸ ਕਿਸਾਨ ਆਗੂਆਂ ਨੂੰ ਸਲਾਹ ਦਿੱਤੀ ਹੈ ਕਿ ਸ਼ੰਭੂ ਬਾਰਡਰ 'ਤੇ ਇਕੱਠੀ ਹੋਈ ਭੀੜ ਨੂੰ ਕਾਬੂ ਵਿੱਚ ਰੱਖਿਆ ਜਾਵੇ। ਅੰਬਾਲਾ ਪੁਲੀਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਸ਼ੰਭੂ ਹੱਕ 'ਤੇ 1200 ਟਰੈਕਟਰ ਅਤੇ ਟਰਾਲੀਆਂ ਸਮੇਤ ਕਰੀਬ 10 ਹਜ਼ਾਰ ਦੀ ਭੀੜ ਹੈ

। ਉਨ੍ਹਾਂ ਨੇ ਪੁਲੀਸ ਬੈਰੀਕੇਡ 'ਤੇ ਹਮਲਾ ਕਰਨ ਲਈ ਵਿਸ਼ੇਸ਼ ਤੌਰ 'ਤੇ ਸੋਧੀਆਂ ਅਤੇ ਮਜ਼ਬੂਤ ਪੋਕਲੇਨ ਮਸ਼ੀਨਾਂ (2) ਅਤੇ ਜੇਸੀਬੀ ਦਾ ਪ੍ਰਬੰਧ ਵੀ ਕੀਤਾ ਹੈ। ਉਹ ਪੁਲੀਸ 'ਤੇ ਹਮਲਾ ਕਰਨ ਲਈ ਨੌਜਵਾਨਾਂ ਨੂੰ ਲਾਠੀਆਂ, ਪੱਥਰਾਂ, ਫੇਸ ਮਾਸਕ ਅਤੇ ਲੋਹੇ ਦੀਆਂ ਢਾਲਾਂ ਨਾਲ ਲੈਸ ਕਰ ਰਹੇ ਹਨ। ਉਨ੍ਹਾਂ ਦੇ ਭਾਰੀ ਪਥਰਾਅ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਅੰਬਾਲਾ ਪੁਲੀਸ ਨੇ ਕੇਐਮਐਮ ਅਤੇ ਐਸਕੇਐਮ/ਐਨਪੀ ਦੇ ਆਗੂਆਂ ਨੂੰ ਸਲਾਹ ਦਿੱਤੀ ਹੈ ਕਿ ਅੰਬਾਲਾ ਜ਼ਿਲ੍ਹੇ ਵਿਚ ਧਾਰਾ 144 ਸੀਆਰਪੀਸੀ ਲਾਗੂ ਹੈ।

ਇਸ ਲਈ ਕਿਸਾਨ ਆਗੂਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਭੀੜ ਨੂੰ ਕਾਬੂ ਵਿਚ ਰੱਖਣ ਅਤੇ ਘੱਗਰ ਨਦੀ ਦੇ ਪੁਲ 'ਤੇ ਹਰਿਆਣਾ ਪੁਲੀਸ ਵੱਲੋਂ ਲਾਏ ਬੈਰੀਕੇਡਾਂ ਦੇ ਨੇੜੇ ਨਾ ਜਾਣ।

# ਕਿਸਾਨਾਂ ਨੇ ਸੰਸਦ ਮੈਂਬਰ ਸੁਨੀਤਾ ਦੁੱਗਲ ਦਾ ਘਰ ਘੇਰਿਆ



**ਸਿਰਸਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਨੇ ਪੁਲੀਸ ਦੀਆਂ ਲਾਈਆਂ ਰੋਕਾਂ ਨੂੰ ਹਟਾਉਂਦੇ ਹੋਏ ਸੰਸਦ ਮੈਂਬਰ ਸੁਨੀਤਾ ਦੁੱਗਲ ਦੇ ਘਰ ਅੱਗੇ ਸਰਕਾਰ ਦਾ ਪੁਤਲਾ ਫੂਕਿਆ ਤੇ ਨਾਅਰੇਬਾਜ਼ੀ ਕਰਕੇ ਧਰਨਾ ਦਿੱਤਾ। ਇਸ ਦੌਰਾਨ ਕਿਸਾਨਾਂ ਤੇ ਪੁਲੀਸ ਵਿਚਾਲੇ ਕਾਫੀ ਦੇਰ ਤੱਕ ਧੱਕਾਮੁੱਕੀ ਵੀ ਹੋਈ।

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਵੱਖ-ਵੱਖ ਜਥੇਬੰਦੀਆਂ ਨਾਲ ਜੁੜੇ ਕਿਸਾਨ ਸ਼ਹੀਦ ਭਗਤ ਸਿੰਘ ਸਟੇਡੀਅਮ ਇਕੱਠੇ ਹੋਏ, ਜਿਥੋਂ ਉਹ ਪ੍ਰਦਰਸ਼ਨ ਕਰਦੇ ਹੋਏ ਸਿਰਸਾ ਤੋਂ ਭਾਜਪਾ ਦੇ ਦਫ਼ਤਰ ਵੱਲ ਕੂਚ ਕੀਤਾ। ਕਿਸਾਨਾਂ ਨੂੰ ਰੋਕਣ ਲਈ ਪਹਿਲਾਂ ਭਾਜਪਾ ਦੇ ਦਫ਼ਤਰ ਨੇੜੇ ਪੁਲੀਸ ਨੇ ਬੈਰੀਕੇਡ ਲਾਏ ਹੋਏ ਸਨ ਪਰ ਕਿਸਾਨ ਭਾਜਪਾ ਦੇ ਦਫ਼ਤਰ ਵੱਲ ਜਾਣ ਦੀ ਬਜਾਏ ਸੰਸਦ ਮੈਂਬਰ ਸੁਨੀਤਾ ਦੁੱਗਲ ਦੇ ਘਰ ਵੱਲ ਚੱਲ ਪਏ, ਜਿਸ ਮਗਰੋਂ ਪੁਲੀਸ ਨੇ ਕਿਸਾਨਾਂ ਨੂੰ ਸੰਸਦ ਮੈਂਬਰ ਤੇ ਘਰ ਤੋਂ ਪਹਿਲਾਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਸੰਸਦ ਮੈਂਬਰ ਸੁਨੀਤਾ ਦੁੱਗਲ ਦੇ ਘਰ ਅੱਗੇ ਸਰਕਾਰ ਦਾ ਪੁਤਲਾ ਫੂਕਣ ਲਈ ਬਾਜ਼ਿੱਦ ਸਨ।

ਇਸ ਦੌਰਾਨ ਪੁਲੀਸ ਤੇ ਕਿਸਾਨਾਂ ਵਿਚਾਲੇ ਕਾਫੀ ਦੇਰ ਤੱਕ ਧੱਕਾ ਮੁਕੀ ਹੋਈ। ਇਸ ਮਗਰੋਂ ਕਿਸਾਨਾਂ ਦਾ ਇਕ ਹੋਰ ਜੱਥਾ ਐੱਮਪੀ ਦੇ ਘਰ ਅੱਗੇ ਪਹੁੰਚ ਗਿਆ, ਜਿਸ ਮਗਰੋਂ ਪੁਲੀਸ ਵੱਲੋਂ ਦੂਜੇ ਪਾਸੇ ਲਾਏ ਗਏ ਬੈਰੀਕੇਡ ਨੂੰ ਕਿਸਾਨਾਂ ਨੇ ਪਾਸੇ ਹਟਾ ਦਿੱਤਾ ਤੇ ਐੱਮਪੀ ਦੇ ਘਰ ਦੇ ਨੇੜੇ ਪੁੱਜ ਗਏ, ਜਿਥੇ ਉਨ੍ਹਾਂ ਨੇ ਧਰਨਾ ਦਿੱਤਾ ਤੇ ਸਰਕਾਰ ਦਾ ਪੁਤਲਾ ਫੂਕਿਆ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਐੱਮਐੱਸਪੀ ਸਮੇਤ ਕਿਸਾਨਾਂ ਦੀਆਂ ਸੰਸਦ ਮੈਂਬਰ ਸੁਨੀਤਾ ਦੁੱਗਲ ਦੇ ਘਰ ਵੱਲ ਚੱਲ ਪਏ, ਜਿਸ ਮਗਰੋਂ ਪੁਲੀਸ ਨੇ ਕਿਸਾਨਾਂ ਨੂੰ ਸੰਸਦ ਮੈਂਬਰ ਤੇ ਘਰ ਤੋਂ ਪਹਿਲਾਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਸੰਸਦ ਮੈਂਬਰ ਸੁਨੀਤਾ ਦੁੱਗਲ ਦੇ ਘਰ ਅੱਗੇ ਸਰਕਾਰ ਦਾ ਪੁਤਲਾ ਫੂਕਣ ਲਈ ਬਾਜ਼ਿੱਦ ਸਨ। ਇਸ ਦੌਰਾਨ ਪੁਲੀਸ ਤੇ ਕਿਸਾਨਾਂ ਵਿਚਾਲੇ ਕਾਫੀ ਦੇਰ ਤੱਕ ਧੱਕਾ ਮੁਕੀ ਹੋਈ। ਇਸ ਮਗਰੋਂ ਕਿਸਾਨਾਂ ਦਾ ਇਕ ਹੋਰ ਜੱਥਾ ਐੱਮਪੀ ਦੇ ਘਰ ਅੱਗੇ ਪਹੁੰਚ ਗਿਆ, ਜਿਸ ਮਗਰੋਂ ਪੁਲੀਸ ਵੱਲੋਂ ਦੂਜੇ ਪਾਸੇ ਲਾਏ ਗਏ ਬੈਰੀਕੇਡ ਨੂੰ ਕਿਸਾਨਾਂ ਨੇ ਪਾਸੇ ਹਟਾ ਦਿੱਤਾ ਤੇ ਐੱਮਪੀ ਦੇ ਘਰ ਦੇ ਨੇੜੇ ਪੁੱਜ ਗਏ, ਜਿਥੇ ਉਨ੍ਹਾਂ ਨੇ ਧਰਨਾ ਦਿੱਤਾ ਤੇ ਸਰਕਾਰ ਸਾਰੀਆਂ ਮੰਗਾਂ ਪੂਰੀਆਂ ਨਹੀਂ ਹੋ ਜਾਂਦੀਆਂ, ਉਨ੍ਹਾਂ ਦਾ ਇਹ ਅੰਦੋਲਨ ਜਾਰੀ ਰਹੇਗਾ। ਇਸ ਮੌਕੇ 'ਤੇ ਵੱਡੀ ਗਿਣਤੀ 'ਚ ਕਿਸਾਨ ਮੌਜੂਦ ਸਨ।

# ਸੜਕ ਹਾਦਸੇ ਵਿੱਚ ਬਜ਼ੁਰਗ ਹਲਾਕ

**ਜੀਂਦ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਇੱਕਸ ਤੇ ਰਾਮਰਾਇ ਦੇ ਵਿਚਕਾਰ ਰਜਵਾਹੇ ਦੇ ਪੁਲ ਕੋਲ ਵਾਪਰੇ ਇੱਕ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਬਜ਼ੁਰਗ ਦੀ ਮੌਤ ਹੋ ਗਈ। ਸੂਚਨਾ ਮਿਲਦੇ ਹੀ ਥਾਣਾ ਸਦਰ ਪੁਲੀਸ ਨੇ ਘਟਨਾ ਸਥਾਨ 'ਤੇ ਪੁੱਜ ਕੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਿਸਾਂ ਨੂੰ ਸੌਂਪ ਦਿੱਤੀ ਹੈ ਅਤੇ ਮ੍ਰਿਤਕ ਵਜਿੰਦਰ (52) ਦੇ ਪੁੱਤਰ ਪ੍ਰਮੋਦ ਦੀ ਸ਼ਿਕਾਇਤ ਉੱਤੇ ਅਣਪਛਾਤੇ ਚਾਲਕ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਮੋਦ ਨੇ ਪੁਲੀਸ ਨੂੰ ਦੱਸਿਆ ਕਿ ਉਸ ਦਾ ਪਿਤਾ ਆਪਣੀ ਭੈਣ ਦੀ ਲੜਕੀ ਦੇ ਵਿਆਹ ਸਮਾਗਮ 'ਚ ਕਰਨਾਲ ਜ਼ਿਲ੍ਹੇ ਦੇ ਪਿੰਡ ਕਬੂਲਖੇੜਾ ਤੋਂ ਵਾਪਸ ਅਪਣੇ ਪਿੰਡ ਰਾਮਰਾਇ ਆ ਰਿਹਾ ਸੀ ਤਾਂ ਪਿੰਡ ਇੱਕਸ ਅਤੇ ਰਾਮਰਾਇ ਦੇ ਵਿਚਕਾਰ ਅਣਪਛਾਤੇ ਵਾਹਨ ਚਾਲਕ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ ਤੇ ਫਰਾਰ ਹੋ ਗਿਆ।

# ਪੰਚਕੂਲਾ 'ਚ ਫਿਲਮ ਫੈਸਟੀਵਲ ਭਲਕੇ

**ਪੰਚਕੂਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵਾਲਿਕ ਦੀਆਂ ਪਹਾੜੀਆਂ 'ਚ ਵਸਿਆ ਪੰਚਕੂਲਾ ਪਹਿਲੀ ਵਾਰ 23 ਤੋਂ 25 ਫਰਵਰੀ ਤੱਕ ਕੌਮੀ ਪੱਧਰ ਦੇ ਫਿਲਮ ਫੈਸਟੀਵਲ ਦੀ ਮੇਜ਼ਬਾਨੀ ਕਰੇਗਾ।

ਭਾਰਤੀ ਚਿੱਤਰ ਸਾਧਨਾ ਅਤੇ ਹਰਿਆਣਾ ਸਰਕਾਰ ਦੇ ਸਾਂਝੇ ਉੱਦਮ ਹੇਠ ਤਿੰਨ ਦਿਨਾਂ ਚਿੱਤਰ ਭਾਰਤੀ ਫਿਲਮ ਉਤਸਵ ਰੈੱਡ ਬਿਸ਼ਪ, ਸੈਕਟਰ-1 ਪੰਚਕੂਲਾ ਵਿੱਚ ਹੋਵੇਗਾ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸ਼ਾਮ 6 ਵਜੇ ਇਸ ਫੈਸਟੀਵਲ ਦਾ ਉਦਘਾਟਨ ਕਰਨਗੇ।

ਇਸ ਵਿੱਚ ਕੇਂਦਰੀ ਖੇਡ, ਯੁਵਾ ਮਾਮਲੇ ਅਤੇ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

ਡਿਪਟੀ ਕਮਿਸ਼ਨਰ ਸੁਸ਼ੀਲ ਸਾਰਵਾਨ ਨੇ ਅੱਜ ਰੈੱਡ ਬਿਸ਼ਪ ਦਾ ਦੌਰਾ ਕੀਤਾ ਅਤੇ ਫਿਲਮ ਫੈਸਟੀਵਲ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।

# ਰਾਜਾ ਵੜਿੰਗ ਨੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨੀ ਮੰਗਾਂ ਲਈ ਪੰਜਾਬ ਤੇ ਹਰਿਆਣਾ ਦੀ ਹੱਦ 'ਤੇ ਸੰਘਰਸ਼ ਦੌਰਾਨ ਨੌਜਵਾਨ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਸਿਆਸਤ ਭਖ਼ ਗਈ ਹੈ। ਕਿਸਾਨ ਦੀ ਮੌਤ 'ਤੇ ਜਿਥੇ ਰਾਜਸੀ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ, ਉੱਥੇ ਹੀ ਇਕ ਦੂਜੇ 'ਤੇ ਦੂਸ਼ਣਬਾਜ਼ੀ ਵੀ ਕੀਤੀ ਜਾ ਰਹੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਵਫ਼ਦ ਨੇ ਮੁੱਖ ਸਕੱਤਰ ਨੂੰ ਮੁੱਖ ਮੰਤਰੀ ਦੇ ਨਾਮ ਪੱਤਰ ਸੌਂਪਿਆ ਹੈ।

ਪੱਤਰ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਸ੍ਰੀ ਵੜਿੰਗ ਨੇ ਕਿਹਾ ਕਿ ਜੇ ਸੂਬਾ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਕਿਸਾਨਾਂ ਦੀਆਂ ਹੋਰ ਮੌਤਾਂ ਲਈ 'ਆਪ' ਜ਼ਿੰਮੇਵਾਰ ਹੋਵੇਗੀ। ਸੀਨੀਅਰ ਕਾਂਗਰਸੀ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਹਰਿਆਣਾ ਪੁਲੀਸ ਜੋ ਕਰ ਰਹੀ ਹੈ ਉਹ ਪੂਰੀ ਤਰ੍ਹਾਂ ਅਣਮਨੁੱਖੀ ਅਤੇ ਗੈਰ-ਲੋਕਤੰਤਰੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਨੂੰ ਖੇਰੂੰ-ਖੇਰੂੰ ਕਰਨ ਲਈ ਟਾਊਟ ਵਜੋਂ ਕੰਮ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਪਹਿਲਾਂ ਹਰਿਆਣਾ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਹੁਣ ਉਨ੍ਹਾਂ ਕਿਸਾਨੀ ਮਸ਼ੀਨਰੀ ਵੀ ਪੰਜਾਬ-ਹਰਿਆਣਾ ਦੀਆਂ ਹੱਦਾਂ 'ਤੇ ਪਹੁੰਚਣ ਤੋਂ ਰੋਕਣ ਦੀ ਹਦਾਇਤ ਜਾਰੀ ਕਰ ਦਿੱਤੀ ਹੈ।

# ਹੜ੍ਹ ਪੀੜਤ ਕਿਸਾਨਾਂ ਨੇ ਜਜਪਾ ਪ੍ਰਧਾਨ ਦੀ ਕਾਰ ਰੋਕੀ

**ਟੋਹਾਣਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜ੍ਹ ਪੀੜਤ ਕਿਸਾਨਾਂ ਨੇ ਅੱਜ ਧਰਨੇ ਵਾਲੀ ਸੜਕ ਤੋਂ ਲੰਘ ਰਹੇ ਜਜਪਾ ਦੇ ਸੂਬਾ ਪ੍ਰਧਾਨ ਨਿਸ਼ਾਨ ਸਿੰਘ ਦੀ ਕਾਰ ਨੂੰ ਰੋਕ ਕੇ ਨਾਅਰੇਬਾਜ਼ੀ ਕੀਤੀ। ਬਲਾਕ ਪ੍ਰਧਾਨ ਲਾਭ ਸਿੰਘ, ਉਪ ਪ੍ਰਧਾਨ ਜੱਗੀ ਮਹਿਲ ਨੇ ਦੱਸਿਆ ਕਿ ਨਿਸ਼ਾਨ ਸਿੰਘ ਅੱਗੇ ਵਾਅਦੇ ਮੁਤਾਬਕ ਮੁਆਵਜ਼ੇ ਦੀ ਮੰਗ ਦਾ ਮੁੱਦਾ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਨੇ ਘੱਗਰ ਪੀੜਤ 18 ਹਜ਼ਾਰ ਕਿਸਾਨਾਂ ਦੀ ਸ਼ਨਾਖ਼ਤ ਕੀਤੀ ਸੀ, ਜਿਸ ਵਿੱਚੋਂ 3200 ਕਿਸਾਨ ਜਾਖਲ ਬਲਾਕ ਦੇ ਹਨ। ਨਿਸ਼ਾਨ ਸਿੰਘ ਦੀ ਗੱਡੀ ਘੇਰਨ ਵਾਲੇ ਕਿਸਾਨਾਂ ਨੂੰ ਸੂਬਾ ਪ੍ਰਧਾਨ ਨੇ ਭਰੋਸ ਦਿਵਾਇਆ ਅਤੇ ਵਾਅਦਾ ਕੀਤਾ ਕਿ ਉਹ ਪੀੜਤ ਕਿਸਾਨਾਂ ਦਾ ਮੁੱਦਾ ਡਿਪਟੀ ਮੁੱਖ ਮੰਤਰੀ ਨਾਲ ਸਾਂਝਾ ਕਰਨਗੇ। ਕਿਸਾਨਾਂ ਨੇ ਸੂਬਾ ਪ੍ਰਧਾਨ ਨਿਸ਼ਾਨ ਸਿੰਘ ਕੋਲੋਂ ਭਰੋਸਾ ਮਿਲਣ 'ਤੇ ਵੀ ਆਪਣਾ ਧਰਨਾ ਜਾਰੀ ਰੱਖਿਆ ਅਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।

# ਚੋਰੀ ਦੇ ਦੋਸ਼ ਹੇਠ ਦੋ ਗ੍ਰਿਫ਼ਤਾਰ

**ਪੰਚਕੂਲਾ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਕੂਲਾ ਦੇ ਸੈਕਟਰ-10 ਚੌਕੀ ਇੰਚਾਰਜ ਮਨਦੀਪ ਸਿੰਘ ਨੇ ਸ਼ਹਿਰ ਵਿੱਚੋਂ ਈ-ਰਿਕਸ਼ਾ ਚੋਰੀ ਕਰਨ ਵਾਲੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਨ੍ਹਾਂ ਕੋਲੋਂ ਚੋਰੀ ਦੇ ਚਾਰ ਈ-ਰਿਕਸ਼ਾ ਬਰਾਮਦ ਕੀਤੇ ਗਏ ਹਨ। ਮੁਲਜ਼ਮਾਂ ਨੇ ਚੋਰੀ ਕੀਤੇ ਈ-ਰਿਕਸ਼ਾ ਨੂੰ ਵੱਖ-ਵੱਖ ਥਾਵਾਂ 'ਤੇ ਛੁਪਾ ਕੇ ਰੱਖਿਆ ਹੋਇਆ ਸੀ। ਮੁਲਜ਼ਮਾਂ ਦੀ ਪਛਾਣ ਰੋਹਿਤ ਅਤੇ ਨਰਿੰਦਰ ਕੁਮਾਰ ਵਜੋਂ ਹੋਈ ਹੈ।

ਪੁਲੀਸ ਨੇ ਦੋਵਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਰਿਮਾਂਡ ਲਿਆ ਹੈ। ਇਹਨਾਂ ਵਿੱਚੋਂ ਰੋਹਿਤ ਆਟੋ ਚਲਾਉਂਦਾ ਹੈ ਜਦਕਿ ਨਰਿੰਦਰ ਡਿਲਿਵਰੀ ਬੁਆਏ ਹੈ। ਮੁਲਜ਼ਮ ਪਹਿਲਾਂ ਦੁਕਾਨਾਂ ਅਤੇ ਬਾਜ਼ਾਰਾਂ ਵਿੱਚ ਖੜ੍ਹੇ ਈ-ਰਿਕਸ਼ਾ ਦੀ ਰੇਕੀ ਕਰਦਾ ਸੀ ਫਿਰ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ।

# ਲੱਖਾਂ ਦੀ ਨਕਦੀ ਤੇ ਗਹਿਣੇ ਲੈ ਕੇ ਵਿਆਹੁਤਾ ਫਰਾਰ

**ਰਤੀਆ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਅਜੀਤ ਨਗਰ ਤੋਂ ਇਕ ਵਿਆਹੁਤਾ ਔਰਤ ਘਰੋਂ ਲੱਖਾਂ ਰੁਪਏ ਦੀ ਨਕਦੀ ਅਤੇ ਸੋਨੇ ਦੇ ਗਹਿਣੇ ਲੈ ਕੇ ਫਰਾਰ ਹੋ ਗਈ। ਪੁਲੀਸ ਨੇ ਔਰਤ ਸਤਵਿੰਦਰ ਦੇ ਪਤੀ ਹਰਜਿੰਦਰ ਸਿੰਘ ਦੀ ਸ਼ਿਕਾਇਤ 'ਤੇ ਪਿੰਡ ਦੇ ਹੀ ਲਵਪ੍ਰੀਤ ਖ਼ਿਲਾਫ਼ ਮਾਮਲਾ ਦਰਜ ਕਰ ਕੇ ਦੋਵਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਹਰਜਿੰਦਰ ਸਿੰਘ ਨੇ ਕਿਹਾ ਕਿ ਉਸ ਦਾ ਵਿਆਹ 11 ਸਾਲ ਪਹਿਲਾਂ ਸਤਵਿੰਦਰ ਕੌਰ ਵਾਸੀ ਗੰਗਾਨਗਰ, ਰਾਜਸਥਾਨ ਨਾਲ ਹੋਇਆ ਸੀ।

ਉਸ ਦਾ 9 ਸਾਲ ਦਾ ਲੜਕਾ ਵੀ ਹੈ। ਹਰਜਿੰਦਰ ਨੇ ਕਿਹਾ ਕਿ ਉਸ ਦੀ ਪਤਨੀ ਜ਼ਮੀਨ ਦੇ ਠੇਕੇ ਦੇ 1 ਲੱਖ 50 ਹਜ਼ਾਰ ਰੁਪਏ ਦੀ ਨਕਦੀ ਅਤੇ 5 ਤੋਲੇ ਸੋਨੇ ਦੇ ਗਹਿਣੇ ਲੈ ਕੇ ਬੱਚੇ ਸਣੇ ਲਾਪਤਾ ਹੋ ਗਈ ਹੈ। ਹਰਜਿੰਦਰ ਨੇ ਇਸ ਦੇ ਪਿੱਛੇ ਪਿੰਡ ਦੇ ਲਵਪ੍ਰੀਤ 'ਤੇ ਦੋਸ਼ ਲਗਾਇਆ ਹੈ। ਪੁਲੀਸ ਨੇ ਰਿਪੋਰਟ ਦਰਜ ਕਰ ਕੇ ਭਾਲ ਸ਼ੁਰੂ ਕਰ ਦਿੱਤੀ।

# ਪਰਿਵਾਰ ਪਹਿਚਾਣ ਪੱਤਰ ਅਨੋਖੀ ਯੋਜਨਾ, ਅੱਜ ਜਨਤਾ ਨੂੰ ਹਰ ਸਰਕਾਰੀ ਯੋਜਨਾ ਤੇ ਸੇਵਾ ਦਾ ਲਾਭ ਪੀ.ਪੀ.ਪੀ ਰਾਹੀਂ ਦਿੱਤਾ ਜਾ ਰਿਹਾ - ਮੁੱਖ ਮੰਤਰੀ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬਾ ਸਰਕਾਰ ਦੀ ਪਰਿਵਾਰ ਪਹਿਚਾਣ ਪੱਤਰ ਯੋਜਨਾ ਇਕ ਅਨੋਖੀ ਯੋਜਨਾ ਹੈ ਅਤੇ ਅੱਜ ਪੀਪੀਪੀ ਰਾਹੀਂ ਹੀ ਸਾਰੀ ਸਰਕਾਰੀ ਯੋਜਨਾਵਾਂ ਤੇ ਸੇਵਾਵਾਂ ਦਾ ਲਾਭ ਜਨਤਾ ਨੂੰ ਮਿਲ ਰਿਹਾ ਹੈ। ਪੀਪੀਪੀ ਵਿਚ ਦਰਜ ਕੋਈ ਵੇਰਵਾ ਨੂੰ ਅਪਡੇਟ ਕਰਵਾਉਣ ਜਾਂ ਦਰੁਸਤ ਕਰਵਾਉਣ ਲਈ ਕੋਈ ਨਾਗਰਿਕ ਬਿਨੈ ਕਰਦਾ ਹੈ, ਤਾਂ 30 ਦਿਨਾਂ ਦੇ ਅੰਦਰ ਉਸ ਨੂੰ ਦਰੁਸਤ ਕਰ ਦਿੱਤਾ ਜਾਂਦਾ ਹੈ। ਹੁਣ ਤਕ 22 ਸ਼੍ਰੇਣੀਆਂ ਦੇ ਤਹਿਤ 84,34,961 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਸ ਵਿੱਚੋਂ 80,50,611 ਸ਼ਿਕਾਇਤਾਂ ਦਾ ਹੱਲ ਕੀਤਾ ਜਾ ਚੁੱਕਾ ਹੈ, ਬਾਕੀ ਲਗਭਗ 3 ਲੱਖ 86 ਹਜਾਰ ਸ਼ਿਕਾਇਤਾਂ ਨੂੰ ਵੀ ਜਲਦੀ ਠੀਕ ਕਰ ਦਿੱਤਾ ਜਾਵੇਗਾ।

ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੇ ਦੂਜੇ ਦਿਨ ਸੁਆਲ ਸਮੇਂ ਦੌਰਾਨ ਇਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ।ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਰਿਵਾਰ ਪਹਿਚਾਣ ਪੱਤਰ ਵਿਚ ਨਾਗਰਿਕਾਂ ਵੱਲੋਂ ਸਵੈ-ਐਲਾਨ ਡਾਟਾ ਦਰਜ ਕਰਵਾਇਆ ਗਿਆ ਸੀ, ਉਸ ਦੇ ਬਾਅਦ ਜਰੂਰਤ ਅਨੁਸਾਰ ਇਸ ਵਿਚ ਬਦਲਾਅ ਕੀਤਾ ਗਿਆ। ਕਰੇਕਸ਼ਨ ਮਾਡੀਯੂਲ ਤਹਿਤ 8434961 ਸ਼ਿਕਾਇਤਾਂ ਪ੍ਰਾਪਤ ਹੋਈਆਂ। ਇਹ ਸ਼ਿਕਾਇਤਾਂ ਇਕ ਪਰਿਵਾਰ ਦੀ 2-2 ਜਾਂ 3-3 ਵੀ ਹੋ ਸਕਦੀ ਹੈ। ਟਿਕਟਿੰਗ ਮਾਡੀਯੂਲ ਤੇ ਸੋਸ਼ਲ ਮੀਡੀਆ ਰਾਹੀਂ ਲਗਭਗ 282000 ਸ਼ਿਕਾਇਤਾਂ ਪ੍ਰਾਪਤ ਹੋਈਆਂ ਜਿਸ ਵਿੱਚੋਂ 263852 ਦਾ ਹੱਲ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਨਾਗਰਿਕ ਵੱਲੋਂ ਕਿਸੇ ਸੇਵਾ ਦਾ ਲਾਭ ਲੈਂਦੇ ਸਮੇਂ ਕੋਈ ਸਮਸਿਆ ਆਈ ਹੋਵੇ, ਅਜਿਹੀ ਵੀ 1205667 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਸ ਵਿੱਚੋਂ 1140690 ਨੂੰ ਠੀਕ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਨੇ ਦਸਿਆ ਕਿ ਲਗਭਗ 22 ਸ਼੍ਰੇਣੀਆਂ ਜਿਵੇਂ, ਨਾਂਅ, ਪਤਾ, ਪਤੀ ਜਾਂ ਪਤਨੀ ਦਾ ਨਾਂਅ, ਜਨਮ ਮਿੱਤੀ, ਬੈਂਕ ਖਾਤਾ, ਕਾਰੋਬਾਰ, ਆਮਦਨ ਆਦਿ ਵਿਚ ਬਦਲਾਅ ਅਤੇ ਅਪਡੇਟ ਦੇ ਲਈ ਨਾਗਰਿਕਾਂ ਵੱਲੋਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਹੋਰ ਮਿੱਤੀ ਨਾਲ ਸਬੰਧਿਤ ਲਗਭਗ 5 ਲੱਖ 4 ਹਜਾਰ ਸ਼ਿਕਾਇਤਾਂ ਨੂੰ ਵੀ ਠੀਕ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਬਹੁਤ ਵੱਧ ਬਦਲਾਅ ਆਮਦਨ ਦੀ ਸ਼੍ਰੇਣੀ ਵਿਚ ਹੋਇਆ ਹੈ।

ਆਮਦਨ ਦੇ ਤਸਦੀਕ ਦੇ ਲਈ ਲੋਕਲ ਕਮੇਟੀ, ਬਲਾਕ ਪੱਧਰ 'ਤੇ ਸੈਕਟੋਰਲ ਕਮੇਟੀ ਅਤੇ ਜਿਲ੍ਹਾ ਪੱਧਰੀ ਕਮੇਟੀ ਬਣਾਈ ਹੋਈ ਹੈ, ਜਿਨ੍ਹਾਂ ਦੀ ਤਸਦੀਕ ਦੇ ਬਾਅਦ ਹੀ ਆਮਦਨ ਵਿਚ ਬਦਲਾਅ ਕੀਤਾ ਜਾਂਦਾ ਹੈ। ਉਨ੍ਹਾਂ ਨੇ ਦਸਿਆ ਕਿ 48,851 ਲੋਕ ਅਜਿਹੇ ਹਨ, ਜਿਨ੍ਹਾਂ ਦੀ ਪਰਿਵਾਰ ਪਹਿਚਾਣ ਪੱਤਰ ਵਿਚ ਆਮਦਨ ਘੱਟ ਦਰਜ ਕੀਤੀ ਹੋਈ ਸੀ, ਪਰ ਉਨ੍ਹਾਂ ਨੇ ਸ਼ਿਕਾਇਤ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਆਮਦਨ ਵੱਧ ਹੈ, ਉਸ ਦੇ ਬਾਅਦ ਉਨ੍ਹਾਂ ਦੀ ਆਮਦਨ ਵਿਚ ਬਦਲਾਅ ਕੀਤਾ ਗਿਆ।

ਉਨ੍ਹਾਂ ਨੇ ਕਿਹਾ ਕਿ ਪੀਪੀਪੀ ਦੀ ਸ਼੍ਰੇਣੀਆਂ ਵਿਚ ਬਦਲਾਅ ਤੇ ਅਪਡੇਟ ਕਰਵਾਉਣ ਦੀ ਪ੍ਰਕ੍ਰਿਆ ਲਗਾਤਾਰ ਚਲਣ ਵਾਲੀ ਪ੍ਰਕ੍ਰਿਆ ਹੈ ਅਤੇ ਸਰਕਾਰ ਵੱਲੋਂ ਪ੍ਰੋ -ਏਕਟਿਵ ਢੰਗ ਨਾਲ ਕਾਰਜ ਕੀਤਾ ਜਾ ਰਿਹਾ ਹੈ। ਜਨਮ, ਮੌਤ ਅਤੇ ਵਿਆਹ ਰਜਿਸਟ੍ਰੇਸ਼ਣ ਡਾਟਾ ਨੂੰ ਵੀ ਪੀਪੀਪੀ ਦੇ ਨਾਲ ਏਕੀਕ੍ਰਿਤ ਕਰ ਦਿੱਤਾ ਗਿਆ ਹੈ, ਜਿਸ ਨਾਲ ਪੀਪੀਪੀ ਵਿਚ ਆਟੋ ਅਪਡੇਟ ਹੋ ਜਾਂਦਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪੀਪੀਪੀ ਦੀ ਸਵੀਕਾਰਯੋਗਤਾ ਜਨਤਾ ਵਿਚ ਹੋ ਗਈ ਹੈ, ਅੱਜ ਸਾਰੀ ਯੋਜਨਾਵਾਂ ਤੇ ਸੇਵਾਵਾਂ ਦਾ ਲਾਭ ਪੀਪੀਪੀ ਰਾਹੀਂ ਹੀ ਦਿੱਤਾ ਜਾ ਰਿਹਾ ਹੈ।

ਪਹਿਲਾਂ ਕੁੱਝ ਲੋਕ ਗਲਤ ਢੰਗ ਨਾਲ ਸਰਕਾਰੀ ਲਾਭ ਲੈ ਲੈਂਦੇ ਸਨ, ਪਰ ਅਸੀਂ ਵਿਵਸਥਾ ਨੂੰ ਠੀਕ ਕੀਤਾ ਹੈ। ਰਾਸ਼ਨ ਕਾਰਡ, ਪੈਂਸ਼ਨ ਆਦਿ ਵਿਚ ਵਿਵਸਥਾ ਨੂੰ ਠੀਕ ਕੀਤਾ ਹੈ। ਹੁਣ ਲੋਕਾਂ ਦੀ ਧਾਰਣਾ ਵੀ ਇਹੀ ਹੈ ਕਿ ਜੀਜਾਂ ਠੀਕ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਕੋਈ ਮੈਂਬਰ ਪੀਪੀਪੀ ਵਿਚ ਡਾਟਾ ਠੀਕ ਕਰਵਾਉਣ ਸਬੰਧੀ ਕੋਈ ਸ਼ਿਕਾਇਤ ਦੀ ਜਾਣਕਾਰੀ ਸਾਨੂੰ ਦੇਣਗੇ ਤਾਂ ਉਸ ਨੂੰ ਯਕੀਨੀ ਰੂਪ ਨਾਲ 30 ਦਿਨਾਂ ਦੇ ਅੰਦਰ ਦਰੁਸਤ ਕੀਤਾ ਜਾਵੇਗਾ।

# NRI ਕਮਿਸ਼ਨ ਪੰਜਾਬ ਦਾ ਚੇਅਰਮੈਨ ਜਲਦ ਲਾਇਆ ਜਾਵੇਗਾ : ਧਾਲੀਵਾਲ

**ਚੰਡੀਗੜ੍ਹ, 25 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਲਗਾਤਾਰ ਐੱਨ. ਆਰ. ਆਈਜ਼ ਮਿਲਣੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ ਪਰ ਅਜਿਹੇ 'ਚ ਪੰਜਾਬ ਸਟੇਟ ਕਮਿਸ਼ਨ ਫਾਰ ਐੱਨ. ਆਰ. ਆਈਜ਼ ਦੇ ਚੇਅਰਮੈਨ ਦਾ ਅਹੁਦਾ ਇਕ ਸਾਲ ਤੋਂ ਜ਼ਿਆਦਾ ਸਮੇਂ ਲਈ ਖ਼ਾਲੀ ਪਿਆ ਹੋਇਆ ਹੈ। ਕਮਿਸ਼ਨ ਦੇ ਚੇਅਰਮੈਨ ਅਤੇ 3 ਹੋਰ ਮੈਂਬਰਾਂ ਦਾ ਕਾਰਜਕਾਲ 6 ਫਰਵਰੀ, 2023 ਨੂੰ ਖ਼ਤਮ ਹੋ ਗਿਆ ਸੀ। ਚੌਥੇ ਮੈਂਬਰ ਹਰਦੀਪ ਸਿੰਘ ਢਿੱਲੋਂ ਦਾ ਕਾਰਜਕਾਲ 4 ਅਗਸਤ, 2023 ਨੂੰ ਖ਼ਤਮ ਹੋ ਗਿਆ ਸੀ।

ਅਜਿਹੇ 'ਚ ਐੱਨ. ਆਰ. ਆਈਜ਼ ਦੀਆਂ 1000 ਤੋਂ ਵੱਧ ਸ਼ਿਕਾਇਤਾਂ ਕਮਿਸ਼ਨ ਕੋਲ ਪੈਂਡਿੰਗ ਪਈਆਂ ਹੋਈਆਂ ਹਨ। ਜਦੋਂ ਇਸ ਬਾਰੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਲਦੀ ਹੀ ਕਮਿਸ਼ਨ ਦੇ ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀ ਨਿਯੁਕਤੀ ਕੀਤੀ ਜਾਵੇਗੀ। ਦੱਸ ਦੇਈਏ ਕਿ ਪੰਜਾਬ ਸਰਕਾਰ ਪਹਿਲਾਂ ਹੀਂ ਦਾ ਹੱਲ ਕੀਤਾ ਜਾ ਰਿਹਾ ਹੈ ਪਰ ਅਜਿਹੇ 'ਚ ਪੰਜਾਬ ਸਟੇਟ ਕਮਿਸ਼ਨ ਫਾਰ ਐੱਨ. ਆਰ.



ਆਈਜ਼ ਦੇ ਚੇਅਰਮੈਨ ਦਾ ਅਹੁਦਾ ਇਕ ਸਾਲ ਤੋਂ ਜ਼ਿਆਦਾ ਸਮੇਂ ਲਈ ਖ਼ਾਲੀ ਪਿਆ ਹੋਇਆ ਹੈ। ਕਮਿਸ਼ਨ ਦੇ ਚੇਅਰਮੈਨ ਅਤੇ 3 ਹੋਰ ਮੈਂਬਰਾਂ ਦਾ ਕਾਰਜਕਾਲ ' ਦਾ ਹੱਲ ਕੀਤਾ ਜਾ ਰਿਹਾ ਹੈ ਪਰ ਅਜਿਹੇ 'ਚ ਪੰਜਾਬ ਸਟੇਟ ਕਮਿਸ਼ਨ ਫਾਰ ਐੱਨ. ਆਰ. ਆਈਜ਼ ਦੇ ਚੇਅਰਮੈਨ ਦਾ ਅਹੁਦਾ ਇਸ ਸਾਲ ਪਠਾਨਕੋਟ ਅਤੇ ਨਵਾਂਸ਼ਹਿਰ 'ਚ ਕ੍ਰਮਵਾਰ 3 ਅਤੇ 9 ਫਰਵਰੀ ਨੂੰ ਐੱਨ. ਆਰ. ਆਈ. ਮਿਲਣੀਆਂ ਕਰਵਾ ਚੁੱਕੀ ਹੈ ਅਤੇ ਹੁਣ ਐੱਨ. ਆਰ. ਆਈ. ਮਿਲਣੀਆਂ 27 ਫਰਵਰੀ ਨੂੰ ਫਿਰੋਜ਼ਪੁਰ ਅਤੇ 29 ਫਰਵਰੀ ਨੂੰ ਸੰਗਰੂਰ ਵਿਖੇ ਹੋਣੀਆਂ ਹਨ।

# ਲੋਕ ਸਭਾ ਚੋਣ ਗਠਜੋੜ: ਕਾਂਗਰਸ ਤੇ ਆਪ ਪੰਜਾਬ 'ਚ ਲੜਨਗੇ ਵੱਖੋ-ਵੱਖ, ਚੰਡੀਗੜ੍ਹ ਸੀਟ ਪੰਜੇ ਨੂੰ ਮਿਲੀ




**ਨਵੀਂ ਦਿੱਲੀ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਆਗਾਮੀ ਲੋਕ ਸਭਾ ਚੋਣਾਂ ਲਈ ਅੱਜ ਸੀਟਾਂ ਦੀ ਵੰਡ ਦਾ ਐਲਾਨ ਕਰ ਦਿੱਤਾ ਹੈ, ਜਿਸ ਤਹਿਤ ਦਿੱਲੀ ਦੀਆਂ ਚਾਰ ਸੀਟਾਂ 'ਤੇ 'ਆਪ' ਅਤੇ ਕਾਂਗਰਸ ਤਿੰਨ ਸੀਟਾਂ 'ਤੇ ਚੋਣ ਲੜੇਗੀ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਗੁਜਰਾਤ ਦੀ ਭਰੂਚ ਅਤੇ ਭਾਵਨਗਰ ਸੀਟ ਅਤੇ ਹਰਿਆਣਾ ਦੀ ਕੁਰੂਕਸ਼ੇਤਰ ਲੋਕ ਸਭਾ ਸੀਟ 'ਤੇ ਵੀ ਚੋਣ ਲੜੇਗੀ। ਕਾਂਗਰਸ ਦੇ ਸੀਨੀਅਰ ਆਗੂ ਮੁਕੁਲ ਵਾਸਨਿਕ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਸੰਦੀਪ ਪਾਠਕ, ਸੌਰਵ ਭਾਰਦਵਾਜ ਅਤੇ ਆਤਿਸ਼ੀ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਸੀਟ ਵੰਡ ਦਾ ਐਲਾਨ ਕੀਤਾ। ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਆਗੂ ਸੰਦੀਪ ਪਾਠਕ ਨੇ ਕਿਹਾ ਕਿ 'ਆਪ' ਅਤੇ ਕਾਂਗਰਸ ਨੇ ਪੰਜਾਬ ਵਿੱਚ ਲੋਕ ਸਭਾ ਚੋਣਾਂ ਵੱਖ-ਵੱਖ ਲੜਨ ਦਾ ਫੈਸਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਲੋਕ ਸਭਾ ਸੀਟ ਨੂੰ ਲੈ ਕੇ ਲੰਬੀ ਚਰਚਾ ਹੋਈ ਅਤੇ ਆਖਰ ਇਹ ਫੈਸਲਾ ਹੋਇਆ ਕਿ ਕਾਂਗਰਸ ਇੱਥੋਂ ਆਪਣਾ ਉਮੀਦਵਾਰ ਖੜ੍ਹਾ ਕਰੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਿੱਲੀ ਦੀਆਂ ਚਾਰ ਸੀਟਾਂ 'ਤੇ ਅਤੇ ਕਾਂਗਰਸ ਤਿੰਨ ਸੀਟਾਂ 'ਤੇ ਚੋਣ ਲੜੇਗੀ। 'ਆਪ' ਦੱਖਣੀ ਦਿੱਲੀ, ਪੱਛਮੀ ਦਿੱਲੀ, ਪੂਰਬੀ ਦਿੱਲੀ ਅਤੇ ਨਵੀਂ ਦਿੱਲੀ ਲੋਕ ਸਭਾ ਸੀਟਾਂ ਤੋਂ ਉਮੀਦਵਾਰ ਖੜ੍ਹੇ ਕਰੇਗੀ, ਜਦਕਿ ਕਾਂਗਰਸ ਚਾਂਦਨੀ ਚੌਕ, ਉੱਤਰ ਪੱਛਮੀ ਦਿੱਲੀ ਅਤੇ ਉੱਤਰ ਪੂਰਬੀ ਦਿੱਲੀ ਸੀਟਾਂ ਤੋਂ ਚੋਣ ਲੜੇਗੀ। ਰਾਸ਼ਟਰੀ ਰਾਜਧਾਨੀ ਵਿੱਚ ਸੱਤ ਲੋਕ ਸਭਾ ਸੀਟਾਂ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਸਾਰੀਆਂ ਸੀਟਾਂ ਭਾਜਪਾ ਨੇ ਜਿੱਤੀਆਂ ਸਨ। ਸ੍ਰੀ ਵਾਸਨਿਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਗੁਜਰਾਤ ਵਿੱਚ ਭਰੂਚ ਅਤੇ ਭਾਵਨਗਰ ਲੋਕ ਸਭਾ ਸੀਟਾਂ ਤੋਂ ਚੋਣ ਲੜੇਗੀ ਅਤੇ ਹਰਿਆਣਾ ਵਿੱਚ ਕੁਰੂਕਸ਼ੇਤਰ ਲੋਕ ਸਭਾ ਸੀਟ ਵੀ ਆਮ ਆਦਮੀ ਪਾਰਟੀ ਨੂੰ ਦਿੱਤੀ ਗਈ ਹੈ।

# ਮੋਦੀ ਨੇ ਦੁਨੀਆ ਦੀ ਸਭ ਤੋਂ ਵੱਡੀ ਅਨਾਜ ਭੰਡਾਰਨ ਯੋਜਨਾ ਤਹਿਤ 11 ਗੁਦਾਮਾਂ ਦਾ ਕੀਤਾ ਉਦਘਾਟਨ

**ਨਵੀਂ ਦਿੱਲੀ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ 11 ਰਾਜਾਂ ਵਿਚ ਮੁੱਢਲੀ ਖੇਤੀਬਾੜੀ ਕਰਜ਼ਾ ਸੁਸਾਇਟੀਆਂ (ਪੀਏਸੀਐੱਸ) ਵਿਚ ਅਨਾਜ ਸਟੋਰ ਕਰਨ ਲਈ 11 ਗੁਦਾਮਾਂ ਦਾ ਉਦਘਾਟਨ ਕੀਤਾ। ਇਹ ਗੁਦਾਮ ਸਹਿਕਾਰੀ ਖੇਤਰ ਵਿੱਚ ਸਰਕਾਰ ਦੀ ਵਿਸ਼ਵ ਦੀ ਸਭ ਤੋਂ ਵੱਡੀ ਅਨਾਜ ਭੰਡਾਰਨ ਯੋਜਨਾ ਦਾ ਹਿੱਸਾ ਹਨ। ਸ੍ਰੀ ਮੋਦੀ ਨੇ ਗੁਦਾਮਾਂ ਅਤੇ ਹੋਰ ਖੇਤੀਬਾੜੀ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਦੇਸ਼ ਭਰ ਵਿੱਚ ਵਾਧੂ 500 ਪੀਏਸੀਐੱਸ ਦਾ ਨੀਂਹ ਪੱਥਰ ਵੀ ਰੱਖਿਆ। ਉਨ੍ਹਾਂ ਨੇ ਦੇਸ਼ ਭਰ ਵਿੱਚ 18000 ਪੀਏਸੀਐੱਸ ਦੇ ਕੰਪਿਊਟਰੀਕਰਨ ਲਈ ਪ੍ਰਾਜੈਕਟ ਦਾ ਉਦਘਾਟਨ ਵੀ ਕੀਤਾ

## ਦੇਸ਼ 'ਚ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਪਹਿਲੀ ਜੁਲਾਈ ਤੋਂ ਹੋਣਗੇ ਲਾਗੂ

**ਨਵੀਂ ਦਿੱਲੀ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿੱਚ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਾਲ ਬਦਲਣ ਲਈ ਨਵੇਂ ਬਣਾਏ ਗਏ ਕਾਨੂੰਨ ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਐਕਟ 1 ਜੁਲਾਈ ਤੋਂ ਲਾਗੂ ਹੋ ਜਾਣਗੇ। ਕਾਨੂੰਨਾਂ ਨੂੰ ਪਿਛਲੇ ਸਾਲ 21 ਦਸੰਬਰ ਨੂੰ ਸੰਸਦ ਦੀ ਮਨਜ਼ੂਰੀ ਮਿਲੀ ਸੀ।

# ਮੁੱਖ ਮੰਤਰੀ ਨੇ ਮੁਕੇਰੀਆਂ ਤੋਂ ਆਪਣੀ ਕਿਸਮ ਦੀ ਪਹਿਲੀ ਸਰਕਾਰ-ਵਪਾਰ ਮਿਲਣੀ ਦੀ ਕੀਤੀ ਸ਼ੁਰੂਆਤ

**➢ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਉਦਯੋਗਪਤੀਆਂ ਅਤੇ ਵਪਾਰੀਆਂ ਨੂੰ ਬਰਾਬਰ ਦੇ ਹਿੱਸੇਦਾਰ ਬਣਾਉਣ ਦੇ ਉਦੇਸ਼ ਨਾਲ ਕੀਤੀ ਪਹਿਲਕਦਮੀ ➢ ਪੰਜਾਬ ਦੇ ਨਿਗਰਾਨ ਵਜੋਂ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹਾਂ : ਮੁੱਖ ਮੰਤਰੀ**

**ਮੁਕੇਰੀਆਂ (ਹੁਸ਼ਿਆਰਪੁਰ), 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਸਮਾਜ ਦੇ ਹਰੇਕ ਵਰਗ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਉਣ ਲਈ ਵਚਨਬੱਧ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨੇ ਸ਼ਨਿੱਚਰਵਾਰ ਨੂੰ ਸੂਬੇ ਦੇ ਕਾਰੋਬਾਰੀ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਆਪਣੀ ਕਿਸਮ ਦੀ ਪਹਿਲੀ 'ਸਰਕਾਰ-ਵਪਾਰ ਮਿਲਣੀ' ਦੀ ਸ਼ੁਰੂਆਤ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਪਣੀ ਕਿਸਮ ਦੀ ਇਸ ਪਲੇਠੀ ਪਹਿਲਕਦਮੀ ਦਾ ਮੰਤਵ ਵਪਾਰੀ ਭਾਈਚਾਰੇ ਦੀ ਭਲਾਈ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦੇ ਕੇ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਵੱਲ ਇਹ ਇਕ ਕਦਮ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਦਯੋਗ ਅਤੇ ਵਪਾਰ ਹਰ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਜਿਸ ਕਾਰਨ ਇਸ ਨੂੰ ਜ਼ਰੂਰ ਹੁਲਾਰਾ ਦੇਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਮਾਲੀਆ ਅਤੇ ਰੋਜ਼ਗਾਰ ਸਿਰਜਣ ਇੱਕ ਅਜਿਹਾ ਚੱਕਰ ਹੈ, ਜੋ ਸੂਬੇ ਦੇ ਵਿਕਾਸ ਲਈ ਮਹੱਤਵਪੂਰਨ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਮੁੰਬਈ, ਚੇਨਈ ਅਤੇ ਕਈ ਹੋਰ ਵੱਡੇ ਸ਼ਹਿਰਾਂ ਦਾ ਦੌਰਾ ਕਰਕੇ ਸਨਅਤਕਾਰਾਂ ਨੂੰ ਆਪਣੇ ਉੱਦਮ ਸਥਾਪਤ ਕਰਨ ਲਈ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਗਏ, ਜਦੋਂ ਸੱਤਾ 'ਚ ਬੈਠੇ ਲੋਕ ਪ੍ਰਾਜੈਕਟਾਂ 'ਚ ਹਿੱਸਾ ਮੰਗਦੇ ਸਨ ਕਿਉਂਕਿ ਹੁਣ ਸਾਰਾ ਧਿਆਨ ਸੂਬੇ ਦੇ ਵਿਕਾਸ ਉਤੇ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਪ੍ਰਮੁੱਖ ਕੰਪਨੀਆਂ ਨੇ ਸੂਬੇ ਵਿੱਚ 70,000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸੂਬਾ ਸਰਕਾਰ ਸਥਾਨਕ ਉਦਯੋਗਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਉਹ ਪੰਜਾਬ ਦੇ ਅਸਲ ਬ੍ਰਾਂਡ ਅੰਬੈਸਡਰ ਹਨ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਹ ਕੰਪਨੀਆਂ ਪੰਜਾਬ ਵਿੱਚ ਆਪਣੇ ਕਾਰੋਬਾਰ ਦਾ ਵਿਸਥਾਰ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਭਰ ਵਿੱਚੋਂ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਸਭ ਤੋਂ ਵਧੀਆ ਹੈ, ਜਿਸ ਕਾਰਨ ਉਦਯੋਗ ਵੱਡੀ ਪੱਧਰ 'ਤੇ ਪੰਜਾਬ ਆ ਰਹੇ ਹਨ, ਜਦੋਂ ਕਿ ਪਿਛਲੀਆਂ ਸਰਕਾਰਾਂ ਦੌਰਾਨ ਆਗੂ ਉੱਦਮਾਂ ਵਿੱਚ ਹਿੱਸੇਦਾਰੀ ਮੰਗਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਕਾਰੋਬਾਰਾਂ ਲਈ ਸਮਝੌਤੇ ਸੱਤਾ ਵਿੱਚ ਬੈਠੇ ਸਿਆਸੀ ਪਰਿਵਾਰਾਂ ਨਾਲ ਕੀਤੇ ਜਾਂਦੇ ਸਨ ਪਰ ਹੁਣ ਇਹ ਸਮਝੌਤੇ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਕੀਤੇ ਜਾਂਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬੀਆਂ ਦੇ ਹੱਕਾਂ ਅਤੇ ਹਿੱਤਾਂ ਦੇ ਰਾਖੇ ਹਨ, ਜਿਸ ਕਾਰਨ ਉਨ੍ਹਾਂ ਦਾ ਹਰ ਕਾਰਜ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬਦਕਿਸਮਤੀ ਨਾਲ ਜਿਹੜੇ ਆਗੂ ਸੂਬੇ ਦੀ ਸੱਤਾ 'ਤੇ ਕਾਬਜ਼ ਰਹੇ, ਉਨ੍ਹਾਂ ਨੇ ਪਹਿਲਾਂ ਸੂਬੇ ਨੂੰ ਬਰਬਾਦ ਕਰਕੇ ਵੱਡੀ ਜਾਇਦਾਦ ਇਕੱਠੀ ਕੀਤੀ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੀ ਟਰਾਂਸਪੋਰਟ, ਸਿੱਖਿਆ, ਸਿਹਤ ਅਤੇ ਹੋਰ ਖੇਤਰਾਂ ਵਿੱਚ ਦਿਲਚਸਪੀ ਸੀ, ਜਿਸ ਕਾਰਨ ਇਨ੍ਹਾਂ ਨੇ ਲੋਕਾਂ ਦੀ ਭਲਾਈ ਨੂੰ ਨਜ਼ਰਅੰਦਾਜ਼ ਕੀਤਾ ਅਤੇ ਇਨ੍ਹਾਂ ਆਗੂਆਂ ਨੇ ਆਪਣੇ ਸਵਾਰਥਾਂ ਨੂੰ ਪਹਿਲ ਦਿੱਤੀ।

ਮੁੱਖ ਮੰਤਰੀ ਨੇ ਵਪਾਰੀਆਂ ਨੂੰ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਤਨ-ਮਨ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਵਪਾਰੀਆਂ ਅਤੇ ਸਨਅਤਕਾਰਾਂ ਨੂੰ ਸੂਬੇ ਦੀ ਆਰਥਿਕ ਖ਼ੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਲਈ ਚੱਲ ਰਹੀ ਕ੍ਰਾਂਤੀ ਵਿੱਚ ਹਿੱਸੇਦਾਰ ਬਣਨ ਦਾ ਸੱਦਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਫੋਕਲ ਪੁਆਇੰਟਾਂ ਅਤੇ ਵਿਸ਼ੇਸ਼ ਆਰਥਿਕ ਖਿੱਤਿਆਂ (ਐਸ.ਈ.ਜ਼ੈੱਡਜ਼) ਵਿੱਚ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੇ ਨਾਲ-ਨਾਲ ਸਨਅਤੀ ਖੇਤਰਾਂ ਵਿੱਚ ਵਿਸ਼ੇਸ਼ ਪੁਲਿਸ ਚੌਕੀਆਂ ਸਥਾਪਤ ਕਰਕੇ ਸੁਰੱਖਿਆ ਯਕੀਨੀ ਬਣਾਉਣ ਦਾ ਖਾਕਾ ਤਿਆਰ ਕਰ ਲਿਆ ਹੈ।

# ਭਾਰਤੀ ਚੋਣ ਕਮਿਸ਼ਨ ਨੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਤਬਾਦਲਾ ਨੀਤੀ ਨੂੰ ਇੰਨ-ਬਿੰਨ ਲਾਗੂ ਕਰਨ ਲਈ ਦਿੱਤੇ ਨਿਰਦੇਸ਼

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਰਕਾਰਾਂ ਵੱਲੋਂ ਕਿਸੇ ਲੋਕ ਸਭਾ ਹਲਕੇ ਵਿਚ ਹੀ ਪੈਂਦੇ ਕੋਈ ਦੂਜੇ ਜ਼ਿਲ੍ਹੇ ਵਿੱਚ ਅਧਿਕਾਰੀਆਂ ਦੇ ਕੀਤੇ ਜਾ ਰਹੇ ਤਬਾਦਲੇ/ਤਾਇਨਾਤੀਆਂ ਸਬੰਧੀ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਭਾਰਤੀ ਚੋਣ ਕਮਿਸ਼ਨ ਨੇ ਮੌਜੂਦਾ ਤਬਾਦਲਾ ਨੀਤੀ ਨੂੰ ਮਜ਼ਬੂਤ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਅਧਿਕਾਰੀ ਚੋਣਾਂ ਦੇ ਪਾਰਦਰਸ਼ੀ ਤੇ ਸੁਚੱਜੇ ਅਮਲ ਵਿੱਚ ਕਿਸੇ ਕਿਸਮ ਦਾ ਕੋਈ ਵਿਘਨ ਨਾ ਪਾ ਸਕੇ।

ਮੌਜੂਦਾ ਹਦਾਇਤਾਂ ਵਿੱਚ ਖਾਮੀਆਂ ਨੂੰ ਦੂਰ ਕਰਦਿਆਂ ਕਮਿਸ਼ਨ ਨੇ ਨਿਰਦੇਸ਼ ਦਿੱਤੇ ਹਨ ਕਿ ਦੋ ਲੋਕ ਹਲਕਿਆਂ ਵਾਲੇ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਛੱਡ ਕੇ ਬਾਕੀ ਸਾਰੇ ਰਾਜ ਇਹ ਯਕੀਨੀ ਬਣਾਉਣਗੇ ਕਿ ਜਿਨ੍ਹਾਂ ਅਧਿਕਾਰੀਆਂ ਦਾ ਤਬਾਦਲਾ ਜ਼ਿਲ੍ਹੇ ਤੋਂ ਬਾਹਰ ਕੀਤਾ ਗਿਆ ਹੈ ਉਨ੍ਹਾਂ ਦੀ ਤਾਇਨਾਤੀ ਉਸੇ ਲੋਕ ਸਭਾ ਹਲਕੇ ਦੇ ਕਿਸੇ ਦੂਜੇ ਜ਼ਿਲ੍ਹੇ ਵਿੱਚ ਨਾ ਕੀਤੀ ਜਾਵੇ। ਕਮਿਸ਼ਨ ਨੇ ਇਹ ਦੁਹਰਾਇਆ ਕਿ ਤਬਾਦਲਾ ਨੀਤੀ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਪਾਲਣਾ ਦੇ ਨਾਂ 'ਤੇ ਮਹਿਜ਼ ਦਿਖਾਵਾ ਮਾਤਰ ਹੀ ਨਾ ਹੋਵੇ। ਇਹ ਨਿਯਮ ਉਨ੍ਹਾਂ ਤਬਾਦਲਿਆਂ ਅਤੇ ਤਾਇਨਾਤੀਆਂ 'ਤੇ ਵੀ ਲਾਗੂ ਹੋਵੇਗਾ ਜੋ ਕਿ ਕਮਿਸ਼ਨ ਦੀਆਂ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹੋ ਚੁੱਕੀਆਂ ਹਨ। ਭਾਰਤੀ ਚੋਣ ਕਮਿਸ਼ਨ ਦੀ ਨੀਤੀ ਅਨੁਸਾਰ ਉਨ੍ਹਾਂ ਸਾਰੇ ਅਧਿਕਾਰੀਆਂ ਦਾ ਤਬਾਦਲਾ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਜੋ ਜਾਂ ਤਾਂ ਆਪਣੇ ਪਿੱਤਰੀ ਜ਼ਿਲ੍ਹੇ ਵਿੱਚ ਤਾਇਨਾਤ ਹਨ ਜਾਂ ਆਪਣੇ ਸਥਾਨ 'ਤੇ ਤਿੰਨ ਸਾਲ ਪੂਰੇ ਕਰ ਚੁੱਕੇ ਹਨ। ਇਨ੍ਹਾਂ ਵਿੱਚ ਉਹ ਅਧਿਕਾਰੀ ਵੀ ਸ਼ਾਮਲ ਹਨ, ਜੋ ਕਿਸੇ ਵੀ ਤਰੀਕੇ ਨਾਲ ਸਿੱਧੇ ਤੌਰ 'ਤੇ ਚੋਣ ਦੇ ਕੰਮ ਨਾਲ ਜੁੜੇ ਹੋਏ ਹਨ ਜਾਂ ਸੁਪਰਵਾਈਜ਼ਰੀ ਸਮਰੱਥਾ ਰੱਖਦੇ ਹਨ। ਚੋਣਾਂ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਦੇ ਮਕਸਦ ਨਾਲ ਕਿਸੇ ਵੀ ਢੰਗ ਨਾਲ ਚੋਣ ਪ੍ਰਕਿਰਿਆ ਭੰਗ ਕਰਨ ਵਾਲਿਆਂ ਵਿਰੁੱਧ ਕਮਿਸ਼ਨ ਵੱਲੋਂ ਜ਼ੀਰੋ ਟਾਲਰੈਂਸ ਦੀ ਨੀਤੀ ਅਖ਼ਤਿਆਰ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਹਾਲ ਹੀ 'ਚ ਹੋਈਆਂ ਪੰਜ ਰਾਜ ਵਿਧਾਨ ਸਭਾ ਚੋਣਾਂ ਦੌਰਾਨ ਕਮਿਸ਼ਨ ਨੇ ਵੱਖ-ਵੱਖ ਅਧਿਕਾਰੀਆਂ ਦੇ ਤਬਾਦਲਿਆਂ ਦੇ ਹੁਕਮ ਦਿੱਤੇ ਸਨ, ਜਿਨ੍ਹਾਂ ਵਿੱਚ ਰਾਜਾਂ ਦੇ ਕਈ ਸੀਨੀਅਰ ਪੁਲਿਸ ਅਧਿਕਾਰੀ ਵੀ ਸ਼ਾਮਲ ਹਨ।

# ਸਲੀਪਵੈਲ ਨੇ ਸੰਗੀਤ ਅਤੇ ਕਵਿਤਾ ਨਾਲ ਭਰਿਆ ਇੱਕ ਜਾਦੂਈ ਤਿਉਹਾਰ 'ਦਿ ਸੇਕਰਡ ਅੰਮ੍ਰਿਤਸਰ-2024' ਕੀਤਾ ਪੇਸ਼

**ਲੁਧਿਆਣਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਲੀਪਵੈਲ ਵੱਲੋਂ ਪੇਸ਼ ਕੀਤੇ ਗਏ ਅਤੇ ਰੰਗਲਾ ਪੰਜਾਬ ਦੇ ਸਹਿਯੋਗ ਨਾਲ ਸੈਕਰਡ ਅੰਮ੍ਰਿਤਸਰ ਦੇ ਦੂਜੇ ਐਡੀਸ਼ਨ ਦਾ ਅਰਥ ਅੰਮ੍ਰਿਤਸਰ ਵਿਖੇ ਸ਼ਾਨਦਾਰ ਉਦਘਾਟਨੀ ਸਮਾਰੋਹ ਹੋਇਆ। ਸ਼ਾਮ ਨੂੰ ਭਾਰਤ ਦੇ ਕੁਝ ਸਰਬੋਤਮ ਕਵੀਆਂ ਅਤੇ ਕਲਾਕਾਰਾਂ ਦੇ ਇਕੱਠੇ ਹੋਣ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਰਿਸੈਪਸ਼ਨ ਨੇ 24 ਅਤੇ 25 ਫਰਵਰੀ ਨੂੰ ਆਯੋਜਿਤ ਹੋਣ ਵਾਲੇ ਇਸ ਫੈਸਟੀਵਲ ਦੇ ਸ਼ਾਨਦਾਰ ਦੋ ਦਿਨਾਂ ਲਈ ਸੁਰ ਤਿਆਰ ਕੀਤੀ, ਜਿਸ ਵਿੱਚ ਕ੍ਰਮਵਾਰ ਧਰਤੀ ਅਤੇ ਗੋਬਿੰਦਗੜ੍ਹ ਕਿਲ੍ਹੇ ਵਿੱਚ ਸਵੇਰ ਅਤੇ ਸ਼ਾਮ ਦੀ ਸੰਗੀਤਕ ਪੇਸ਼ਕਾਰੀ, ਦੁਪਹਿਰ ਨੂੰ ਪਾਰਟੀਸ਼ਨ ਮਿਊਜ਼ੀਅਮ ਵਿੱਚ ਅਮੀਰ ਭਾਸ਼ਣ, ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਵਿਰਾਸਤੀ ਸੈਰ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਸਲੀਪਵੈਲ ਫਾਊਂਡੇਸ਼ਨ ਦੀ ਮੈਨੇਜਿੰਗ ਟਰੱਸਟੀ ਨਮਿਤਾ ਗੌਤਮ ਨੇ ਕਿਹਾ ਕਿ ਹੁਣ 50 ਸਾਲਾਂ ਤੋਂ ਵੱਧ ਸਮੇਂ ਤੋਂ, ਅਸੀਂ ਲੋਕਾਂ ਨੂੰ ਚੰਗੀ ਨੀਂਦ ਦਿਲਾਣ ਦੇ ਕਾਰੋਬਾਰ ਵਿੱਚ ਹਾਂ ਅਤੇ ਸਾਡਾ ਉਦੇਸ਼ ਸਾਡੇ ਵਿਭਿੰਨ ਉਤਪਾਦਾਂ ਰਾਹੀਂ ਭਾਵਨਾਤਮਕ, ਸਰੀਰਕ ਅਤੇ ਅਧਿਆਤਮਿਕ ਤੰਦਰੁਸਤੀ ਨੂੰ ਉਤਸ਼ਾਹਤ ਕਰਨਾ ਹੈ। ਉਦਘਾਟਨੀ ਰਿਸੈਪਸ਼ਨ ਵਿੱਚ ਪ੍ਰਸਿੱਧ ਭਾਰਤੀ ਗੀਤਕਾਰ ਅਤੇ ਪਲੇਬੈਕ ਗਾਇਕ ਸਵਾਨੰਦ ਕਿਰਕੇਰੇ; ਨਾਟਕਕਾਰ, ਲੇਖਕ ਅਤੇ ਪੋਡਕਾਸਟਰ ਸਰਬਪ੍ਰੀਤ ਸਿੰਘ; ਅਤੇ ਅਕਾਦਮਿਕ, ਆਰਕੀਟੈਕਟ ਅਤੇ ਕਵੀ ਸਰਬਜੋਤ ਸਿੰਘ ਬਹਿਲ ਨੇ ਕਵਿਤਾ ਅਤੇ ਇਸ ਕਲਾ ਦੇ ਡੂੰਘੇ ਪ੍ਰਭਾਵ ਦਾ ਜਸ਼ਨ ਮਨਾਉਣ ਲਈ ਲੇਖਕ ਅਤੇ ਕਵੀ ਸੌਮਿਆ ਕੁਲਸ਼੍ਰੇਸ਼ਠ ਨਾਲ ਇੱਕ ਸੈਸ਼ਨ ਵਿੱਚ ਹਿੱਸਾ ਲਿਆ।

ਇਸ ਫੈਸਟੀਵਲ ਦਾ ਉਦਘਾਟਨ ਸਲੀਪਵੈਲ ਦੀ ਡਾਇਰੈਕਟਰ ਨਮਿਤਾ ਗੌਤਮ ਅਤੇ ਟੀਮ ਵਰਕ ਆਰਟਸ ਦੇ ਮੈਨੇਜਿੰਗ ਡਾਇਰੈਕਟਰ ਸੰਜੇ ਕੇ ਰਾਏ ਨੇ ਕੀਤਾ।

# ਮੁੱਖ ਮੰਤਰੀ ਵੱਲੋਂ ਮਾਪਿਆਂ ਨੂੰ 15 ਮਾਰਚ ਤੱਕ ਆਪਣੇ ਬੱਚਿਆਂ ਨੂੰ 'ਸਕੂਲ ਆਫ਼ ਐਮੀਨੈਂਸ' ਵਿੱਚ ਦਾਖ਼ਲ ਕਰਵਾਉਣ ਦੀ ਅਪੀਲ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਕੂਲੀ ਵਿਦਿਆਰਥੀਆਂ ਦੇ ਮਾਪਿਆਂ ਨੂੰ ਸੂਬਾ ਸਰਕਾਰ ਵੱਲੋਂ ਸਥਾਪਿਤ ਕੀਤੇ 'ਸਕੂਲ ਆਫ਼ ਐਮੀਨੈਂਸ' ਵਿੱਚ ਆਪਣੇ ਬੱਚਿਆਂ ਨੂੰ ਦਾਖਲ ਕਰਵਾ ਕੇ ਸੂਬੇ ਦੀ ਸਿੱਖਿਆ ਕ੍ਰਾਂਤੀ ਦਾ ਹਿੱਸਾ ਬਣਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਮਾਪੇ https://schoolofeminence.pseb.ac.in ਲਿੰਕ 'ਤੇ ਕਲਿੱਕ ਕਰਕੇ ਆਪਣੇ ਬੱਚਿਆਂ ਨੂੰ ਇਨ੍ਹਾਂ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤ ਵਿੱਚ ਦਾਖਲ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਦਾਖਲੇ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ 15 ਮਾਰਚ ਤੱਕ ਚੱਲੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਾਪਿਆਂ ਲਈ ਇਹ ਸੁਨਹਿਰੀ ਮੌਕਾ ਹੈ ਕਿ ਉਹ ਇਨ੍ਹਾਂ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਦਾਖਲਾ ਕਰਵਾ ਕੇ ਉਨ੍ਹਾਂ ਲਈ ਮਿਆਰੀ ਸਿੱਖਿਆ ਯਕੀਨੀ ਬਣਾਉਣ। ਮੁੱਖ ਮੰਤਰੀ ਨੇ ਦੱਸਿਆ ਕਿ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸੂਬੇ ਦੇ 23 ਜ਼ਿਲ੍ਹਿਆਂ ਵਿੱਚ 117 'ਸਕੂਲ ਆਫ਼ ਐਮੀਨੈਂਸ' ਸਥਾਪਤ ਕੀਤੇ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਭਵਿੱਖੀ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਕੂਲਾਂ ਵਿੱਚ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੂਲ ਸਹਾਇਤਾ ਅਤੇ ਸਮਰੱਥਾ ਦੇ ਪੰਜ ਥੰਮ੍ਹਾਂ ਜਿਵੇਂ ਬੁਨਿਆਦੀ ਢਾਂਚਾ, ਅਕਾਦਮਿਕ, ਮਨੁੱਖੀ ਸਰੋਤ ਪ੍ਰਬੰਧਨ, ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਅਤੇ ਭਾਈਚਾਰਕ ਸ਼ਮੂਲੀਅਤ 'ਤੇ ਸਥਾਪਿਤ ਕੀਤੇ ਗਏ ਹਨ ਤਾਂ ਜੋ ਉੱਚ ਸਿੱਖਿਆ, ਰੁਜ਼ਗਾਰ ਅਤੇ ਸਿਖਲਾਈ ਲਈ ਵਿਦਿਆਰਥੀਆਂ ਦੀ ਵਿਅਕਤੀਗਤ ਯੋਗਤਾ ਅਤੇ ਹੁਨਰ ਨੂੰ ਨਿਖਾਰਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੀ ਪੁਰਾਤਨ ਸ਼ਾਨ ਬਹਾਲ ਹੋ ਜਾਵੇਗੀ। ਭਗਵੰਤ ਸਿੰਘ ਮਾਨ ਨੇ ਆਸ ਪ੍ਰਗਟਾਈ ਕਿ ਉਹ ਸਮਾਂ ਬਹੁਤਾ ਦੂਰ ਨਹੀਂ ਜਦੋਂ ਇਨ੍ਹਾਂ ਸਕੂਲਾਂ ਤੋਂ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਦੇਸ਼ ਭਰ ਵਿੱਚ ਹਰ ਖੇਤਰ 'ਚ ਮੱਲਾਂ ਮਾਰਨਗ

# ਯੂਪੀ 'ਚ ਟਰੈਕਟਰ-ਟਰਾਲੀ ਪਲਟ ਕੇ ਛੱਪੜ 'ਚ ਡਿੱਗਣ ਕਾਰਨ 8 ਬੱਚਿਆਂ ਸਣੇ 22 ਮੌਤਾਂ, 10 ਦੇ ਕਰੀਬ ਜ਼ਖ਼ਮੀ



**ਲਖਨਊ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਆਗੂ ਰਾਹੁਲ ਗਾਂਧੀ ਦੀ ਅਗਵਾਈ ਹੇਠ 'ਭਾਰਤ ਜੋੜੋ ਨਿਆਏ ਯਾਤਰਾ' ਅੱਜ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਤੋਂ ਰਵਾਨਾ ਹੋਈ, ਜਿਸ ਵਿੱਚ ਪ੍ਰਿਯੰਕਾ ਗਾਂਧੀ ਵਾਡਰਾ ਵੀ ਆਪਣੇ ਭਰਾ ਸਮੇਤ ਸ਼ਾਮਲ ਹੋਈ। ਪ੍ਰਾਪਤ ਜਾਣਕਾਰੀ ਮੁਤਾਬਕ ਜਦੋਂ ਯਾਤਰਾ ਮੁਰਾਦਾਬਾਦ ਦੀਆਂ ਸੜਕਾਂ 'ਤੇ ਅੱਗੇ ਵਧੀ ਤਾਂ ਉੱਥੇ ਵੱਖ-ਵੱਖ ਵਰਗਾਂ ਦੇ ਲੋਕ ਮੌਜੂਦ ਸਨ। ਖੁੱਲ੍ਹੀ ਜੀਪ 'ਚ ਸਵਾਰ ਦੋਵੇਂ ਨੇਤਾਵਾਂ ਦਾ ਉਨ੍ਹਾਂ ਦੇ ਸਮਰਥਕਾਂ ਵਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਦੋਵਾਂ ਨੇਤਾਵਾਂ ਤੇ ਪਾਰਟੀ ਦੇ ਹੱਕ ਵਿੱਚ ਲੋਕਾਂ ਨੇ ਨਾਅਰੇ ਮਾਰੇ।

# ਟਰੈਕਟਰ-ਟਰਾਲੀ ਪਲਟ ਕੇ ਛੱਪੜ 'ਚ ਡਿੱਗਣ ਕਾਰਨ 8 ਬੱਚਿਆਂ ਸਣੇ 22 ਮੌਤਾਂ, 10 ਦੇ ਕਰੀਬ ਜ਼ਖ਼ਮੀ

**ਲਖਨਊ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਦੇ ਕਾਸਗੰਜ ਜ਼ਿਲ੍ਹੇ ਵਿੱਚ ਟਰੈਕਟਰ-ਟਰਾਲੀ ਪਲਟਣ ਅਤੇ



ਛੱਪੜ ਵਿੱਚ ਡਿੱਗਣ ਕਾਰਨ 8 ਬੱਚਿਆਂ ਸਮੇਤ 22 ਵਿਅਕਤੀਆਂ ਦੀ ਮੌਤ ਹੋ ਗਈ। ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਵਾਹਨ 'ਚ ਸਵਾਰ ਲੋਕ ਜ਼ਿਲ੍ਹੇ ਦੇ ਪਟਿਆਲੀ ਖੇਤਰ 'ਚ ਗੰਗਾ ਨਦੀ 'ਚ ਇਸ਼ਨਾਨ ਕਰਨ ਜਾ ਰਹੇ ਸਨ, ਜਦੋਂ ਪਟਿਆਲੀ-ਦਰਿਆਵਗੰਜ ਰੋਡ 'ਤੇ ਇਹ ਹਾਦਸਾ ਹੋ ਗਿਆ। ਕਰੀਬ 10 ਵਿਅਕਤੀ ਜ਼ਖ਼ਮੀ ਹਾਲਤ 'ਚ ਹਸਪਤਾਲ 'ਚ ਭਰਤੀ ਹਨ। ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਤੇ ਜ਼ਖ਼ਮੀਆਂ 50-50 ਹਜ਼ਾਰ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।

# ਗੈਰ-ਕਾਨੂੰਨੀ ਤੌਰ 'ਤੇ ਹਾਊਸਿੰਗ ਪ੍ਰਾਜੈਕਟ ਪਾਸ ਕਰਨ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਡਿਵੈਲਪਰ ਜਰਨੈਲ ਬਾਜਵਾ, ਸੀ.ਟੀ.ਪੀ. ਪੰਕਜ ਬਾਵਾ, ਪਟਵਾਰੀ ਲੇਖ ਰਾਜ ਵਿਰੁੱਧ ਮੁਕੱਦਮਾ ਦਰਜ

**ਵਿਜੀਲੈਂਸ ਵੱਲੋਂ ਸੀ.ਟੀ.ਪੀ. ਬਾਵਾ ਗ੍ਰਿਫ਼ਤਾਰ, ਹੋਰ ਅਧਿਕਾਰੀਆਂ ਦੀ ਭੂਮਿਕਾ ਦੀ ਹੋਵੇਗੀ ਜਾਂਚ**

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਬਾਜਵਾ ਡਿਵੈਲਪਰਜ਼ ਲਿਮਟਿਡ, ਸੰਨੀ ਇਨਕਲੇਵ ਖਰੜ ਦੇ ਡਾਇਰੈਕਟਰ ਜਰਨੈਲ ਸਿੰਘ ਬਾਜਵਾ ਵਾਸੀ ਸੈਕਟਰ-71 ਐਸ.ਏ.ਐਸ. ਨਗਰ, ਚੀਫ਼ ਟਾਊਨ ਪਲਾਨਰ ਪੰਜਾਬ (ਸੀ.ਟੀ.ਪੀ.) ਪੰਕਜ ਬਾਵਾ ਵਾਸੀ ਮਕਾਨ ਨੰ. 253, ਸੈਕਟਰ-22 ਏ, ਚੰਡੀਗੜ੍ਹ ਅਤੇ ਮਾਲ ਪਟਵਾਰੀ ਲੇਖ ਰਾਜ (ਹੁਣ ਸੇਵਾਮੁਕਤ) ਵਾਸੀ ਮਕਾਨ ਨੰਬਰ 55, ਸੈਕਟਰ-118, ਟੀ.ਡੀ.ਆਈ. ਐਸ.ਏ.ਐਸ. ਨਗਰ ਵਿਰੁੱਧ ਗੈਰ-ਕਾਨੂੰਨੀ ਤੌਰ 'ਤੇ ਹਾਊਸਿੰਗ ਪ੍ਰਾਜੈਕਟ ਪਾਸ ਕਰਨ ਤੇ ਲੋੜੀਂਦੀ ਫੀਸ ਜਮਾਂ ਨਾ ਕਰਾਉਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਸੀ.ਟੀ.ਪੀ. ਪੰਜਾਬ ਪੰਕਜ ਬਾਵਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇੱਕ ਸ਼ਿਕਾਇਤ ਦੀ ਜਾਂਚ ਦੌਰਾਨ ਪਾਇਆ ਗਿਆ ਕਿ ਮੈਸਰਜ਼ ਬਾਜਵਾ ਡਿਵੈਲਪਰਜ਼ ਲਿਮਟਿਡ ਨੇ ਜ਼ਿਲ੍ਹਾ ਮੋਹਾਲੀ ਦੇ ਪਿੰਡ ਸਿੰਹਪੁਰ, ਹਸਨਪੁਰ ਅਤੇ ਜੰਡਪੁਰ ਦੀ 179 ਏਕੜ ਜ਼ਮੀਨ ਵਿੱਚ ਸੂਬਾ ਸਰਕਾਰ ਤੋਂ ਰਿਹਾਇਸ਼ੀ/ਵਪਾਰਕ ਪ੍ਰਾਜੈਕਟ ਪਾਸ ਕਰਵਾਇਆ ਸੀ। ਅਧਿਕਾਰਤ ਕਮੇਟੀ ਵੱਲੋਂ 22-03-2013 ਨੂੰ ਲਏ ਗਏ ਫੈਸਲੇ ਅਨੁਸਾਰ, ਉਕਤ ਪ੍ਰਮੋਟਰ ਨੇ ਕੈਂਸਰ ਰਾਹਤ ਫੰਡ ਵਜੋਂ ਪ੍ਰਾਜੈਕਟ ਦੀ ਲਾਗਤ ਦਾ ਇੱਕ ਫ਼ੀਸਦ ਜਾਂ ਵੱਧ ਤੋਂ ਵੱਧ 1 ਕਰੋੜ ਰੁਪਏ ਸਰਕਾਰ ਕੋਲ ਜਮ੍ਹਾ ਨਹੀਂ ਕਰਵਾਏ ਅਤੇ ਇਸ ਸਬੰਧੀ ਪੁੱਡਾ ਦੇ ਅਧਿਕਾਰੀਆਂ/ਕਰਮਚਾਰੀਆਂ ਨੇ ਨਿਯਮਾਂ ਅਨੁਸਾਰ ਉਕਤ ਡਿਵੈਲਪਰ ਵਿਰੁੱਧ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ। ਇਸ ਤੋਂ ਇਲਾਵਾ, ਬਾਜਵਾ ਡਿਵੈਲਪਰਜ਼ ਲਿਮਟਿਡ ਨੇ ਸੈਕਟਰ 120, 123, 124 ਅਤੇ 125 ਵਿੱਚ ਸੰਨੀ ਐਨਕਲੇਵ, ਪਿੰਡ ਜੰਡਪੁਰ, ਸਿੰਹਪੁਰ, ਹਸਨਪੁਰ ਵਿੱਚ ਰਿਹਾਇਸ਼ੀ ਮੈਗਾ ਪ੍ਰੋਜੈਕਟ ਦਾ ਲੇਆਊਟ ਪਲਾਨ ਵੀ ਮਨਜ਼ੂਰ ਕਰਵਾ ਲਿਆ ਸੀ ਜਿਸ ਵਿੱਚ 9.09 ਏਕੜ ਵਿੱਚ ਆਰਥਿਕ ਤੌਰ 'ਤੇ ਪਛੜੇ ਵਰਗਾਂ (ਈ.ਡਬਲਯੂ.ਐਸ.) ਲਈ ਰਿਹਾਇਸ਼ੀ ਯੋਜਨਾ ਵੀ ਮਨਜ਼ੂਰ ਕਰਵਾ ਲਈ ਸੀ। ਇਸ ਰਕਬੇ ਵਿੱਚੋਂ ਪਿੰਡ ਹਸਨਪੁਰ ਦਾ 4 ਕਨਾਲ 17.1/10 ਮਰਲੇ ਅਤੇ ਪਿੰਡ ਸਿੰਹਪੁਰ ਦਾ 57 ਕਨਾਲ 0.1/2 ਮਰਲੇ ਰਕਬਾ ਗਮਾਡਾ ਦੇ ਨਾਂ 'ਤੇ ਰਜਿਸਟਰਡ ਕਰਵਾ ਦਿੱਤਾ ਪਰ ਬਾਜਵਾ ਡਿਵੈਲਪਰਜ਼ ਲਿਮਟਿਡ ਵੱਲੋਂ 1.32 ਏਕੜ ਰਕਬੇ ਦੀ ਰਜਿਸਟਰੀ ਅਜੇ ਵੀ ਗਮਾਡਾ ਦੇ ਨਾਮ 'ਤੇ ਨਹੀਂ ਕਰਵਾਈ ਗਈ ਸੀ। ਇਹ ਵੀ ਸਾਹਮਣੇ ਆਇਆ ਕਿ 7 ਸਾਲ ਬੀਤ ਜਾਣ ਤੋਂ ਬਾਅਦ ਵੀ ਉਕਤ ਜ਼ਮੀਨ ਦਾ ਇੰਤਕਾਲ ਗਮਾਡਾ ਦੇ ਨਾਂ 'ਤੇ ਰਜਿਸਟਰਡ ਨਹੀਂ ਕਰਵਾਇਆ ਗਿਆ ਅਤੇ ਇਹ ਰਕਬਾ ਅਜੇ ਵੀ ਮੈਸਰਜ਼ ਬਾਜਵਾ ਡਿਵੈਲਪਰਜ਼ ਅਤੇ ਡਿਵੈਲਪਰ ਨੂੰ ਸਹਿਮਤੀ ਦੇਣ ਵਾਲੇ ਜ਼ਮੀਨ ਮਾਲਕਾਂ ਦੀ ਮਲਕੀਅਤ ਅਧੀਨ ਹੈ ਜੋ ਬਾਜਵਾ ਡਿਵੈਲਪਰਜ਼ ਲਿਮਟਿਡ ਦੀ ਗਮਾਡਾ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਮਿਲੀਭੁਗਤ ਨੂੰ ਸਪੱਸ਼ਟ ਤੌਰ 'ਤੇ ਸਾਬਤ ਕਰਦਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਜਾਂਚ ਦੌਰਾਨ ਇਹ ਵੀ ਪਾਇਆ ਗਿਆ ਕਿ ਸੀ.ਟੀ.ਪੀ. ਦਫ਼ਤਰ ਦੇ ਅਧਿਕਾਰੀਆਂ/ਕਰਮਚਾਰੀਆਂ ਨੇ ਪਿੰਡ ਸਿੰਹਪੁਰ, ਤਹਿਸੀਲ ਮੋਹਾਲੀ ਦੇ ਖਸਰਾ ਨੰਬਰ 3//1/1/1, 4//5/2, 4//2, 4//3/1, 11//16/3 (ਸ਼ਾਮਲਾਤ ਜ਼ਮੀਨ) ਸਬੰਧੀ ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ (ਸੀ.ਐਲ.ਯੂ.) ਸਰਟੀਫਿਕੇਟ ਪਾਸ ਨਹੀਂ ਕੀਤਾ ਸੀ ਪਰ ਬਾਜਵਾ ਡਿਵੈਲਪਰਜ਼ ਲਿਮਟਿਡ ਦੇ ਡਾਇਰੈਕਟਰ ਜਰਨੈਲ ਸਿੰਘ ਬਾਜਵਾ ਨੇ ਤਤਕਾਲੀ ਡੀ.ਟੀ.ਪੀ. ਪੰਕਜ ਬਾਵਾ (ਹੁਣ ਸੀ.ਟੀ.ਪੀ.), ਸਹਾਇਕ ਟਾਊਨ ਪਲਾਨਰ ਰਘਬੀਰ ਸਿੰਘ ਅਤੇ ਪਟਵਾਰੀ ਲੇਖ ਰਾਜ (ਸੇਵਾਮੁਕਤ) ਦੀ ਮਿਲੀਭੁਗਤ ਨਾਲ ਬਿਨਾਂ ਕਿਸੇ ਪ੍ਰਵਾਨਗੀ ਦੇ ਲੇਆਉਟ ਪਲਾਨ ਵਿੱਚ ਉਕਤ ਜ਼ਮੀਨ ਦੀ ਮਨਜ਼ੂਰੀ ਪ੍ਰਾਪਤ ਕਰ ਲਈ। ਇਸੇ ਤਰ੍ਹਾਂ ਬਾਜਵਾ ਡਿਵੈਲਪਰਜ਼ ਨੇ ਚੀਫ ਟਾਊਨ ਪਲਾਨਰ ਪੰਜਾਬ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਮਿਲੀਭੁਗਤ ਨਾਲ ਵੱਖ-ਵੱਖ ਵਿਅਕਤੀਆਂ ਦੀ ਜ਼ਮੀਨ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਜਾਅਲੀ ਸਹਿਮਤੀ ਨਾਲ ਲੇਆਉਟ ਪਲਾਨ ਵਿੱਚ ਪਾਸ ਕਰਵਾ ਲਈ। ਇਸ ਤੋਂ ਇਲਾਵਾ ਪਿੰਡ ਜੰਡਪੁਰ ਦੀ ਜ਼ਮੀਨ ਖਸਰਾ ਨੰ: 16//16, 16//17 ਕੁੱਲ ਰਕਬਾ 2 ਏਕੜ, ਜੋ ਸਮਾਧ ਪੁਖਤਾ ਬਾਬਾ ਗੁਲਾਬਦਾਸ ਚੇਲਾ ਬੈਜਲਦਾਸ ਦੇ ਨਾਂ 'ਤੇ ਰਜਿਸਟਰਡ ਹੈ, ਨੂੰ ਵੀ ਜਾਅਲੀ ਸਹਿਮਤੀ ਦੇ ਆਧਾਰ 'ਤੇ ਪ੍ਰਾਜੈਕਟ ਵਿਚ ਸ਼ਾਮਲ ਕੀਤਾ ਗਿਆ ਸੀ।

ਬਾਜਵਾ ਡਿਵੈਲਪਰਜ਼ ਲਿਮਟਿਡ ਦੇ ਡਾਇਰੈਕਟਰ ਜਰਨੈਲ ਸਿੰਘ ਬਾਜਵਾ ਨੇ ਗਮਾਡਾ ਦੇ ਤਤਕਾਲੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸਾਲ 2014, 2015 ਦੌਰਾਨ ਸੈਕਟਰ 123 ਦੇ ਮੈਗਾ ਪ੍ਰਾਜੈਕਟ ਵਿੱਚ ਡਿਜ਼ਾਈਨ/ਨਕਸ਼ੇ ਪਾਸ ਕਰਵਾਏ ਬਿਨਾਂ ਹੀ 78 ਦੇ ਕਰੀਬ ਕਮਰਸ਼ੀਅਲ ਬੂਥਾਂ ਦੀ ਉਸਾਰੀ ਕਰਵਾ ਦਿੱਤੀ ਜਿਸ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਆਰਥਿਕ ਨੁਕਸਾਨ ਹੋਇਆ ਜੋ ਨਕਸ਼ੇ ਦੀ ਫੀਸ ਵਜੋਂ ਭੁਗਤਾਨ ਕੀਤੇ ਜਾਣੇ ਸਨ। ਇਸ ਸਬੰਧੀ ਵਿਜੀਲੈਂਸ ਬਿਊਰੋ ਵੱਲੋਂ ਆਈ.ਪੀ.ਸੀ ਦੀ ਧਾਰਾ 409, 420, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1)(ਏ) ਅਤੇ 13(2) ਤਹਿਤ ਥਾਣਾ ਵਿਜੀਲੈਂਸ ਬਿਊਰੋ, ਫਲਾਇੰਗ ਸਕੁਐਡ-1, ਪੰਜਾਬ, ਮੋਹਾਲੀ ਵਿਖੇ ਮਿਤੀ 24.02.2024 ਨੂੰ ਮੁਕੱਦਮਾ ਨੰਬਰ 03 ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਇਸ ਮਾਮਲੇ ਦੀ ਜਾਂਚ ਦੌਰਾਨ ਗਮਾਡਾ, ਪੁੱਡਾ, ਚੀਫ਼ ਟਾਊਨ ਪਲਾਨਰ ਪੰਜਾਬ ਅਤੇ ਨਗਰ ਕੌਂਸਲ ਖਰੜ ਦੇ ਅਧਿਕਾਰੀਆਂ/ਕਰਮਚਾਰੀਆਂ ਜਾਂ ਨਿੱਜੀ ਵਿਅਕਤੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

# ਅੰਤਰ ਪੌਲੀਟੈਕਨਿਕ ਯੁਵਕ ਮੇਲੇ 'ਚ ਓਵਰਆਲ ਟਰਾਫ਼ੀ ਸਰਕਾਰੀ ਪੌਲੀਟੈਕਨਿਕ ਪਟਿਆਲਾ ਨੇ ਜਿੱਤੀ



**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਹਰਪਾਲ ਟਿਵਾਣਾ ਕਲਾ ਕੇਂਦਰ ਪਟਿਆਲਾ ਵਿਖੇ ਅੰਤਰ ਪੌਲੀਟੈਕਨਿਕ ਰਾਜ ਪੱਧਰੀ ਯੁਵਕ ਮੇਲਾ ਆਖ਼ਰੀ ਦਿਨ ਇਕਹਿਰੇ ਲੋਕ ਨਾਚ ਅਤੇ ਭੰਗੜੇ ਦੀਆਂ ਪੇਸ਼ਕਾਰੀਆਂ ਨਾਲ ਪੰਜਾਬ ਦੇ ਅਮੀਰ ਵਿਰਸੇ ਦੀ ਛਾਪ ਛੱਡਦਾ ਹੋਇਆ ਸਮਾਪਤ ਹੋਇਆ।

ਯੁਵਕ ਮੇਲੇ ਦੇ ਆਖ਼ਰੀ ਦਿਨ ਬਤੌਰ ਮੁੱਖ ਮਹਿਮਾਨ ਮੈਨੇਜਿੰਗ ਡਾਇਰੈਕਟਰ ਪੀ ਆਰ ਟੀ ਸੀ ਰਵਿੰਦਰ ਸਿੰਘ ਨੇ ਸ਼ਿਰਕਤ ਕੀਤੀ ਅਤੇ ਇਨਾਮਾਂ ਦੀ ਵੰਡ ਕੀਤੀ। ਉਹਨਾਂ ਕਿਹਾ ਕਿ ਉਹਨਾਂ ਆਪਣੇ ਕੈਰੀਅਰ ਦੀ ਸ਼ੁਰੂਆਤ ਸਰਕਾਰੀ ਪੌਲੀਟੈਕਨਿਕ ਕਾਲਜ ਅੰਮ੍ਰਿਤਸਰ ਤੋਂ ਹੀ ਕੀਤੀ ਸੀ। ਉਹਨਾਂ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਯੁਵਕ ਮੇਲੇ ਇਨਸਾਨ ਦੇ ਵਿਅਕਤੀਤਵ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ।

ਇਸ ਮੌਕੇ ਵਿਭਾਗ ਦੇ ਵਧੀਕ ਡਾਇਰੈਕਟਰ ਮੋਹਨਵੀਰ ਸਿੰਘ ਸਿੱਧੂ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ ਅਤੇ ਮੇਲੇ ਦੇ ਭਾਗੀਦਾਰਾਂ ਨੂੰ ਵਧਾਈ ਦਿੱਤੀ। ਪੀ ਟੀ ਆਈ ਐਸ ਪੰਜਾਬ ਦੇ ਪ੍ਰਧਾਨ ਅਤੇ ਮਾਈ ਭਾਗੋ ਸਰਕਾਰੀ ਬਹੁਤਕਨੀਕੀ ਅੰਮ੍ਰਿਤਸਰ ਦੇ ਪ੍ਰਿੰਸੀਪਲ ਪਰਮਵੀਰ ਸਿੰਘ ਮੱਤੇਵਾਲ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਇਸ ਮੇਲੇ ਦੀ ਸਫਲਤਾ ਲਈ ਮੇਜ਼ਬਾਨ ਪ੍ਰਿੰਸੀਪਲ ਰਵਿੰਦਰ ਸਿੰਘ ਹੁੰਦਲ ਅਤੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

ਪ੍ਰਿੰਸੀਪਲ ਰਵਿੰਦਰ ਸਿੰਘ ਹੁੰਦਲ ਨੇ ਕਿਹਾ ਇਹਨਾਂ ਯੁਵਕ ਮੇਲਿਆਂ ਦਾ ਮਕਸਦ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਨੂੰ ਨਿਖਾਰ ਕੇ ਅਮੀਰ ਵਿਰਾਸਤ ਦਾ ਹਿੱਸਾ ਬਣਾਉਣਾ ਹੈ। ਕਾਲਜ ਦੇ ਮੀਡੀਆ ਇੰਚਾਰਜ ਪ੍ਰੋ ਨਰਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਅੱਜ ਕਰਵਾਏ ਗਏ ਇਕਹਿਰੇ ਲੋਕ ਨਾਚ ਮੁਕਾਬਲੇ ਵਿਚ ਲੜਕੀਆਂ ਦਾ ਮੁਕਾਬਲਾ ਮਾਈ ਭਾਗੋ ਸਰਕਾਰੀ ਬਹੁਤਕਨੀਕੀ ਅੰਮ੍ਰਿਤਸਰ ਅਤੇ ਲੜਕਿਆਂ ਵਿੱਚ ਸਰਕਾਰੀ ਪੌਲੀਟੈਕਨਿਕ ਪਟਿਆਲਾ ਨੇ ਬਾਜ਼ੀ ਮਾਰੀ। ਭੰਗੜੇ ਦੇ ਮੁਕਾਬਲੇ ਵਿਚ ਸਰਕਾਰੀ ਪੌਲੀਟੈਕਨਿਕ ਫ਼ਿਰੋਜ਼ਪੁਰ ਨੇ ਪਹਿਲਾ ਸਥਾਨ, ਸਰਕਾਰੀ ਪੌਲੀਟੈਕਨਿਕ ਰਣਵਾਂ ਫ਼ਤਿਹਗੜ੍ਹ ਸਾਹਿਬ ਅਤੇ ਚੰਡੀਗੜ੍ਹ ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਨੇ ਦੂਸਰਾ ਅਤੇ ਹੁਸ਼ਿਆਰਪੁਰ ਅਤੇ ਸਰਕਾਰੀ ਪੌਲੀਟੈਕਨਿਕ ਅੰਮ੍ਰਿਤਸਰ ਨੇ ਤੀਜਾ ਸਥਾਨ ਹਾਸਲ ਕੀਤਾ।

ਮੇਲੇ ਦੌਰਾਨ ਉੱਘੇ ਗਾਇਕ ਹਰਦੀਪ ਗਿੱਲ ਨੇ ਸ਼ਹਿਰ ਪਟਿਆਲਾ ਦੇ, ਹਰਿੰਦਰ ਹੁੰਦਲ ਨੇ ਟੱਪੇ ਅਤੇ ਲੋਕ ਬੋਲੀਆਂ ਨਾਲ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਸੂਹੀ ਸੂਹੀ ਸੰਗ ਗੀਤ ਗਾ ਕੇ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਅਮਰਿੰਦਰ ਸੰਧੂ ਅਤੇ ਜੁਗਰਾਜ ਸੰਧੂ ਭਰਾਵਾਂ ਦੀ ਜੋੜੀ ਨੇ ਭੰਗੜੇ ਦੀ ਬੀਟ ਤੇ ਮੋਰਾਂ ਵਾਂਗ ਪੈਲਾਂ ਪਾ ਸਾਰਿਆਂ ਨੂੰ ਕੀਲ ਲਿਆ। ਮੇਲੇ ਨੂੰ ਸਫਲ ਬਣਾਉਣ ਲਈ ਨਵਦੀਪ ਸਿੰਘ ਕੋਆਰਡੀਨੇਟਰ ਪੀ ਟੀ ਆਈ ਐਸ, ਰਾਮ ਸਰੂਪ ਸਕੱਤਰ, ਯਸ਼ਪਾਲ ਪਠਾਣੀਆ ਪ੍ਰਬੰਧਕੀ ਸਕੱਤਰ ਨੇ ਅਹਿਮ ਭੂਮਿਕਾ ਨਿਭਾਈ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਕਾਰਜਕਾਰੀ ਮੈਂਬਰ ਪੀ ਟੀ ਆਈ ਐਸ, ਪ੍ਰੋ ਜਸਪ੍ਰੀਤ ਸਿੰਘ ਅਤੇ ਅਮਨਪ੍ਰੀਤ ਕੌਰ ਨੇ ਅਦਾ ਕੀਤੀ।

ਮੇਲੇ ਦੌਰਾਨ ਪੰਜਾਬ ਤਕਨੀਕੀ ਸਿੱਖਿਆ ਬੋਰਡ ਦੇ ਰਜਿਸਟਰਾਰ ਸੰਜੀਵ ਗੋਇਲ, ਪ੍ਰਿੰਸੀਪਲ ਸੁਰੇਸ਼ ਕੁਮਾਰ, ਰਾਜ ਕੁਮਾਰ ਚੋਪੜਾ, ਪ੍ਰਿੰਸੀਪਲ ਕਮਲਜੀਤ ਕੌਰ, ਪ੍ਰਿੰਸੀਪਲ ਸੰਦੀਪ ਸਿੰਗਲਾ, ਸਰਕਾਰੀ ਪੌਲੀਟੈਕਨਿਕ ਬਠਿੰਡਾ ਦੇ ਪ੍ਰਿੰਸੀਪਲ ਅਨੂਜਾ ਗੁਪਾਲ, ਹਰਸ਼ ਕੁਮਾਰ ਸਰਕਾਰੀ ਸਟੇਟ ਕਾਲਜ ਦੇ ਪ੍ਰਿੰਸੀਪਲ ਚਰਨਜੀਤ ਕੌਰ ਸੇਖੋਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਅਖੀਰ ਕਾਲਜ ਦੇ ਇੰਚਾਰਜ ਵਿਦਿਆਰਥੀ ਫ਼ੰਡ ਹਰਮੇਲ ਸਿੰਘ ਚਹਿਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਆਰ.ਆਈ.ਐਮ.ਸੀ. ਦੇਹਰਾਦੂਨ ਨੇ ਜਨਵਰੀ 2025 ਟਰਮ ਲਈ ਅਰਜ਼ੀਆਂ ਮੰਗੀਆਂ; ਚੰਡੀਗੜ੍ਹ ਵਿੱਚ 1 ਜੂਨ ਨੂੰ ਹੋਵੇਗੀ ਪ੍ਰੀਖਿਆ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਇਤਿਹਾਸਕ ਤੌਰ 'ਤੇ ਅਹਿਮ ਸੂਬੇ ਪੰਜਾਬ ਤੋਂ ਭਾਰਤ ਦੀਆਂ ਰੱਖਿਆ ਸੈਨਾਵਾਂ ਵਿੱਚ ਯੋਗਦਾਨ ਦੇ ਘਟ ਰਹੇ ਰੁਝਾਨ ਨੂੰ ਠੱਲ੍ਹ ਪਾਉਣ ਦੇ ਮਨਸ਼ੇ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕਰਨ ਹਿੱਤ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਸੂਬੇ ਵਿੱਚ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਥਾਹ ਮੌਕੇ ਪ੍ਰਦਾਨ ਕਰਨ ਤੋਂ ਇਲਾਵਾ ਮਾਨ ਸਰਕਾਰ ਰੱਖਿਆ ਬਲਾਂ ਦੀਆਂ ਸੰਸਥਾਵਾਂ ਵਿੱਚ ਭਰਤੀ ਤੋਂ ਪਹਿਲਾਂ ਦੀ ਪੜ੍ਹਾਈ ਲਈ ਜ਼ਰੂਰੀ ਜਾਣਕਾਰੀ ਵੀ ਪ੍ਰਦਾਨ ਕਰ ਰਹੀ ਹੈ ਤਾਂ ਜੋ ਸੂਬੇ ਦੇ ਨੌਜਵਾਨਾਂ ਦੀ ਰੱਖਿਆ ਸੇਵਾਵਾਂ ਵਿੱਚ ਵੱਖ-ਵੱਖ ਅਹੁਦਿਆਂ 'ਤੇ ਭਰਤੀ ਯਕੀਨੀ ਬਣਾਈ ਜਾ ਸਕੇ। ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਦੱਸਿਆ ਕਿ ਰਾਸ਼ਟਰੀ ਭਾਰਤੀ ਮਿਲਟਰੀ ਕਾਲਜ ਦੇਹਰਾਦੂਨ, ਉੱਤਰਾਖੰਡ ਵੱਲੋਂ ਜਨਵਰੀ 2025 ਟਰਮ ਵਾਸਤੇ ਦਾਖ਼ਲੇ ਲਈ ਲਿਖਤੀ ਪ੍ਰੀਖਿਆ 1 ਜੂਨ 2024 (ਸ਼ਨੀਵਾਰ) ਨੂੰ ਚੰਡੀਗੜ੍ਹ ਦੇ ਸੈਕਟਰ-15 ਸਥਿਤ ਲਾਲਾ ਲਾਜਪਤ ਰਾਏ ਭਵਨ ਵਿੱਚ ਕਰਵਾਈ ਜਾਵੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਲੜਕੇ ਅਤੇ ਲੜਕੀਆਂ ਦੋਵੇਂ ਹੀ ਆਰ.ਆਈ.ਐਮ.ਸੀ, ਦੇਹਰਾਦੂਨ ਵਿੱਚ ਦਾਖ਼ਲੇ ਲਈ ਅਪਲਾਈ ਕਰਨ ਦੇ ਯੋਗ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕੈਡਿਟਾਂ ਨੂੰ ਪ੍ਰਤੀ ਕੈਡਿਟ ਪ੍ਰਤੀ ਸਾਲ 48,000 ਰੁਪਏ ਵਜ਼ੀਫ਼ਾ ਰਾਸ਼ੀ ਵਜੋਂ ਦਿੱਤੇ ਜਾਂਦੇ ਹਨ। ਜੌੜਾਮਾਜਰਾ ਦੱਸਿਆ ਕਿ ਪ੍ਰੀਖਿਆ ਦੇਣ ਵਾਲੇ ਉਮੀਦਵਾਰਾਂ ਦਾ ਜਨਮ 2 ਜਨਵਰੀ, 2012 ਤੋਂ 1 ਜੁਲਾਈ, 2013 ਵਿਚਕਾਰ ਹੋਇਆ ਹੋਵੇ। ਉਮੀਦਵਾਰ ਕਿਸੇ ਵੀ ਮਾਨਤਾ ਪ੍ਰਾਪਤ ਸਕੂਲ ਵਿੱਚ ਸੱਤਵੀਂ ਜਮਾਤ ਵਿੱਚ ਪੜ੍ਹਦਾ ਹੋਵੇ ਜਾਂ ਸੱਤਵੀਂ ਪਾਸ ਕਰ ਚੁੱਕਾ ਹੋਵੇ। ਚੁਣੇ ਗਏ ਉਮੀਦਵਾਰ ਨੂੰ ਅੱਠਵੀਂ ਜਮਾਤ ਵਿੱਚ ਦਾਖ਼ਲਾ ਦਿੱਤਾ ਜਾਵੇਗਾ। ਲਿਖਤੀ ਇਮਤਿਹਾਨ ਵਿੱਚ ਅੰਗਰੇਜ਼ੀ, ਗਣਿਤ ਅਤੇ ਸਧਾਰਣ ਗਿਆਨ ਦੇ ਤਿੰਨ ਪੇਪਰ ਸ਼ਾਮਲ ਹੋਣਗੇ। ਲਿਖਤੀ ਪ੍ਰੀਖਿਆ ਵਿੱਚ ਪਾਸ ਹੋਣ 'ਤੇ ਜ਼ੁਬਾਨੀ ਪ੍ਰੀਖਿਆ/ਇੰਟਰਵਿਊ ਲਈ ਜਾਵੇਗੀ ਜਿਸ ਸਬੰਧੀ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪ੍ਰਾਸਪੈਕਟਸ-ਕਮ-ਅਰਜ਼ੀ ਫ਼ਾਰਮ ਅਤੇ ਪੁਰਾਣੇ ਪ੍ਰਸ਼ਨ ਪੱਤਰਾਂ ਦਾ ਕਿਤਾਬਚਾ ਆਰ.ਆਈ.ਐਮ.ਸੀ. ਦੇਹਰਾਦੂਨ ਦੀ ਵੈੱਬਸਾਈਟ www.rimc.gov.in 'ਤੇ ਜਨਰਲ ਉਮੀਦਵਾਰਾਂ ਲਈ 600 ਰੁਪਏ ਅਤੇ ਅਨੁਸੂਚਿਤ ਜਾਤੀ/ਜਨਜਾਤੀ ਉਮੀਦਵਾਰਾਂ ਲਈ 555 ਰੁਪਏ ਦੀ ਆਨਲਾਈਨ ਅਦਾਇਗੀ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਭੁਗਤਾਨ ਪ੍ਰਾਪਤ ਹੋਣ 'ਤੇ ਪ੍ਰਾਸਪੈਕਟਸ-ਕਮ-ਅਰਜ਼ੀ ਫ਼ਾਰਮ ਅਤੇ ਪੁਰਾਣੇ ਪ੍ਰਸ਼ਨ ਪੱਤਰਾਂ ਦਾ ਕਿਤਾਬਚਾ ਸਪੀਡ ਪੋਸਟ ਰਾਹੀਂ ਹੀ ਭੇਜਿਆ ਜਾਵੇਗਾ। ਇਸ ਤੋਂ ਇਲਾਵਾ ਜਨਰਲ ਵਰਗ ਦੇ ਉਮੀਦਵਾਰ 600 ਰੁਪਏ ਅਤੇ ਅਨੁਸੂਚਿਤ ਜਾਤੀ/ਜਨਜਾਤੀ ਦੇ ਉਮੀਦਵਾਰ 555 ਰੁਪਏ ਦਾ ਬੈਂਕ ਡਰਾਫ਼ਟ ਕਮਾਂਡੈਂਟ ਆਰ.ਆਈ.ਐਮ. ਸੀ. ਫੰਡ, ਡਰਾਵੀ ਸ਼ਾਖਾ, ਐਚ.ਡੀ.ਐਫ.ਸੀ. ਬੈਂਕ, ਬੱਲੂਪਰ ਚੌਕ, ਦੇਹਰਾਦੂਨ (ਬੈਂਕ ਕੋਡ-1399), ਉਤਰਾਖੰਡ ਦੇ ਨਾਂ ਭੇਜ ਕੇ ਕਮਾਂਡੈਂਟ ਆਰ.ਆਈ.ਐਮ.ਸੀ, ਦੇਹਰਾਦੂਨ ਪਾਸੋਂ ਪ੍ਰਾਸਪੈਕਟਸ-ਕਮ-ਐਪਲੀਕੇਸ਼ਨ ਫ਼ਾਰਮ ਅਤੇ ਪੁਰਾਣੇ ਪ੍ਰਸ਼ਨ ਪੇਪਰਾਂ ਦਾ ਕਿਤਾਬਚਾ ਮੰਗਵਾ ਸਕਦੇ ਹਨ।

## ਕਿਸਾਨੀ ਅੰਦੋਲਨ ਦੌਰਾਨ ਸ਼ੁਭਕਰਨ ਦੀ ਮੌਤ 'ਤੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ

ਅੰਮ੍ਰਿਤਸਰ/ਬਠਿੰਡਾ 25 ਫਰਵਰੀ। ਬੀਤੇ ਦਿਨ ਕਿਸਾਨ ਅੰਦੋਲਨ ਦੌਰਾਨ 21 ਸਾਲਾ ਸ਼ੁਭਕਰਨ ਸਿੰਘ ਦੀ ਮੌਤ 'ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੁਖ ਜਤਾਇਆ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਪ੍ਰਸ਼ਾਸਨ ਇਸ ਤਰ੍ਹਾਂ ਦਾ ਰਵੀਆ ਨਹੀਂ ਕਰਦਾ ਹੁੰਦਾ, ਜਿਸ ਤਰ੍ਹਾਂ ਦਾ ਪ੍ਰਸ਼ਾਸਨ ਵੱਲੋਂ ਕੀਤਾ ਜਾ ਰਿਹਾ ਹੈ, ਜੋ ਕਿ ਬਹੁਤ ਹੀ ਨਿੰਦਣਯੋਗ ਹੈ।



ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੋਵਾਂ ਧਿਰਾਂ ਕਿਸਾਨ ਅਤੇ ਸਰਕਾਰਾਂ ਨੂੰ ਸਮਝਦਾਰੀ ਨਾਲ ਕੰਮ ਲੈਣਾ ਚਾਹੀਦਾ ਹੈ ਅਤੇ ਮੀਟਿੰਗਾਂ ਦਾ ਸਿਲਸਿਲਾ ਬੰਦ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਮੀਟਿੰਗਾਂ 'ਚ ਦਲੀਲਬਾਜੀ ਨਾਲ ਗੱਲ ਹੋਣੀ ਚਾਹੀਦੀ ਹੈ, ਜੋ ਕਿਸਾਨਾਂ ਦੀਆਂ ਮੰਗਾਂ ਹਨ, ਸਰਕਾਰ ਨੂੰ ਉਸ 'ਤੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਇਸ ਵੇਲੇ ਕੋਈ ਭਾਰਤ ਦਾ ਕਿਸਾਨ ਨਹੀਂ, ਕੋਈ ਪੰਜਾਬ ਦਾ ਕਿਸਾਨ ਨਹੀਂ ਸਗੋਂ ਪੂਰੀ ਦੁਨੀਆ ਦੇ ਕਿਸਾਨ ਇਸ ਸੰਘਰਸ਼ 'ਚ ਸ਼ਾਮਲ ਹਨ ਕਿਉਂਕਿ ਕਿਸਾਨਾਂ ਕੋਲੋਂ ਖੇਤੀ ਤੋਂ ਇਲਾਵਾ ਹੋਰ ਕੋਈ ਬਦਲ ਵੀ ਨਹੀਂ ਹੈ। ਇਸ ਲਈ ਸਰਕਾਰਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿਸਾਨੀ ਸੰਘਰਸ ਦੌਰਾਨ ਇਕ ਨੌਜਵਾਨ ਦੀ ਮੌਤ ਹੋ ਗਈ ਹੈ, ਜੋ ਕਿ ਬੇਹੱਦ ਦੁਖਦਾਈ ਗੱਲ ਹੈ। ਉਨ੍ਹਾਂ ਕਿਹਾ ਅਜਿਹੇ 'ਚ ਹੋਰ ਘਟਨਾ ਨਾ ਵਾਪਰਣ ਇਸ ਲਈ ਦੋਵਾਂ ਧਿਰਾਂ ਕਿਸਾਨ ਅਤੇ ਸਰਕਾਰਾਂ ਨੂੰ ਸਮਝਦਾਰੀ ਨਾਲ ਕੰਮ ਲੈਣਾ ਚਾਹੀਦਾ ਹੈ ਅਤੇ ਇਸ ਗੱਲ ਦਾ ਵੀ ਧਿਆਨ ਜ਼ਰੂਰ ਰੱਖਣ ਕਿ ਹਿੰਸਕ ਟਕਰਾਅ ਹਮੇਸ਼ਾ ਹੀ ਨੁਕਸਾਨਦਾਈ ਹੁੰਦਾ ਹੈ।

### ਜੀ.ਐੱਸ.ਟੀ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਬਾਇਓਕਾਨ 'ਤੇ ਲਗਾਇਆ 3 ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ

ਨਵੀਂ ਦਿੱਲੀ 25 ਫਰਵਰੀ। ਬਾਇਓਕਾਨ ਲਿਮਿਟੇਡ 'ਤੇ ਜੀ.ਐੱਸ.ਟੀ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ 3 ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ ਲਗਾਇਆ ਗਿਆ ਹੈ। ਬਾਇਓਕਾਨ ਲਿਮਟਿਡ ਨੇ ਸ਼ੇਅਰ ਬਾਜਾਰ ਨੂੰ ਦਿੱਤੀ ਜਾਣਕਾਰੀ ਵਿੱਚ ਕਿਹਾ ਕਿ ਕੰਪਨੀ ਨੂੰ 22 ਫਰਵਰੀ 2024 ਨੂੰ ਡਿਵੀਜਨਲ ਜੀਐਸਟੀ ਦਫਤਰ (ਬੰਗਲੌਰ) ਦੇ ਕਮਰਸ਼ੀਅਲ ਟੈਕਸ ਡਿਪਟੀ ਕਮਿਸਨਰ, ਦਫਤਰ ਤੋਂ 3,03,78,465 ਰੁਪਏ ਦੇ ਜੁਰਮਾਨੇ ਨਾਲ ਸਬੰਧਤ ਨੋਟਿਸ ਪ੍ਰਾਪਤ ਹੋਇਆ ਸੀ। ਕੰਪਨੀ ਮੁਤਾਬਕ ਉਹ ਇਸ ਮਾਮਲੇ 'ਚ ਉਚਿਤ ਕਦਮ ਚੁੱਕਣ ਦੀ ਤਿਆਰੀ ਕਰ ਰਹੀ ਹੈ। ਇਸ ਵਿੱਚ ਅਪੀਲੀ ਟ੍ਰਿਬਿਊਨਲ ਆਦਿ ਵਿੱਚ ਲੋੜੀਂਦੀਆਂ ਅਪੀਲਾਂ ਦਾਇਰ ਕਰਨਾ ਸਾਮਲ ਹੈ। ਬਾਇਓਕਾਨ ਲਿਮਟਿਡ ਨੇ ਕਿਹਾ ਕਿ ਇਸ ਨਾਲ ਕੰਪਨੀ 'ਤੇ ਕੋਈ ਵਿੱਤੀ ਪ੍ਰਭਾਵ ਨਹੀਂ ਪਵੇਗਾ। ਇਸਦਾ ਇਸਦੇ ਸੰਚਾਲਨ ਜਾਂ ਹੋਰ ਗਤੀਵਿਧੀਆਂ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ।

# ਹੁਣ ਕਾਰਵਾਈ ਦਾ ਇਲੈਕਸ਼ਨ, ਪ੍ਰੀਜਾਈਡਿੰਗ ਅਧਿਕਾਰੀ ਅਨਿਲ ਮਸੀਹ ਕਸੂਤੇ ਫਸਦੇ ਨਜਰ ਆ ਰਹੇ

**ਕ੍ਰਿਸ਼ਨ ਪਾਲ**

ਚੰਡੀਗੜ੍ਹ 25 ਫਰਵਰੀ। ਮੇਅਰ ਚੋਣਾਂ 'ਚ ਵਿਵਾਦਾਂ ਦੀ ਜੜ੍ਹ ਬਣੇ ਪ੍ਰੀਜਾਈਡਿੰਗ ਅਧਿਕਾਰੀ ਅਨਿਲ ਮਸੀਹ ਕਸੂਤੇ ਫਸਦੇ ਨਜਰ ਆ ਰਹੇ ਹਨ। ਸੁਪਰੀਮ ਕੋਰਟ 'ਚ ਸੁਣਵਾਈ ਤੋਂ ਬਾਅਦ ਹੁਣ ਮਸੀਹ 'ਤੇ ਕਿਹੜੀ ਕਾਰਵਾਈ ਕਰਨੀ ਹੈ, ਇਸਦੀ ਫਾਇਲ ਡਿਪਟੀ ਕਮਿਸ਼ਨਰ ਦੇ ਟੇਬਲ 'ਤੇ ਪਹੁੰਚ ਗਈ ਹੈ। ਜਾਣਕਾਰੀ ਮੁਤਾਬਕ ਪ੍ਰੀਜ਼ਾਈਡਿੰਗ ਅਫਸਰ ਅਨਿਲ ਮਸੀਹ, ਸੰਸਦ ਮੈਂਬਰ ਅਤੇ ਭਾਜਪਾ ਕੌਂਸਲਰਾਂ ਖ਼ਿਲਾਫ ਕਾਰਵਾਈ ਨੂੰ ਲੈ ਕੇ ਚੰਡੀਗੜ੍ਹ ਪੁਲਸ ਨੇ ਪੱਲਾ ਝਾੜ ਦਿੱਤਾ ਹੈ। ਮਾਮਲਾ ਨਗਰ ਨਿਗਮ ਚੋਣਾਂ ਨਾਲ ਸਬੰਧਿਤ ਹੋਣ ਕਾਰਨ ਐੱਸ. ਐੱਸ. ਪੀ. ਕੰਵਰਦੀਪ ਕੌਰ ਨੇ ਡੀ. ਸੀ. ਵਿਨੇ ਪ੍ਰਤਾਪ ਸਿੰਘ ਨੂੰ ਪੱਤਰ ਲਿਖਿਆ ਹੈ ਕਿ ਅਗਲੀ ਕਾਰਵਾਈ ਤੁਸੀਂ ਤੈਅ ਕਰੋ। ਐੱਸ. ਐੱਸ. ਪੀ. ਨੇ ਡੀ. ਐੱਸ. ਪੀ. ਹੈਡਕੁਆਰਟਰ ਰਾਹੀਂ ਇਹ ਪੱਤਰ ਭੇਜਿਆ ਹੈ। ਡੀ. ਸੀ. ਨੂੰ ਲਿਖੇ ਇਸ ਪੱਤਰ 'ਚ ਕਿਹਾ ਗਿਆ ਹੈ ਕਿ ਮਾਮਲੇ 'ਤੇ ਅਗਲੀ ਕਾਰਵਾਈ ਉਨ੍ਹਾਂ ਵਲੋਂ ਕੀਤੀ ਜਾਵੇ। ਚੋਣਾਂ ਦੌਰਾਨ ਨਗਰ ਨਿਗਮ 'ਚ ਧਾਂਦਲੀ ਹੋਈ ਹੈ। ਚੰਡੀਗੜ੍ਹ ਪੁਲਸ ਹੁਣ ਡੀ. ਸੀ. ਦੇ ਆਦੇਸ਼ ਹੋਣ ਤੋਂ ਬਾਅਦ ਪ੍ਰੀਜ਼ਾਈਡਿੰਗ ਅਫਸਰ ਅਨਿਲ ਮਸੀਹ, ਸੰਸਦ ਮੈਂਬਰ ਅਤੇ ਭਾਜਪਾ ਦੇ ਕੌਂਸਲਰਾਂ ਖ਼ਿਲਾਫ ਮਾਮਲੇ 'ਚ ਕਾਰਵਾਈ ਕਰੇਗੀ। ਚੰਡੀਗੜ੍ਹ ਪੁਲਸ ਨੇ ਡੀ. ਸੀ. ਨੂੰ ਭੇਜੇ ਪੱਤਰ 'ਚ ਸ਼ਿਕਾਇਤ ਅਤੇ ਸੀਰੀਅਲ ਨੰਬਰ ਸੀ-



89987 ਅਤੇ ਸ਼ਿਕਾਇਤ ਦਾ ਆਈ. ਸੀ. ਐੱਮ. ਐੱਸ. ਨੰਬਰ /2024/002872 ਦੱਸਿਆ ਹੈ। ਸ਼ਿਕਾਇਤਕਰਤਾ ਦਾ ਨਾਂ ਪੰਚਕੂਲਾ ਦੇ ਵਕੀਲ ਪ੍ਰਦੀਪ ਸਿੰਘ ਅਤੇ ਚੰਡੀਗੜ੍ਹ ਦੇ ਡੱਡੂਮਾਜਰਾ ਸੈਕਟਰ-14 ਦੇ ਮਕਾਨ ਨੰ. 2064 ਨਿਵਾਸੀ ਕੁਲਦੀਪ ਸਿੰਘ ਲਿਖਿਆ ਹੈ। ਇਸ ਤੋਂ ਬਾਅਦ ਉਲਟੇ ਕਾਲਮ 'ਚ ਪ੍ਰੀਜਾਈਡਿੰਗ ਅਫਸਰ ਅਨਿਲ ਮਸੀਹ, ਮਨੋਜ ਕੁਮਾਰ ਕੌਂਸਲਰ, ਸੰਸਦ ਮੈਂਬਰ ਕਿਰਨ ਖੇਰ ਦੇ ਨਾਂ ਲਿਖੇ ਹੋਏ ਹਨ। ਧੋਖਾਧੜੀ ਨਾਲ ਸਬੰਧਤ 18 ਪੰਨਿਆਂ ਦੀ ਸ਼ਿਕਾਇਤ ਸੈਕਟਰ-17 ਥਾਣੇ ਨੂੰ ਦਿੱਤੀ ਗਈ ਸੀ। ਚੰਡੀਗੜ੍ਹ ਪੁਲਸ ਵਿਭਾਗ ਨੇ ਸ਼ਿਕਾਇਤ ਡੀ. ਸੀ. ਨੂੰ ਭੇਜ ਦਿੱਤੀ ਹੈ। ਆਮ ਆਦਮੀ ਪਾਰਟੀ ਦੇ ਮੇਅਰ ਅਹੁਦੇ ਦੇ ਉਮੀਦਵਾਰ ਕੁਲਦੀਪ ਸਿੰਘ ਨੇ ਸੈਕਟਰ-17 ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਆਮ ਆਦਮੀ ਪਾਰਟੀ ਨੇ ਨਗਰ ਨਿਗਮ ਚੰਡੀਗੜ੍ਹ ਲਈ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਚੋਣਾਂ ਲਈ ਕਾਂਗਰਸ ਪਾਰਟੀ ਨਾਲ ਗਠਜੋੜ ਕੀਤਾ ਸੀ। ਉਨ੍ਹਾਂ ਦੇ ਕੁੱਲ 20 ਕੌਂਸਲਰ ਹਨ, ਜੋ ਗਠਜੋੜ 'ਚ ਦੋਵੇਂ ਪਾਰਟੀਆਂ ਦੇ ਹਨ ਅਤੇ ਭਾਜਪਾ ਦੇ 14 ਕੌਂਸਲਰ ਹਨ। ਸੰਸਦ ਮੈਂਬਰ ਦਾ ਇਕ ਵੋਟ ਸੀ। ਮੇਅਰ ਚੋਣਾਂ 'ਚ ਭਾਜਪਾ ਦੇ ਮੈਂਬਰ ਅਤੇ ਕੌਂਸਲਰ ਅਨਿਲ ਮਸੀਹ ਨੂੰ ਪ੍ਰੀਜ਼ਾਈਡਿੰਗ ਅਫਸਰ ਬਣਾਇਆ ਗਿਆ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ 30 ਜਨਵਰੀ ਨੂੰ ਚੋਣਾਂ ਹੋਈਆ ਸਨ। ਕੁਲਦੀਪ ਨੂੰ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ 20 ਵੋਟ ਦਿੱਤੇ ਸਨ ਜਦਕਿ ਭਾਜਪਾ ਦੇ ਮਨੋਜ ਸੋਨਕਰ ਨੂੰ 16 ਵੋਟ ਮਿਲੇ ਸਨ। ਪ੍ਰੀਜ਼ਾਈਡਿੰਗ ਅਫਸਰ ਨੇ 8 ਵੋਟਾਂ ਨੂੰ ਜਾਣ ਬੁੱਝ ਕੇ ਟਿੱਕ ਲਗਾ ਕੇ ਅਨਵੈਲਿਡ ਕੀਤਾ ਸੀ, ਜੋ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋ ਗਿਆ। ਵੀਡਿਓ 'ਚ ਮਸੀਹ ਵੋਟਾਂ ਨੂੰ ਅਨਵੈਲਿਡ ਕਰਦੇ ਹੋਏ ਸਾਫ ਦਿਖਾਈ ਦੇ ਰਹੇ ਹਨ। ਵੋਟਾਂ ਦੀ ਗਿਣਤੀ ਦੌਰਾਨ ਕਿਸੇ ਵੀ ਪੋਲਿੰਗ ਏਜੰਟ ਨੂੰ ਨਹੀਂ ਬੁਲਾਇਆ ਗਿਆ। ਭਾਜਪਾ ਨੂੰ ਜਿਤਾਉਣ ਲਈ ਵੋਟਾਂ ਨੂੰ ਟਿੱਕ ਲਗਾ ਕੇ ਅਨਵੈਲਿਡ ਕੀਤਾ ਸੀ। ਉਨ੍ਹਾਂ ਦੀ ਉਸ ਸਮੇਂ ਸੁਣੀ ਨਹੀਂ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮੇਅਰ ਬਣਾਉਣ ਲਈ ਕਾਂਗਰਸ ਅਤੇ ਆਪ ਨੇ ਮਿਲ ਕੇ 20 ਵੋਟਾਂ ਪਾਈਆਂ ਸਨ ਪਰ ਮਸੀਹ ਨੇ 8 ਵੋਟਾਂ ਨੂੰ ਜਾਣ ਬੁੱਝ ਕੇ ਅਨਵੈਲਿਡ ਐਲਾਨ ਦਿੱਤਾ ਸੀ। 16 ਵੋਟਾਂ ਵਾਲੇ ਭਾਜਪਾ ਉਮੀਦਵਾਰ ਨੂੰ ਮੇਅਰ ਬਣਾ ਦਿੱਤਾ ਗਿਆ ਸੀ। ਸ਼ਿਕਾਇਤ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਜਪਾ ਕੌਂਸਲਰਾਂ ਨੇ ਚੋਣਾਂ ਦੌਰਾਨ ਜਾਣ ਬੁੱਝ ਕੇ ਹੰਗਾਮਾ ਕੀਤਾ ਸੀ। ਪ੍ਰੀਜ਼ਾਈਡਿੰਗ ਅਫਸਰ ਅਨਿਲ ਮਸੀਹ ਨੇ ਭਾਜਪਾ ਵਲੋਂ ਮੇਅਰ ਦੇ ਉਮੀਦਵਾਰ ਅਤੇ ਸੰਸਦ ਮੈਂਬਰ ਨਾਲ ਸਾਜ਼ਿਸ਼ ਕਰ ਕੇ ਬੈਲੇਟ ਪੇਪਰ 'ਤੇ ਟਿੱਕ ਲਾਏ। ਉਨ੍ਹਾਂ ਸ਼ਿਕਾਇਤ ਦੇ ਨਾਲ ਵੀਡੀਓ ਪੈੱਨ ਡਰਾਈਵ 'ਚ ਜਮ੍ਹਾਂ ਕਰਵਾਈ ਹੈ। ਥਾਣਾ ਪੁਲਸ ਨੇ ਸ਼ਿਕਾਇਤ ਮਿਲਣ ਤੋਂ ਬਾਅਦ ਮਾਮਲੇ 'ਚ ਡੀ. ਡੀ. ਆਰ. ਦਰਜ ਕੀਤੀ ਸੀ।

## ਭਾਰਤ 'ਚ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਟਰੈਕਟਰਾਂ ਦੀ ਵਿਕਰੀ, 4 ਫੀਸਦੀ ਦੇ ਕਰੀਬ ਆਈ ਗਿਰਾਵਟ

ਬਿਜਨੈੱਸ ਡੈਸਕ 25 ਫਰਵਰੀ। ਪਿਛਲੇ ਕਾਫੀ ਸਮੇਂ ਤੋਂ ਭਾਰਤ 'ਚ ਟਰੈਕਟਰਾਂ ਦੀ ਖਰੀਦ 'ਤੇ ਮਾੜਾ ਅਸਰ ਪੈਂਦਾ ਨਜਰ ਆ ਰਿਹਾ ਹੈ। ਭਾਰਤ ਵਿੱਚ ਟਰੈਕਟਰ ਦੀ ਵਿਕਰੀ, ਜੋ ਪੇਂਡੂ ਆਰਥਿਕ ਸਿਹਤ ਦਾ ਪ੍ਰਤੀਕ ਹੈ, ਵਿੱਚ ਵਿੱਤੀ ਸਾਲ ਦੇ ਪਹਿਲੇ ਨੌਂ ਮਹੀਨਿਆਂ ਵਿੱਚ ਪੱਛਮ ਅਤੇ ਹੋਰ ਵੱਡੇ ਰਾਜਾਂ ਵਿੱਚ ਤਿੱਖੀ ਗਿਰਾਵਟ ਆਈ ਹੈ। ਦੁਨੀਆ ਦੀ ਸਭ ਤੋਂ ਵੱਡੀ ਖਰੀਦ ਵਿਕਰੀ ਵਿਚ ਕਰੀਬ 4 ਫੀਸਦੀ ਤੱਕ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਨਾਲ ਭਾਰਤ ਵਿਚ ਟਰੈਕਟਰਾਂ ਦੀ ਵਿਕਰੀ ਵਿੱਚ 33 ਫੀਸਦੀ ਦੀ ਗਿਰਾਵਟ ਦੇਖੀ ਗਈ, ਜਦਕਿ ਕਰਨਾਟਕ ਵਿੱਚ 21 ਫੀਸਦੀ ਅਤੇ ਤੇਲੰਗਾਨਾ ਵਿੱਚ 36 ਫੀਸਦੀ ਦੀ ਗਿਰਾਵਟ ਆਈ ਹੈ। ਇਹ ਸੂਬੇ ਵਾਲੀਅਮ ਦੇ ਮਾਮਲੇ ਵਿਚ ਉੱਤਰ ਪ੍ਰਦੇਸ਼ ਤੋਂ ਬਾਅਦ ਦੂਜੇ ਸਭ ਤੋਂ ਵੱਡੇ ਬਾਜਾਰ ਮੱਧ ਪ੍ਰਦੇਸ਼ ਵਿਚ 4 ਫੀਸਦੀ ਦੀ ਗਿਰਾਵਟ ਦੇ ਕਾਰਨ ਵੀ ਔਸਤ ਵਿਚ ਗਿਰਾਵਟ ਆਈ ਹੈ। ਹਾਲਾਂਕਿ ਉੱਤਰ ਪ੍ਰਦੇਸ਼ ਦੇ ਟਰੈਕਟਰਾਂ ਦੀ ਵਿਕਰੀ ਵਿਚ 6 ਫੀਸਦੀ ਦੇ ਵਾਧੇ ਨਾਲ ਕੁੱਲ ਸੰਖਿਆ ਵਿਚ ਵਾਧਾ ਹੋਇਆ ਹੈ। ਅਨਿਯਮਿਤ ਮੌਸਮ ਦੀ ਸਥਿਤੀ, ਐਲ ਨੀਨੋ ਦੇ ਕਾਰਨ ਅਸਮਾਨ ਮਾਨਸੂਨ ਅਤੇ ਨਾਕਾਫੀ ਮੀਂਹ ਕਾਰਨ ਖੇਤੀਬਾੜੀ ਉਤਪਾਦਨ ਨੂੰ ਨੁਕਸਾਨ ਪੁੱਜਾ ਹੈ ਅਤੇ ਇਸ ਤਰ੍ਹਾਂ ਖੇਤੀ ਆਮਦਨ ਨੂੰ ਨੁਕਸਾਨ ਪਹੁੰਚਾਇਆ, ਜਿਸ ਕਾਰਨ ਟਰੈਕਟਰ ਖਰੀਦਣ ਦੀਆਂ ਯੋਜਨਾਵਾਂ ਮੁਲਤਵੀ ਜਾਂ ਰੱਦ ਕਰ ਦਿੱਤੀਆਂ ਗਈਆਂ। ਹੇਠਲੇ ਜਲ ਭੰਡਾਰ ਦੇ ਪੱਧਰ ਦਾ ਵੀ ਭਾਵਨਾ 'ਤੇ ਅਸਰ ਪਿਆ ਹੈ। 150 ਮਹੱਤਵਪੂਰਨ ਜਲ ਭੰਡਾਰਾਂ ਬਾਰੇ ਕੇਂਦਰੀ ਜਲ ਕਮਿਸਨ ਦੀ ਰਿਪੋਰਟ ਅਨੁਸਾਰ, ਉਹ ਪਿਛਲੇ ਸਾਲ ਦੇ ਮੁਕਾਬਲੇ 18 ਫੀਸਦੀ ਘੱਟ ਹਨ ਅਤੇ ਦਹਾਕੇ ਦੀ ਔਸਤ ਤੋਂ 5 ਫੀਸਦੀ ਘੱਟ ਹਨ। ਟਰੈਕਟਰ ਦੀ ਮੰਗ ਦਾ ਤਕਰੀਬਨ ਤਿੰਨ-ਚੌਥਾਈ ਹਿੱਸਾ ਖੇਤੀਬਾੜੀ ਤੋਂ ਆਉਂਦਾ ਹੈ ਅਤੇ ਕਿਸਾਨ ਭਾਵਨਾ ਦੁਆਰਾ ਅਗਵਾਈ ਕੀਤੀ ਜਾਂਦੀ ਹੈ, ਜੋ ਮੁੱਖ ਤੌਰ 'ਤੇ ਮਾਨਸੂਨ ਅਤੇ ਪੇਂਡੂ ਆਮਦਨੀ ਦੁਆਰਾ ਪ੍ਰਭਾਵਿਤ ਹੁੰਦੀ ਹੈ। ਬਾਕੀ ਦੀ ਮੰਗ ਬੁਨਿਆਦੀ ਢਾਂਚੇ ਅਤੇ ਮਾਈਨਿੰਗ ਵਰਗੇ ਵਪਾਰਕ ਖੇਤਰਾਂ ਤੋਂ ਆਉਂਦੀ ਹੈ।

## ਕੈਬਨਿਟ ਮੰਤਰੀ ਜੌੜਾਮਾਜਰਾ ਨੇ ਜਖਮੀ ਕਿਸਾਨਾਂ ਦਾ ਪਾਤੜਾਂ ਹਸਪਤਾਲ ਪੁੱਜ ਕੇ ਜਾਣਿਆ ਹਾਲ-ਚਾਲ

**ਏਜੰਸੀਆਂ**

ਪਾਤੜਾਂ/ਜਲੰਧਰ 25 ਫਰਵਰੀ। ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਜਖਮੀ ਕਿਸਾਨਾਂ ਦਾ ਪਾਤੜਾਂ ਹਸਪਤਾਲ ਪੁੱਜ ਕੇ ਹਾਲ-ਚਾਲ ਜਾਣਿਆ ਹੈ। ਉਨ੍ਹਾਂ ਨਾਲ ਹਲਕਾ ਵਿਧਾਇਕ ਕੁਲਵੰਤ ਸਿੰਘ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਸਾਡੇ ਕਿਸਾਨ ਅੱਤਵਾਦੀ ਨਹੀਂ, ਦੇਸ਼ ਦਾ ਅੰਨ ਭੰਡਾਰ ਭਰਨ ਵਾਲੇ ਹਨ। ਹਰਿਆਣਾ ਪੁਲਸ ਵੱਲੋਂ ਕਿਸਾਨਾਂ ਉੱਪਰ ਗੋਲੀਆਂ ਅਤੇ ਹੰਝੂ ਗੈਸ ਦੇ ਗੋਲੇ ਚਲਾ ਕੇ ਬੇਰਹਿਮੀ ਨਾਲ ਹਮਲਾ ਕਰਕੇ ਇੰਨੀ ਹਿੰਸਕ ਕਾਰਵਾਈ ਕੀਤੀ ਜਾ ਰਹੀ ਹੈ, ਜਿਵੇਂ ਉਹ ਅੱਤਵਾਦੀ ਹੋਣ। ਜੌੜਾਮਾਜਰਾ ਨੇ ਕਿਹਾ ਕਿ ਢਾਬੀ ਗੁੱਜਰਾਂ/ਖਨੌਰੀ ਬਾਰਡਰ ਵਿਖੇ ਨੌਜਵਾਨ ਕਿਸਾਨ ਦੀ ਹੋਈ ਮੌਤ ਮੰਦਭਾਗੀ ਹੈ। ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਸਾਨਾਂ ਦੀ ਇਸ ਦੁੱਖ ਦੀ ਘੜੀ 'ਚ ਉਨ੍ਹਾਂ ਦੇ ਨਾਲ ਖੜ੍ਹੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਦਿੱਲੀ ਦੀਆਂ ਬਰੂਹਾਂ 'ਤੇ ਐੱਮ. ਐੱਸ. ਪੀ. ਸਮੇਤ ਹੋਰ ਮੰਗਾਂ ਨੂੰ ਲੈ ਕੇ ਕਿਸਾਨ ਪਿਛਲੇ 9 ਦਿਨਾਂ ਤੋਂ ਦਿੱਲੀ ਕੂਚ ਲਏ ਡਟੇ ਹੋਏ ਹਨ। ਬੀਤੇ ਦਿਨ ਜਿਵੇਂ ਹੀ ਸਵੇਰੇ ਕਿਸਾਨਾਂ ਨੇ ਸ਼ੰਭੂ



ਬਾਰਡਰ ਤੋਂ ਦਿੱਲੀ ਵੱਲ ਕੂਚ ਕਰਨਾ ਸ਼ੁਰੂ ਕੀਤਾ ਤਾਂ ਹਰਿਆਣਾ ਪੁਲਸ ਵੱਲੋਂ ਕਿਸਾਨਾਂ 'ਤੇ ਹੰਝੂ ਗੈਸ ਦੇ ਗੋਲੇ ਛੱਡੇ ਗਏ ਸਨ, ਜਿਸ ਵਿਚ ਬਠਿੰਡਾ ਦੇ ਪਿੰਡ ਬੱਲੋ ਦੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਸੀ। ਸ਼ੁਭਕਰਨ ਦੀ ਮੌਤ ਤੋਂ ਬਾਅਦੋਂ ਫਲਹਾਲ ਕਿਸਾਨਾਂ ਨੇ ਦਿੱਲੀ ਕੂਚ ਦਾ ਪ੍ਰੋਗਰਾਮ ਦੋ ਦਿਨਾਂ ਲਈ ਰੱਦ ਕਰ ਦਿੱਤਾ ਹੈ। ਉਥੇ ਹੀ ਦੂਜੇ ਪਾਸੇ ਖੇਤਾਬਾੜੀ ਮੰਤਰੀ ਅਰਜੁਨ ਮੁੰਡਾ ਵੱਲੋਂ ਪੰਜਵੇਂ ਦੌਰ ਦੀ ਮੀਟਿੰਗ ਦਾ ਕਿਸਾਨਾਂ ਨੂੰ ਸੱਦਾ ਵੀ ਦਿੱਤਾ ਗਿਆ ਹੈ। ਕਿਸਾਨਾਂ ਦੇ ਦਿੱਲੀ ਕੂਚ ਨੂੰ ਲੈ ਕੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਹਰਿਆਣਾ ਦੇ ਸੁਰੱਖਿਆ ਕਰਮਚਾਰੀਆਂ ਨੇ ਹੰਝੂ ਗੈਸ ਦੇ ਗੋਲੇ ਅਤੇ ਜਲ ਤੋਪਾਂ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਦੌਰਾਨ ਕਈ ਕਿਸਾਨਾਂ ਦੇ ਜਖਮੀ ਹੋਣ ਦੀ ਵੀ ਖਬਰ ਹੈ। ਖਨੌਰੀ ਬਾਰਡਰ 'ਤੇ ਵੀ ਪੰਜਾਬ ਵਾਲੇ ਪਾਸੇ ਹਜਾਰਾਂ ਕਿਸਾਨ ਇਕੱਠੇ ਹੋਏ ਹਨ। ਉਹ ਦਿੱਲੀ ਵੱਲ ਮਾਰਚ ਕਰਨ 'ਤੇ ਅੜੇ ਹੋਏ ਹਨ। ਦੂਜੇ ਪਾਸੇ ਹਰਿਆਣਾ ਵੱਲ ਬਾਰਡਰ 'ਤੇ ਪੁਲਸ ਨੇ ਕਿਸਾਨਾਂ ਨੂੰ ਰੋਕਣ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਹਨ। ਉਥੇ ਹੀ ਪੰਜਾਬ-ਹਰਿਆਣਾ ਬਾਰਡਰ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

## ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਜਾਰੀ, ਜਾਣੋ ਭਾਰਤ ਦੀ ਰੈਂਕਿੰਗ ਤੇ ਕਿੰਨੇ ਦੇਸ਼ਾਂ 'ਚ ਮਿਲੇਗੀ ਬਿਨਾਂ ਵੀਜਾ ਐਂਟਰੀ

**ਏਜੰਸੀਆਂ**

ਇੰਟਰਨੈਸ਼ਨਲ ਡੈਸਕ 25 ਫਰਵਰੀ। ਦੁਨੀਆ ਦੇ ਸਭ ਤੋਂ ਸਕਤੀਸਾਲੀ ਪਾਸਪੋਰਟਾਂ ਦੀ ਰੈਂਕਿੰਗ ਸੂਚੀ ਸਾਹਮਣੇ ਆ ਗਈ ਹੈ। ਹੈਨਲੇ ਪਾਸਪੋਰਟ ਇੰਡੈਕਸ 2024 ਮੁਤਾਬਕ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਭਾਰਤ ਦਾ ਪ੍ਰਦਰਸਨ ਥੋੜ੍ਹਾ ਖਰਾਬ ਰਿਹਾ ਹੈ। ਹੈਨਲੇ ਪਾਸਪੋਰਟ ਇੰਡੈਕਸ 'ਚ ਭਾਰਤੀ ਪਾਸਪੋਰਟ ਰੈਂਕਿੰਗ ਵਿਚ ਪਿਛਲੇ ਸਾਲ ਦੇ ਮੁਕਾਬਲੇ ਇਕ ਸਥਾਨ ਹੇਠਾਂ 85ਵੇਂ ਸਥਾਨ 'ਤੇ ਆ ਗਿਆ ਹੈ ਅਤੇ ਭਾਰਤ ਦੇ ਨਾਗਰਿਕ ਬਿਨਾਂ ਵੀਜਾ ਦੇ 62 ਦੇਸਾਂ ਦੀ ਯਾਤਰਾ ਕਰ ਸਕਦੇ ਹਨ। ਇਸ ਰੈਂਕਿੰਗ ਵਿਚ ਫਰਾਂਸ ਨੇ ਚੋਟੀ ਦਾ ਸਥਾਨ ਹਾਸਲ ਕੀਤਾ ਹੈ, ਜਿਸ ਦੇ ਪਾਸਪੋਰਟ ਧਾਰਕ 194 ਦੇਸਾਂ ਵਿਚ ਵੀਜਾ-ਮੁਕਤ ਦਾਖਲੇ ਦਾ ਆਨੰਦ ਲੈ ਰਹੇ ਹਨ। ਇਸ ਤੋਂ ਇਲਾਵਾ ਫਰਾਂਸ, ਜਰਮਨੀ, ਇਟਲੀ, ਜਾਪਾਨ, ਸਿੰਗਾਪੁਰ ਅਤੇ ਸਪੇਨ ਨੇ ਵੀ ਚੋਟੀ ਦੇ ਸਥਾਨ 'ਤੇ ਕਬਜਾ ਕੀਤਾ ਹੈ। ਇਸ ਤੋਂ ਬਾਅਦ ਦੂਜੇ ਨੰਬਰ 'ਤੇ ਫਿਨਲੈਂਡ, ਨੀਦਰਲੈਂਡ, ਦੱਖਣੀ ਕੋਰੀਆ ਅਤੇ ਸਵੀਡਨ ਦਾ ਨੰਬਰ ਆਉਂਦਾ ਹੈ, ਇੱਥੋਂ ਦੇ ਲੋਕ ਬਿਨਾਂ ਵੀਜਾ 193 ਦੇਸਾਂ ਵਿਚ ਜਾ ਸਕਦੇ ਹਨ। ਭਾਰਤ ਦੇ ਗੁਆਂਢੀ ਦੇਸਾਂ ਦੇ ਪਾਸਪੋਰਟਾਂ ਦੀ ਗੱਲ ਕਰੀਏ ਤਾਂ ਪਾਕਿਸਤਾਨ ਨੂੰ ਪਿਛਲੇ ਸਾਲ ਵਾਂਗ 106ਵੇਂ ਸਥਾਨ ਮਿਲਿਆ ਹੈ, ਜਦਕਿ ਬੰਗਲਾਦੇਸ 101ਵੇਂ ਤੋਂ 102ਵੇਂ ਸਥਾਨ 'ਤੇ ਖਿਸਕ ਗਿਆ ਹੈ। ਉਥੇ ਹੀ ਮਾਲਦੀਵ ਦਾ ਪਾਸਪੋਰਟ ਮਜਬੂਤ ਬਣਿਆ ਹੋਇਆ ਹੈ ਅਤੇ ਉਸ ਨੇ



58ਵਾਂ ਸਥਾਨ ਹਾਸਲ ਕੀਤਾ ਹੈ ਕਿਉਂਕਿ ਮਾਲਦੀਵ ਦੇ ਪਾਸਪੋਰਟ ਧਾਰਕ 96 ਦੇਸਾਂ ਦੀ ਵੀਜਾ-ਮੁਕਤ ਯਾਤਰਾ ਕਰ ਸਕਦੇ ਹਨ। ਗੁਆਂਢੀ ਦੇਸ ਪਾਕਿਸਤਾਨ ਦਾ ਪਾਸਪੋਰਟ ਦੁਨੀਆ ਦਾ ਚੌਥਾ ਸਭ ਤੋਂ ਕਮਜੋਰ ਪਾਸਪੋਰਟ ਹੈ। ਹੇਠਾਂ ਤੋਂ ਚੌਥੇ ਨੰਬਰ ਯਾਨੀ 106ਵੇਂ ਸਥਾਨ 'ਤੇ ਆਉਣ ਵਾਲੇ ਪਾਕਿਸਤਾਨ ਦੇ ਲੋਕ ਸਿਰਫ 34 ਦੇਸਾਂ 'ਚ ਬਿਨਾਂ ਵੀਜਾ ਦੇ ਐਂਟਰੀ ਲੈ ਸਕਦੇ ਹਨ। ਅਫਗਾਨਿਸਤਾਨ ਸਭ ਤੋਂ ਹੇਠਲੇ ਨੰਬਰ 'ਤੇ ਆਉਂਦਾ ਹੈ। ਇਸ ਦੇ ਨਾਗਰਿਕ ਬਿਨਾਂ ਵੀਜਾ ਦੇ ਸਿਰਫ 28 ਦੇਸਾਂ ਦਾ ਦੌਰਾ ਕਰ ਸਕਦੇ ਹਨ। ਇਸ ਤੋਂ ਇਲਾਵਾ ਸੀਰੀਆ ਦੇ ਲੋਕ 29 ਦੇਸਾਂ ਵਿਚ ਅਤੇ ਇਰਾਕ ਦੇ ਲੋਕ 31 ਦੇਸਾਂ ਵਿਚ ਬਿਨਾਂ ਵੀਜਾ ਦੇ ਜਾ ਸਕਦੇ ਹਨ। ਅੰਗੋਲਾ, ਬਾਰਬਾਡੋਸ, ਭੂਟਾਨ, ਬੋਲੀਵੀਆ, ਬ੍ਰਿਟਿਸ ਵਰਜਿਨ ਆਈਲੈਂਡ, ਬੁਰੰਡੀ, ਕੰਬੋਡੀਆ, ਕੇਪ ਵਰਡੇ ਆਈਲੈਂਡ, ਕੋਮੋਰੋ ਆਈਲੈਂਡ, ਕੁੱਕ ਆਈਲੈਂਡ, ਜਿਬੂਟੀ, ਡੋਮਿਨਿਕਾ, ਅਲ ਸਲਵਾਡੋਰ, ਇਥੋਪੀਆ, ਫਿਜੀ, ਗੈਬਨ, ਗ੍ਰੇਨਾਡਾ, ਗੁਏਨਾ ਬਿਸਾਉ, ਹੈਤੀ, ਇੰਡੋਨੇਸੀਆ, ਈਰਾਨ, ਜਮਾਇਕਾ, ਜਾਰਡਨ, ਕਜਾਕਿਸਤਾਨ, ਕੀਨੀਆ, ਕਿਰੀਬਾਤੀ, ਲਾਓਸ, ਮਕਾਊ, ਮੈਡਾਗਾਸਕਰ, ਮਲੇਸੀਆ, ਮਾਲਦੀਵ, ਮਾਰਸਲ ਆਈਲੈਂਡ, ਮੌਰੀਤਾਨੀਆ, ਮਾਰੀਸਸ, ਮਾਈਕ੍ਰੋਸ਼ੀਆ, ਮੋਂਟਸੇਰਾਟ, ਮੋਜਾਮਬੀਕ, ਮਿਆਂਮਾਰ, ਨੇਪਾਲ, ਨਿਊ, ਓਮਾਨ, ਪਾਲਾਓ ਆਈਲੈਂਡ, ਕਤਰ, ਰਵਾਂਡਾ, ਸਮੋਆ, ਸੇਨੇਗਲ, ਸੇਸੇਲਸ, ਸੀਏਰਾ ਲਿਓਨ, ਸੋਮਾਲੀਆ, ਸ੍ਰੀਲੰਕਾ, ਸੇਂਟ ਕਿਟਸ ਅਤੇ ਨੇਵਿਸ, ਸੇਂਟ ਲੂਸੀਆ, ਸੇਂਟ ਵਿਨਸੇਂਟ, ਤਨਜਾਨੀਆ, ਥਾਈਲੈਂਡ, ਤਿਮੋਰ, ਟੋਗੋ, ਤ੍ਰਿਨੀਦਾਦ ਅਤੇ ਟੋਬੈਗੋ, ਟਿਊਨੀਸੀਆ, ਟੁਵਾਲੂ, ਵੈਨੂਆਤੂ, ਜ਼ਿੰਬਾਬਵੇ।

## ਭਾਜਪਾ ਨੇ ਖੋਲ੍ਹੇ ਆਪਣੇ ਦਰਵਾਜੇ, ਹੋਰਨਾਂ ਪਾਰਟੀਆਂ ਦੇ 12 ਸੰਸਦ ਮੈਂਬਰ ਤੇ 40 ਤੋਂ ਵੱਧ ਵਿਧਾਇਕ ਉਡੀਕ 'ਚ

**ਏਜੰਸੀਆਂ**

ਨਵੀਂ ਦਿੱਲੀ 25 ਫਰਵਰੀ। ਮਈ 'ਚ ਹੋਣ ਵਾਲੀਆਂ ਚੋਣਾਂ ਦੌਰਾਨ ਲੋਕ ਸਭਾ ਦੀਆਂ 543 'ਚੋਂ 370 ਸੀਟਾਂ ਜਿੱਤਣ ਦੇ ਆਪਣੇ ਨਿਸ਼ਾਨੇ ਨੂੰ ਹਾਸਲ ਕਰਨ ਲਈ ਭਾਜਪਾ ਚੁਣ-ਚੁਣ ਕੇ ਹੋਰ ਪਾਰਟੀਆਂ ਨਾਲ ਜੁੜੇ ਨੇਤਾਵਾਂ ਲਈ ਆਪਣੇ ਦਰਵਾਜੇ ਖੋਲ੍ਹ ਰਹੀ ਹੈ। ਭਾਜਪਾ ਨੇ ਅਜਿਹੀਆਂ 161 ਲੋਕ ਸਭਾ ਸੀਟਾਂ ਦੀ ਪਛਾਣ ਕੀਤੀ ਹੈ ਜੋ ਉਹ ਜਿੱਤਣਾ ਚਾਹੁੰਦੀ ਹੈ ਪਰ ਪਹਿਲਾਂ ਉਸ ਨੇ ਕਦੇ ਨਹੀਂ ਜਿੱਤੀਆਂ। ਪਿਛਲੀਆਂ ਲੋਕ ਸਭਾ ਚੋਣਾਂ ਦੀ 'ਡਾਟਾ-ਕ੍ਰੰਚਿੰਗ' ਤੋਂ ਪਤਾ ਲੱਗਦਾ ਹੈ ਕਿ ਭਾਜਪਾ ਨੂੰ ਇਨ੍ਹਾਂ ਸੀਟਾਂ 'ਤੇ ਜਿੱਤ ਹਾਸਲ ਕਰਨ ਲਈ ਹੋਰਨਾਂ ਪਾਰਟੀਆਂ ਦੇ ਆਗੂਆਂ ਦੀ ਮਦਦ ਦੀ ਲੋੜ ਪਏਗੀ। ਇਸ ਲਈ ਦੂਜੀਆਂ ਪਾਰਟੀਆਂ ਦੇ ਆਗੂਆਂ ਦੇ ਦਾਖਲੇ 'ਤੇ ਨਜਰ ਰੱਖਣ ਲਈ 4 ਮੈਂਬਰੀ ਉੱਚ ਤਾਕਤੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਉਨ੍ਹਾਂ ਦੇ ਦਾਖਲੇ ਨੂੰ ਹਰੀ ਝੰਡੀ ਦੇਣ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਕਮੇਟੀ 'ਚ ਕੇਂਦਰੀ ਮੰਤਰੀ ਭੁਪਿੰਦਰ ਯਾਦਵ, ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵ ਸਰਮਾ, ਮਹਾਰਾਸਟਰ ਦੇ ਸੀਨੀਅਰ ਆਗੂ ਅਤੇ ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਜਨਰਲ ਸਕੱਤਰ (ਸੰਗਠਨ) ਬੀ. ਐੱਲ. ਸੰਤੋਸ ਸਾਮਲ ਹਨ। ਅਜਿਹੀਆਂ ਖਬਰਾਂ ਹਨ ਕਿ ਅਗਲੇ 3 ਹਫਤਿਆਂ ਅੰਦਰ ਲਗਭਗ ਇੱਕ ਦਰਜਨ ਕਾਂਗਰਸੀ ਸੰਸਦ ਮੈਂਬਰ, 40 ਵਿਧਾਇਕ ਤੇ ਹੋਰ ਪ੍ਰਮੁੱਖ ਨੇਤਾ ਆਪਣੀਆਂ ਪਾਰਟੀਆਂ ਛੱਡ ਕੇ ਭਾਜਪਾ ਵਿੱਚ ਸਾਮਲ ਹੋ ਸਕਦੇ ਹਨ। ਕਮੇਟੀ ਦਾ ਧਿਆਨ ਉਨ੍ਹਾਂ ਸੂਬਿਆਂ 'ਤੇ ਹੈ ਜਿੱਥੇ ਭਾਜਪਾ ਦੀ ਮਜਬੂਤ ਮੌਜੂਦਗੀ ਹੈ। ਫਿਰ ਵੀ ਉਹ ਉਨ੍ਹਾਂ ਸੀਟਾਂ ਨੂੰ ਜਿੱਤਣਾ ਚਾਹੁੰਦੀ ਹੈ ਜਿੱਥੇ ਉਹ ਕਮਜੋਰ ਸਥਿਤੀ 'ਚ ਹੈ। ਮਹਾਰਾਸਟਰ, ਆਸਾਮ, ਉੱਤਰ ਪ੍ਰਦੇਸ, ਜੰਮੂ-ਕਸਮੀਰ ਤੇ ਮੱਧ ਪ੍ਰਦੇਸ ਵਰਗੇ ਸੂਬੇ ਭਾਜਪਾ ਦੀ ਝੋਲੀ 'ਚ ਹੋਰ ਸੀਟਾਂ ਪਾਉਣ ਲਈ ਰਾਡਾਰ 'ਤੇ ਹਨ। ਭਾਜਪਾ ਦੀ ਕੋਰ ਟੀਮ ਦਾ ਮੰਨਣਾ ਹੈ ਕਿ ਪਾਰਟੀ 2019 ਵਿੱਚ ਜਿੱਤੀਆਂ ਸੀਟਾਂ ਨੂੰ ਬਰਕਰਾਰ ਰੱਖਣ ਦੇ ਨਾਲ-ਨਾਲ ਇਨ੍ਹਾਂ ਸੂਬਿਆਂ ਵਿੱਚੋਂ ਘੱਟੋ-ਘੱਟ 25 ਲੋਕ ਸਭਾ ਸੀਟਾਂ ਹੋਰ ਜੋੜ ਸਕਦੀ ਹੈ। ਛਿੰਦਵਾੜਾ ਲੋਕ ਸਭਾ ਸੀਟ ਉਨ੍ਹਾਂ 161 ਲੋਕ ਸਭਾ ਸੀਟਾਂ ਵਿੱਚੋਂ ਇੱਕ ਹੈ, ਜਿਨ੍ਹਾਂ ਨੂੰ ਭਾਜਪਾ ਦਹਾਕਿਆਂ ਤੋਂ ਜਿੱਤਣ ਵਿੱਚ ਕਾਮਯਾਬ ਨਹੀਂ ਹੋ ਸਕੀ। ਪੰਜਾਬ, ਪੱਛਮੀ ਬੰਗਾਲ, ਓਡਿਸ਼ਾ, ਕਰਨਾਟਕ, ਝਾਰਖੰਡ ਤੇ ਕੁਝ ਹੋਰ ਸੂਬੇ ਅਜਿਹੇ ਹਨ ਜਿੱਥੇ ਜੇ ਹੋਰ ਪਾਰਟੀਆਂ ਦੇ ਮਜਬੂਤ ਨੇਤਾਵਾਂ ਨੂੰ ਸਾਮਲ ਕੀਤਾ ਜਾਂਦਾ ਹੈ ਤਾਂ ਉਹ 10 ਲੋਕ ਸਭਾ ਸੀਟਾਂ ਜੋੜ ਸਕਦੀ ਹੈ। ਕਮੇਟੀ ਦਾ ਫੋਕਸ ਵਿਸੇਸ ਤੌਰ 'ਤੇ ਪੰਜਾਬ 'ਤੇ ਹੈ ਜਿੱਥੇ ਉਹ ਮਹਿਸੂਸ ਕਰਦੀ ਹੈ ਕਿ ਜੇ ਸਹੀ ਢੰਗ ਨਾਲ ਕੰਮ ਕੀਤਾ ਜਾਵੇ ਤਾਂ ਪਾਰਟੀ ਸਾਰੀਆਂ 13 ਸੀਟਾਂ ਜਿੱਤ ਸਕਦੀ ਹੈ। ਇਸ ਵਿੱਚ ਕਾਂਗਰਸ 'ਚੋਂ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਨੂੰ ਸਾਮਲ ਕੀਤਾ ਜਾ ਚੁਕਾ ਹੈ। ਤੇਲੰਗਾਨਾ ਤੇ ਆਂਧਰਾ ਪ੍ਰਦੇਸ ਵਿਸੇਸ ਫੋਕਸ ਵਿੱਚ ਹਨ। ਇੱਥੇ ਭਾਜਪਾ ਟੀ.ਡੀ.ਪੀ. ਅਤੇ ਹੋਰ ਖੇਤਰੀ ਪਾਰਟੀਆਂ ਨਾਲ ਗੱਠਜੋੜ ਕਰ ਕੇ ਘੱਟੋ ਘੱਟ 15 ਸੀਟਾਂ ਜਿੱਤ ਸਕਦੀ ਹੈ। ਹੋਰਨਾਂ ਦੱਖਣੀ ਸੂਬਿਆਂ 'ਚ ਭਾਜਪਾ ਦਾ ਟੀਚਾ 10 ਤੋਂ ਵੱਧ ਸੀਟਾਂ ਜਿੱਤਣ ਦਾ ਹੈ।

## ਨੌਜਵਾਨ ਕਿਸਾਨ ਸ਼ੁਭਕਰਨ ਦੀ ਮੌਤ 'ਤੇ ਭੜਕੇ ਕਿਸਾਨ, ਜਾਮ ਕਰ 'ਤਾ ਪੰਜਾਬ ਦਾ ਸਭ ਤੋਂ ਵੱਡਾ

ਜਲੰਧਰ/ਲੁਧਿਆਣਾ 25 ਫਰਵਰੀ। ਖਨੌਰੀ ਬਾਰਡਰ 'ਤੇ ਹੋਈ 21 ਸਾਲਾ ਨੌਜਵਾਨ ਕਿਸਾਨ ਸ਼ੁਭਕਰਨ ਦੀ ਮੌਤ ਤੋਂ ਬਾਅਦ ਕਿਸਾਨ ਭੜਕ ਗਏ ਹਨ। ਸ਼ੁਭਕਰਨ ਦੀ ਮੌਤ ਤੋਂ ਬਾਅਦ ਕਿਸਾਨਾਂ ਨੇ ਪੰਜਾਬ ਦਾ ਸਭ ਤੋਂ ਵੱਡਾ ਹਾਈਵੇਅ ਜਾਮ ਕਰ ਦਿੱਤਾ ਹੈ। ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਖਨੌਰੀ ਵਿਚ ਹੋਈ ਨੌਜਵਾਨ ਕਿਸਾਨ ਦੀ ਮੌਤ ਦੇ ਰੋਸ ਵਜੋਂ ਜਲੰਧਰ-ਦਿੱਲੀ ਨੈਸਨਲ ਹਾਈਵੇਅ 11 ਤੋਂ 2 ਵਜੇ ਤੱਕ ਜਾਮ ਕਰ ਦਿੱਤਾ ਗਿਆ ਹੈ। ਕਿਸਾਨਾਂ ਵਿਚ ਭਾਰੀ ਰੋਸ ਨਜਰ ਆ ਰਿਹਾ ਹੈ। ਸੜਕਾਂ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਪੁਲਸ ਵੱਲੋਂ ਬੈਰੀਕੇਡਿੰਗ ਕੀਤੀ ਗਈ ਹੈ। ਸ਼ੁਭਕਰਨ ਦੇ ਕਿਸਾਨਾਂ ਨੇ ਹੱਥਾਂ ਵਿਚ ਪੋਸਟਰ ਫੜੇ ਹੋਏ ਹਨ, ਜਿਨ੍ਹਾਂ 'ਤੇ ਸ਼ੁਬਕਰਨ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਲਿਖਿਆ ਹੋਇਆ ਹੈ ਅਤੇ ਰੋਸ ਜਾਹਰ ਕੀਤਾ ਜਾ ਰਿਹਾ ਹੈ। ਵੱਡੀ ਗਿਣਤੀ ਵਿਚ ਕਿਸਾਨ ਝੰਡੀਆਂ ਲੈ ਕੇ ਇਥੇ ਪਹੁੰਚੇ ਹਨ। ਕਿਸਾਨਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਹਰਿਆਣਾ ਪੁਲਸ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ। ਉਥੇ ਹੀ ਕਿਸਾਨਾਂ ਦੇ ਪ੍ਰਦਰਸ਼ਨ ਨੂੰ ਵੇਖਦੇ ਹੋਏ ਪੁਲਸ ਵੱਲੋਂ ਯਾਤਰੀਆਂ ਦੀ ਸਹੂਲਤ ਲਈ ਰੂਟਾਂ ਨੂੰ ਡਾਇਵਰਜਨ ਦਿੱਤੀ ਗਈ ਹੈ। ਪੁਲਸ ਨੇ ਫਿਲੌਰ ਤੋਂ ਨੂਰਮਹਿਲ ਅਤੇ ਫਿਲੌਰ ਤੋਂ ਨਵਾਂਸ਼ਹਿਰ ਵੱਲ ਰਸਤੇ ਨੂੰ ਡਾਇਵਰਜਨ ਦਿੱਤੀ ਗਈ ਹੈ। ਜਲੰਧਰ ਤੋਂ ਲੁਧਿਆਣਾ ਜਾਣ ਵਾਲੇ ਲੋਕ ਨਵਾਂਸ਼ਹਿਰ ਤੇ ਰਾਹੋਂ ਵੱਲ ਨੂੰ ਡਾਇਵਰਜਨ ਦਿੱਤੀ ਗਈ ਹੈ। ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਲਾਡੋਵਾਲ ਰਾਹੀਂ ਭੇਜਿਆ ਜਾ ਰਿਹਾ ਹੈ। ਇਨ੍ਹਾਂ ਰੂਟਾਂ ਦੀ ਆਮ ਜਨਤਾ ਵਰਤੋਂ ਕਰ ਸਕਦੀ ਹੈ ਅਤੇ ਆਪਣੀ ਮੰਜ਼ਿਲ ਤੱਕ ਲੋਕ ਪਹੁੰਚ ਸਕਦੇ ਹਨ। ਇਸ ਸਬੰਧੀ ਗੱਲਬਾਤ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਭਾਰਸਿੰਘਪੁਰਾ ਨੇ ਦੱਸਿਆ ਸੀ ਕਿ ਜਥੇਬੰਦੀ ਵੱਲੋਂ ਨੈਸਨਲ ਹਾਈਵੇਅ ਜਾਮ ਕਰਨ ਦਾ ਪ੍ਰੋਗਰਾਮ ਦਿੱਤਾ ਗਿਆ ਹੈ। ਪਹਿਲਾਂ 10 ਤੋਂ 4 ਵਜੇ ਤੱਕ ਹਾਈਵੇਅ ਜਾਮ ਕੀਤੇ ਜਾਣੇ ਸਨ ਪਰ ਲੋਕਾਂ ਦੀਆਂ ਮੁਸਕਿਲਾਂ ਨੂੰ ਵੇਖਦੇ ਹੋਏ ਇਹ ਸਮਾਂ ਹੁਣ 11 ਵਜੇ ਤੋਂ 2 ਵਜੇ ਤੱਕ ਕੀਤਾ ਗਿਆ। ਫਿਲੌਰ ਦੇ ਸਤਲੁਜ ਪੁਲ ਨੇੜੇ ਗਊਸਾਲਾ ਦੇ ਸਾਹਮਣੇ ਹਾਈਵੇਅ ਜਾਮ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕਿਸਾਨ ਜਥੇਬੰਦੀਆਂ ਵੱਲੋਂ ਬੀਤੇ ਦਿਨ ਦਿੱਲੀ ਕੂਚ ਕੀਤੇ ਜਾਣ ਦੇ ਐਲਾਨ ਦਰਮਿਆਨ ਅੱਗੇ ਵਧੇ ਕਿਸਾਨਾਂ 'ਤੇ ਚਲਾਈ ਗਈ ਗੋਲੀ ਦੌਰਾਨ ਇਕ ਨੌਜਵਾਨ ਸੁਭਕਰਨ ਸਿੰਘ ਦੀ ਮੌਤ ਹੋ ਗਈ ਸੀ।

## ਚੰਦੂਮਾਜਰਾ ਵੱਲੋਂ ਡੱਲੇਵਾਲ ਨਾਲ ਮੁਲਾਕਾਤ, ਸ਼ੁਭਕਰਨ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਜਤਾਈ ਹਮਦਰਦੀ

**ਸਰਦੂਲ ਸਿੰਘ**

ਪਟਿਆਲਾ 25 ਫਰਵਰੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਰਾਜਿੰਦਰਾ ਹਸਪਤਾਲ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਸਿਹਤਯਾਬੀ ਦੀ ਅਰਦਾਸ ਵੀ ਕੀਤੀ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ 21 ਫਰਵਰੀ ਨੂੰ ਦਿੱਲੀ ਰਵਾਨਾ ਹੋਣ ਮੌਕੇ ਕਿਸਾਨ ਜਥੇਬੰਦੀਆਂ ਦੀ ਅਗਵਾਈ ਕਰਨ ਵਾਲੇ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ ਵਿਖੇ ਹਰਿਆਣਾ ਸਰਕਾਰ ਵੱਲੋਂ ਤਾਇਨਾਤ ਪੁਲਸ ਪ੍ਰਸ਼ਾਸਨ ਵੱਲੋਂ ਅੱਥਰੂ ਗੈਸ ਦੇ ਛੱਡੇ ਗਏ ਗੋਲਿਆਂ ਕਾਰਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਸਾਹ ਲੈਣ 'ਚ ਦਿੱਕਤ ਆਈ ਤਾਂ ਉਨ੍ਹਾਂ ਰਾਜਿੰਦਰਾ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ, ਜਿਨ੍ਹਾਂ ਦੀ ਹਾਲਤ 'ਚ ਅਜੇ ਸੁਧਾਰ ਹੋ ਰਿਹਾ ਹੈ, ਜੋ ਜਲਦ ਹੀ ਮੁੜ ਕਿਸਾਨ ਜਥੇਬੰਦੀਆਂ ਦੀ ਅਗਵਾਈ ਕਰਨਗੇ। ਇਸ ਮੌਕੇ ਗੱਲਬਾਤ ਦੌਰਾਨ ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ 'ਤੇ ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਤਾਇਨਾਤ ਕੀਤੀ ਫੋਰਸ ਨਾਲ ਹਰਿਆਣਾ ਅਤੇ ਪੰਜਾਬ ਸਰਕਾਰ ਦੀ ਜਿਥੇ ਨਲਾਇਕੀ ਸਾਹਮਣੇ ਆਈ ਹੈ, ਉਥੇ ਹੀ ਦੋਵੇਂ ਸੂਬਾ ਸਰਕਾਰਾਂ ਹਾਲਾਤ ਵਿਗਾੜਨ ਲਈ ਵੀ ਜ਼ਿੰਮੇਵਾਰ ਹਨ। ਉਨ੍ਹਾਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਸਮੇਤ ਕਿਸਾਨਾਂ, ਨੌਜਵਾਨਾਂ 'ਤੇ ਕੀਤੇ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਕਿਸਾਨੀ ਮੰਗਾਂ ਦੀ ਲਗਾਤਾਰ ਕੇਂਦਰ 'ਚ ਬੈਠੀ ਸਰਕਾਰ ਵੱਲੋਂ ਅਣਦੇਖੀ ਕੀਤੀ ਜਾ ਰਹੀ ਹੈ ਅਤੇ ਕੀਤੇ ਵਾਅਦੇ ਨੂੰ ਵੀ ਪੂਰਾ ਨਹੀਂ ਕੀਤਾ ਜਾ ਰਿਹਾ ਹੈ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਸਰਕਾਰਾਂ ਬੈਰੀਅਰ ਨੂੰ ਬਾਰਡਰ ਬਣਾਉਣ 'ਤੇ ਲੱਗੀਆਂ ਹੋਈਆਂ ਹਨ, ਜਦਕਿ ਵਿਧਾਨਕ ਅਤੇ ਸੰਵਿਧਾਨਕ ਫਰਜ਼ਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਭੂਮਿਕਾ ਅਤੇ ਮੁੱਖ ਮੰਤਰੀ ਵੱਲੋਂ ਕੇਂਦਰ ਦੇ ਮੰਤਰੀਆਂ ਨਾਲ ਬੈਠ ਕੇ ਕੀਤੀ ਜਾ ਰਹੀ ਵਿਚੋਲਗੀ ਨਾਲ ਬਿੱਲੀ ਥੈਲਿਓ ਬਾਹਰ ਆ ਗਈ ਹੈ, ਜੋ ਪੰਜਾਬ ਅਤੇ ਪੰਜਾਬੀਆਂ ਨਾਲ ਵੱਡਾ ਵਿਸ਼ਵਾਸ਼ਘਾਤ ਕਰ ਰਹੀ ਹੈ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਗੱਲਾਂ ਨਾਲ ਢਿੱਡ ਭਰਨਾ ਚਾਹੁੰਦਾ ਹੈ, ਜਦਕਿ ਰਾਜਪੁਰਾ ਅਤੇ ਹੋਰ ਥਾਵਾਂ 'ਤੇ ਲਗਾਏ ਨਾਕੇ ਸਪੱਸ਼ਟ ਕਰਦੇ ਹਨ ਕਿ ਸਰਕਾਰ ਹੀ ਕੇਂਦਰ ਨਾਲ ਮਿਲੀਭੁਗਤ ਕਰਕੇ ਕਿਸਾਨਾਂ ਦਾ ਵੱਡਾ ਨੁਕਸਾਨ ਕਰ ਰਹੀ ਹੈ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ



ਸਪੱਸ਼ਟ ਕਰਨ ਕਿ ਉਹ ਸ਼ਿਕਾਰ ਨਾਲ ਜਾਂ ਸ਼ਿਕਾਰੀ ਨਾਲ ਹਨ, ਉਹ ਕੁੱਟਣ ਜਾਂ ਕੁੱਟਣ ਵਾਲਿਆਂ ਨਾਲ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਹਰਿਆਣਾ ਸਰਕਾਰ ਦੇ ਪੁਲਸ ਅਧਿਕਾਰੀਆਂ 'ਤੇ ਮਾਮਲੇ ਦਰਜ ਕੀਤੇ ਜਾਣ, ਜਿਨ੍ਹਾਂ ਨੇ ਹੱਦ ਪਾਰ ਕਰਕੇ ਪੰਜਾਬ 'ਚ ਦਾਖਲ ਹੋ ਕੇ ਹਾਲਾਤ ਵਿਗਾੜੇ। ਉਨ੍ਹਾਂ ਕਿਹਾ ਕਿ ਜੇ ਪੰਜਾਬ ਦੇ ਮੁੱਖ ਮੰਤਰੀ ਹਾਲਾਤ ਨੂੰ ਨਹੀਂ ਸੰਭਾਲ ਸਕਦੇ ਤਾਂ ਸਰਬ ਪਾਰਟੀ ਬੈਠਕ ਬੁਲਾ ਕੇ ਇਸ ਮਸਲੇ ਦੇ ਹੱਲ ਵੱਲ ਵੱਧਣ। ਉਨ੍ਹਾਂ ਕਿਹਾ ਕਿ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾ ਕੇ ਪੰਜਾਬ ਦੇ ਲੋਕਾਂ ਨੂੰ ਭੈਭੀਤ ਨਹੀਂ ਕਰ ਸਕਦੇ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿਸਾਨਾਂ ਦੀਆਂ ਮੰਗਾਂ ਵੱਲ ਕੇਂਦਰ ਸਰਕਾਰ ਨੂੰ ਫੌਰੀ ਧਿਆਨ ਦੇ ਕੇ ਵਿਚਾਰ ਚਰਚਾ ਨਾਲ ਇਸ ਮਸਲੇ ਦਾ ਸੰਜੀਦਾ ਹੱਲ ਕਰਨਾ ਚਾਹੀਦਾ ਹੈ। ਪ੍ਰੋ. ਚੰਦੂਮਾਜਰਾ ਸਮੇਤ ਸਮੂਹ ਆਗੂਆਂ ਨੇ ਰਾਜਿੰਦਰਾ ਹਸਪਤਾਲ ਦੀ ਮੋਰਚਰੀ ਵਿਖੇ ਸ਼ੁਭਰਕਨ ਦੀ ਮ੍ਰਿਤਕ ਦੇਹ ਲੈਣ ਪੁੱਜੇ ਪਰਿਵਾਰਕ ਅਤੇ ਰਿਸ਼ਤੇਦਾਰ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਹਮਦਰਦੀ ਦਾ ਇਜ਼ਹਾਰ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਇੰਚਾਰਜ ਭੁਪਿੰਦਰ ਸਿੰਘ ਸ਼ੇਖੂਪੁਰ, ਜ਼ਿਲ੍ਹਾ ਪ੍ਰਧਾਨ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਸਿਆਸੀ ਸਲਾਹਕਾਰ ਜਗਜੀਤ ਸਿੰਘ ਕੋਹਲੀ, ਕੈਪਟਨ ਖੁਸ਼ਵੰਤ ਸਿੰਘ ਆਦਿ ਹਾਜ਼ਰ ਸਨ।

## ਸਤਲੁਜ ਦਰਿਆ 'ਚ ਪਾਣੀ ਦੇ ਪ੍ਰਦੂਸ਼ਣ ਨੂੰ ਲੈ ਕੇ ਪੰਜਾਬ ਦੇ ਮੁੱਖ ਸਕੱਤਰ ਨੂੰ ਨੋਟਿਸ ਜਾਰੀ

ਚੰਡੀਗੜ੍ਹ 25 ਫਰਵਰੀ। ਕੀਰਤਪੁਰ ਸਾਹਿਬ ਵਿਖੇ ਸਤਲੁਜ ਦਰਿਆ 'ਚ ਪਾਣੀ ਦੇ ਪ੍ਰਦੂਸ਼ਣ ਦੇ ਮੁੱਦੇ 'ਤੇ ਅਸੰਤੁਸ਼ਟੀ ਪ੍ਰਗਟ ਕਰਦੇ ਹੋਏ ਨੈਸ਼ਨਲ ਗ੍ਰੀਨ ਟ੍ਰਿਬੀਊਨਲ (ਐੱਨ. ਜੀ. ਟੀ.) ਵਲੋਂ ਪੰਜਾਬ ਦੇ ਮੁੱਖ ਸਕੱਤਰ ਨੂੰ ਨੋਟਿਸ ਭੇਜਿਆ ਗਿਆ ਹੈ। ਪ੍ਰਕਾਸ਼ ਸ਼੍ਰੀਵਾਸਤਵ ਅਤੇ ਏ ਸੇਂਥਿਲ ਵੇਲ 'ਤੇ ਆਧਾਰਿਤ ਐੱਨ. ਜੀ. ਟੀ. ਦੀ ਬੈਂਚ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਸੀਵਰੇਜ ਟ੍ਰੀਟਮੈਂਟ ਪਲਾਂਟ ਦੀ ਟੈਂਡਰ ਪ੍ਰਕਿਰਿਆ ਨੂੰ ਆਖਰੀ ਰੂਪ ਦੇਣ ਦੇ ਵੇਰਵੇ ਸਾਂਝੇ ਦੇ ਨਿਰਦੇਸ਼ ਦਿੱਤੇ ਹਨ। ਇਸ ਬਾਰੇ ਸੂਬਾ ਸਰਕਾਰ ਵਲੋਂ ਦੱਸਿਆ ਗਿਆ ਕਿ ਇਹ ਪ੍ਰਾਜੈਕਟ 12 ਮਹੀਨਿਆਂ ਦੇ ਅੰਦਰ ਮੁਕੰਮਲ ਹੋਣ ਦੀ ਉਮੀਦ ਹੈ। ਐੱਸ. ਟੀ. ਪੀ. ਦੇ ਚਾਲੂ ਹੋਣ ਤੱਕ ਅਣਸੋਧੇ ਗੰਦੇ ਪਾਣੀ ਨੂੰ ਸਤਲੁਜ 'ਚ ਛੱਡਣ ਤੋਂ ਰੋਕਣ ਲਈ ਚੁੱਕੇ ਗਏ ਉਪਰਾਲਿਆਂ ਬਾਰੇ ਦੱਸਿਆ ਗਿਆ ਕਿ ਕੀਰਤਪੁਰ ਸਾਹਿਬ ਨਗਰ ਪੰਚਾਇਤ ਵਲੋਂ ਬਾਇਓ-ਨੈਨੋ ਤਕਨਾਲੋਜੀ ਦੀ ਵਰਤੋਂ ਕਰਕੇ ਗੰਦੇ ਪਾਣੀ ਦੀ ਇਨ-ਸੀਟਿਊ ਟ੍ਰੀਟਮੈਂਟ ਕੀਤੀ ਜਾ ਰਹੀ ਹੈ। ਇਹ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਐੱਸ. ਟੀ. ਪੀ. ਚਾਲੂ ਨਹੀਂ ਹੁੰਦਾ। ਦੱਸਣਯੋਗ ਹੈ ਕਿ ਵਾਤਵਾਰਣ ਵਿਭਾਗ ਨੇ ਪਿਛਲੇ ਸਾਲ ਮਈ ' ਸਥਾਨਕ ਸਰਕਾਰਾਂ ਵਿਭਾਗ ਨੂੰ ਇਕ ਪੱਤਰ ਲਿਖ ਕੇ ਕੀਰਤਪੁਰ ਸਾਹਿਬ ਵਿਖੇ ਜੂਨ, 2024 ਤੱਕ ਐੱਸ. ਟੀ. ਪੀ. ਦੀ ਸਥਾਪਨਾ ਅਤੇ ਚਾਲੂ ਕਰਨ ਨੂੰ ਅੰਤਿਮ ਰੂਪ ਦੇਣ ਦੀ ਅਪੀਲ ਕੀਤੀ ਸੀ ਤਾਂ ਜੋ ਪਾਣੀ ਦੇ ਪ੍ਰਦੂਸ਼ਣ ਦੇ ਮੁੱਦੇ ਨੂੰ ਹੱਲ ਕੀਤਾ ਜਾ ਸਕੇ।